

ਸਬਰ ਸਿਦਕ ਸੰਤੋਖ ਸਮਰਪਣ, ਸੁਹਜ ਸਲੀਕਾ ਸ਼ਾਮਿਲ ਕਰ ਦੇ । ਮਹਿੰਗੇ ਮੁੱਲ ਦੇ ਮਾਣਕ-ਮੋਤੀ, ਭਰ ਭਰ ਮੁੱਠੀਆਂ ਝੋਲੀ ਭਰ ਦੇ । ਬਹੁਤ ਦਿਨਾਂ ਤੋਂ ਗੱਲ ਨਹੀਂ ਹੋਈ, ਨਬਜ਼ ਖਲੋਤੀ ਹੋਵੇ ਜੀਕਣ, ਮਿੱਟੀ ਦਾ ਬੁੱਤ ਬੋਲਣ ਲਾ ਦੇ, ਮਾਰ ਆਵਾਜ਼ ਜਿਉਂਦਾ ਕਰ ਦੇ। ਗੁਰਭਜਨ ਗਿੱਲ



ਬਿਨ ਮਿਲਿਆਂ ਤੂੰ ਮੇਰੇ ਦਿਲ ਦੀ, ਬਾਤ ਕਿਸ ਤਰ੍ਹਾਂ ਕਹਿ ਜਾਂਦਾ ਏਂ? ਰੂਹ ਦੇ ਧੁਰ ਅੰਦਰ ਬਿਨ ਪੌੜੀ, ਦੱਸੀਂ ਕਿੱਸਰਾਂ ਲਹਿ ਜਾਂਦਾ ਏਂ? ਸੁਪਨੇ ਅੰਦਰ ਦਸਤਕ ਦੇ ਕੇ, ਉਹਨੀਂ ਪੈਰੀਂ ਮੁੜ ਹੈਂ ਜਾਂਦਾ, ਓਸੇ ਨਾਲ ਗੁ਼ਫ਼ਤਗੂ ਮੇਰੀ, ਜਿੰਨਾ ਪਿੱਛੇ ਰਹਿ ਜਾਂਦਾ ਏਂ। ਗੁਰਭਜਨ ਗਿੱਲ



ਇਸ ਧਰਤੀ ਤੇ ਕਿੰਨਾ ਕੁਝ ਹੈ, ਰਹਿ ਚੱਲਿਆ ਸਾਥੋਂ ਅਣਮਾਣਿਆ।ਸੁਰਗ ਨਜ਼ਾਰੇ ਵਰਗਾ ਕੀ ਕੁਝ,ਜੋ ਆਪਾਂ ਵੇਖਿਆ ਨਾ ਜਾਣਿਆ।ਹਰ ਪਲ ਮਿੱਟੀ ਠੀਕਰੀਆਂ ਤੇ ਕੂੜ ਕਬਾੜਾ ਚੁਗਦੇ ਫਿਰੀਏ,ਪੈਰਾਂ ਹੇਠ ਜ਼ਮੀਨ ਗੁਆਚੀ,ਕੈਸਾ ਭਰਮਾਂ ਤੰਬੂ ਤਾਣਿਆ।ਗੁਰਭਜਨ ਗਿੱਲ



ਜਾਗ ਪੈਣ ਧਰਤੀ ਦੇ ਵਾਰਿਸ, ਹੱਥ ਲੈ ਪਰਚਮ ਸੂਹੇ ਰੰਗ ਦੇ। ਹਾਕਮ ,ਹੁਕਮ,ਹਕੂਮਤ ਸਾਥੋਂ, ਫੇਰ ਦੋਬਾਰਾ ਰੱਤ ਨੇ ਮੰਗਦੇ। ਜਦ ਤੀਕਰ ਮਨ ਵੰਡਿਆ ਵੰਡਿਆ, ਏਕੇ ਦਾ ਪੱਲਾ ਨਹੀਂ ਫੜ੍ਹਦੇ, ਇਹ ਨਾ ਭੁੱਲਿਓ, ਸਦਾ ਸੂਰਮੇ , ਤਖ਼ਤ ਰਹਿਣਗੇ ਸੂਲੀ ਟੰਗਦੇ। ਗੁਰਭਜਨ ਗਿੱਲ




ਬਾਗਬਾਨ! ਤੂੰ ਇਹ ਕੀ ਕੀਤਾ, ਹੋ ਗਏ ਸਾਰੇ ਫੁੱਲ ਉਦਾਸੇ। ਇੱਕ ਦੂਜੇ ਨੂੰ ਆਖ ਰਹੇ ਨੇ, ਜਾਈਏ ਜੀ ਹੁਣ ਕਿਹੜੇ ਪਾਸੇ। ਅੱਜ ਤੇਰੇ ਹੱਥ ਹੁਕਮ, ਹਕੂਮਤ, ਵਤਨ ਤੇਰੀ ਜਾਗੀਰ ਨਹੀਂ ਹੈ, ਤੇਰੀ ਨੀਂਦ ਹਰਾਮ ਕਰਨਗੇ, ਖੜਕ ਪਏ ਨੇ ਖ਼ਾਲੀ ਕਾਸੇ। ਗੁਰਭਜਨ ਗਿੱਲ


ਹਰ ਪਲ ਸਿੱਖਣਾ ਬਹੁਤ ਜ਼ਰੂਰੀ, ਜ਼ਿੰਦਗੀ ਜੋ ਵੀ ਸਬਕ ਪੜ੍ਹਾਵੇ। ਹਰ ਇੱਕ ਕਦਮ ਕਿਤਾਬ ਦੇ ਵਰਗਾ,ਜੇਕਰ ਬੰਦਾ ਪੜ੍ਹਨਾ ਚਾਹਵੇ। ਅੱਖਾਂ ਮੀਟ ਗੁਜ਼ਾਰਾ ਕਰਕੇ, ਦਿਨ ਕਟੀਏ ਤਾਂ ਬਣ ਸਕਦੇ ਨੇ, ਤਖ਼ਤ ਨਹੀਂ ਬਣ ਸਕਦੇ ਉਹ ਜੋ,ਰਹਿੰਦੇ ਨੇ ਪਾਵੇ ਦੇ ਪਾਵੇ। ਗੁਰਭਜਨ ਗਿੱਲ


ਜੇਕਰ ਵਿਦਿਆ ਵਰਤੀ ਹੀ ਨਾ, ਕਿਹੜੇ ਕੰਮ ਕਿਤਾਬਾਂ
ਪੜ੍ਹੀਆਂ। ਬੋਝ ਢੋਂਦਿਆਂ ਉਮਰ ਗੁਜ਼ਾਰੀ, ਟੁੱਟੀਆਂ ਨਾ
ਜੰਜ਼ੀਰਾਂ,ਕੜੀਆਂ। ਹੇ ਗਿਆਨੀ ਵਿਗਿਆਨੀ ਵੀਰਾ,
ਝਾਤੀ ਮਾਰ ਕਦੇ ਮਨ ਅੰਦਰ, ਵਕਤ ਖਲੋਤਾ ਫੜ੍ਹਦਾ ਕਿਉਂ
ਨਹੀਂ, ਵਾਹੋਦਾਹੀ ਭੱਜਣ ਘੜੀਆਂ। ਗੁਰਭਜਨ ਗਿੱਲ


ਤੇਰੇ ਵਤਨ ਪਿਆਰੇ ਮਿੱਤਰਾ, ਅੰਬਰੀਂ ਪੀਂਘ ਪਈ ਸਤਰੰਗੀ। ਜੀਵੋ ,ਜਾਗੋ ਖ਼ੁਸ਼ੀਆਂ ਮਾਣੋ,ਤੂੰ ਤੇ ਤੇਰੇ ਸਾਰੇ ਸੰਗੀ। ਸਾਡੇ ਪਿੰਡ ਤਾਂ ਪੈਲੀ ਬੰਨੇ, ਖ਼ਤਰੇ ਹੇਠ ਪਨੀਰੀ ਸਾਰੀ, ਬੇਨਸਲਾਂ ਨੇ ਜਿੰਦ ਅਸਾਡੀ, ਜੀਂਦੇ ਜੀ ਹੀ ਸੂਲੀ ਟੰਗੀ। ਗੁਰਭਜਨ ਗਿੱਲ



ਇੱਕ ਦੂਜੇ ਦੇ ਸਾਹੀਂ ਹਾਜ਼ਰ, ਜਿਵੇਂ ਮੁਹੱਬਤ ਸਿਰ ਚੜ੍ਹ ਬੋਲੇ।
ਰੰਗਾਂ ਨੂੰ ਖ਼ੁਸ਼ਬੋਈ ਜੀਕੂੰ, ਮਾਣੇ ਪਰ,ਮੂੰਹੋਂ ਨਾ ਬੋਲੇ। ਮਾਲਾ
ਅੰਦਰ ਤੰਦ ਸਬੂਤੀ ਰੱਖਣਾ ਬਹੁਤ ਜ਼ਰੂਰੀ ਮਿੱਤਰੋ, ਖਿੱਲਰ
ਹੀ ਨਾ ਜਾਵਣ ਮਣਕੇ ਵੇਖਿਉ ਇਹ ਵਿਸ਼ਵਾਸ ਨਾ ਡੋਲੇ।
ਗੁਰਭਜਨ ਗਿੱਲ



ਘੁੰਮਣਘੇਰ 'ਚ ਘਿਰ ਕੇ ਕਹੀਏ, ਜ਼ਿੰਦਗੀ ਤਾਂ ਜੰਜਾਲ ਜਹੀ ਹੈ। ਸਹਿਜਮਤੇ ਜੇ ਤੁਰੀਏ ਆਪਾਂ ਇਹ ਹੀ ਸਰਲ ਸਵਾਲ ਜਹੀ ਹੈ। ਨਜ਼ਰ, ਨਜ਼ਰੀਆ ਅੱਡਰੀ ਸ਼ੈ ਨੇ, ਸਮਝ ਪਵੇ ਤਾਂ ਮਸਲਾ ਹੱਲ ਹੈ, ਹਰ ਬੰਦੇ ਦੇ ਅੰਦਰ ਕਵਿਤਾ, ਧੜਕਣ ਸੁਰ ਤੇ ਤਾਲ ਜਹੀ ਹੈ। ਗੁਰਭਜਨ ਗਿੱਲ


ਧਰਤੀ ਮੈਨੂੰ ਖ਼ਤ ਲਿਖਿਆ ਹੈ, ਤੂੰ ਕਹਿੰਦਾ ਏਂ ਫੁੱਲ ਖਿੜਿਆ ਹੈ। ਆਪੋ ਆਪਣੀ ਸੂਝ ਮੁਤਾਬਕ ਸੋਚਾਂ ਅੰਦਰ ਜੰਗ ਛਿੜਿਆ ਹੈ। ਏਸ ਇਬਾਰਤ ਨੂੰ ਪੜ੍ਹ ਸਕਣਾ, ਹਰ ਇੱਕ ਦੇ ਨਾ ਹਿੱਸੇ ਆਵੇ, ਸਿੱਖ ਲੈ ਇਸ ਮਾਂ ਨੂੰ ਪੜ੍ਹ ਸਕਣਾ, ਤੇਰਾ ਮੱਥਾ ਕਿਉਂ ਚਿੜਿਆ ਹੈ। ਗੁਰਭਜਨ ਗਿੱਲ


ਨਾ ਘਬਰਾ ਤੂੰ,ਫਿਰ ਕੀ ਹੋਇਆ, ਸ਼ਾਮ ਢਲੀ ਤੇ ਸੂਰਜ ਚੱਲਿਆ।
ਇਸਨੇ ਆਪਣਾ ਸਫ਼ਰ ਮੁਕਾ ਕੇ, ਹੋਰ ਦਿਸ਼ਾ ਦਾ ਰਸਤਾ ਮੱਲਿਆ।
ਵੰਡ ਗਿਐ ਫੁੱਲਾਂ ਨੂੰ ਮਹਿਕਾਂ, ਰਸਵੰਤੇ ਫ਼ਲ ਫ਼ਸਲੀਂ ਦਾਵੇ,
ਆਖ ਗਿਐ ਉਹ ਸਾਵ ਦੇ ਵੇਲ਼ੇ, ਕੱਲ੍ਹ ਸਵੇਰੇ ਆਉਂ ਧੱਲਿਆ।
ਗੁਰਭਸਾਨ ਗਿੱਲ


ਚੱਲ ਚੱਲ ਲਾਖਿਆ ਓ ਤੱਤਾ ਤੱਤਾ ਬੱਗਿਆ। ਤੈਨੂੰ ਮੈਨੂੰ
ਮੇਟਣੇ ਲਈ ਕਿੰਨਾ ਜ਼ੋਰ ਲੱਗਿਆ। ਵੇਖ ਤੂੰ ਦਲਾਲਾਂ
ਜਿਹੜਾ ਬੈਠ ਕੀਤਾ ਫ਼ੈਸਲਾ, ਕਿਵੇਂ ਪਰਵਾਨ ਕਰਾਂ,
ਦੁੱਲਿਆ ਓ ਜੱਗਿਆ। ਗੁਰਭਜਨ ਗਿੱਲ



ਸਾਡੇ ਕੋਲ ਗੁਆਉਣ ਲਈ ਕੱਖ ਨਾ, ਰੱਜੇ ਲੋਕੀਂ ਮਰ ਚੱਲੇ ਨੇ। ਨਾ ਹੱਸਦੇ ਨਾ ਰੋਂਦੇ ਖੁੱਲ੍ਹ ਕੇ, ਏਨੇ ਵੀ ਕਿਉਂ ਡਰ ਚੱਲੇ ਨੇ। ਸੁਣਿਐ! ਵੱਖਰੇ ਕਮਰੇ ਸਭ ਦੇ, ਇੱਕ ਦੂਜੇ ਤੋਂ ਰੱਖਦੇ ਦੂਰੀ, ਬੰਦ ਮਕਾਨਾਂ ਵਾਲੇ ਕੈਦੀ, ਕਿਉਂ ਕਹਿੰਦੇ ਉਹ ਘਰ ਚੱਲੇ ਨੇ। ਗੁਰਭਜਨ ਗਿੱਲ


ਜੇ ਕਰਨਾ ਵਿਸ਼ਵਾਸ ਤਾਂ ਪਹਿਲਾਂ,ਬਹੁਤ ਜ਼ਰੂਰੀ ਦੁਨੀਆਂ ਪੜ੍ਹਿਉ। ਚਮਕਣਹਾਰ ਮੁਲੰਮਾ ਮੰਡੀ, ਸੋਚ ਸਮਝ ਕੇ ਉਂਗਲੀ ਫੜਿਉ। ਰਾਤੋ ਰਾਤ ਅਮੀਰੀ ਮਾਰਗ, 'ਨੇਰ੍ਹ ਗੁ਼ਫ਼ਾ ਅੰਦਰ ਨੂੰ ਜਾਵੇ, ਛਾਲਾਂ ਮਾਰਨ ਵਾਲੇ ਡਿੱਗਦੇ,ਪੌੜੀ ਪੌੜੀ ਕਰਕੇ ਚੜ੍ਹਿਉ। ਗੁਰਭਜਨ ਗਿੱਲ



ਕਿਹੜੇ ਰਾਹੀਂ ਪੈ ਗਈ ਜਿੰਦੇ, ਲੱਗਦਾ ਤੇਰੀ ਸੋਚ ਭ੍ਰਿਸ਼ਟੀ।
ਕਰਮਭੂਮ ਤੇਰੀ ਜੇ ਚਾਹੇਂ,ਬਣ ਸਕਦੀ ਹੈ ਕੁੱਲ ਸ੍ਰਿਸ਼ਟੀ।


ਆਪਣੇ ਤੀਕਰ ਸੀਮਤ ਹੋ ਕੇ ਬਹਿ ਨਾ ਲਾ ਕੇ ਬਗਲ
ਸਮਾਧੀ, ਸਗਲ ਦ੍ਰਿਸ਼ ਹੀ ਬਦਲ ਜਾਣ ਜੇ ਬੰਦਾ ਬਦਲੇ
ਆਪ ਦ੍ਰਿਸ਼ਟੀ। ਗੁਰਭਜਨ ਗਿੱਲ



ਧਰਤੀ ਧਰਮ ਧਰਾਤਲ ਗਿਰਵੀ, ਜਿਸਮ ਨੀਲਾਮ,ਵਿਕਾਊ ਰੱਬ ਹੈ। ਅਸਲੀ ਗੱਲ ਤਾਂ ਏਸੇ ਕਰਕੇ ਸਾਡੀਆਂ ਸੋਚਾਂ ਦੇ ਵਿੱਚ ਡੱਬ ਹੈ। ਬਗਲ ਸਮਾਧੀ ਲਾ ਕੇ ਬਹਿੰਦੇ, ਮੱਛੀਆਂ ਲਈ ਨੇਤਾ,ਅਭਿਨੇਤਾ, ਮਾਛੀ ਵੀ ਤਾਂ ਨਾਲ ਰਲ਼ੇ ਨੇ, ਸੱਚ ਪੁੱਛੋ ਤਾਂ ਏਹੀ ਯੱਭ ਹੈ। ਗੁਰਭਜਨ ਗਿੱਲ


ਥਾਲੀ ਵਿੱਚ ਪਰੋਸ ਕੇ ਜਿਸਨੂੰ ਰਹਿਮਤ ਦੇਵੇ ਜ਼ਿੰਦਗੀ
ਮੱਖਣਾ। ਸਾਰੀ ਉਮਰ ਗੰਡੋਆ ਰਹਿੰਦੈ, ਰੀੜ੍ਹ ਦੀ ਹੱਡੀ ਤੋਂ
ਬਿਨ ਸੱਖਣਾ। ਜ਼ਿੰਦਗੀ ਤਾਂ ਸੰਘਰਸ਼ ਦਾ ਨਾਂ ਹੈ, ਦੁੱਖ ਸੁਖ
ਘਾੜ੍ਹਤ ਘੜ੍ਹਦੈ ਬੰਦਿਆ, ਮੌਕਾ ਮਿਲੇ ਪਲਾਕੀ ਮਾਰੀਂ,
ਵਕਤ ਸਵਾਰੀ ਨਿਸ਼ਚਾ ਰੱਖਣਾ। ਗੁਰਭਜਨ ਗਿੱਲ




ਭਰਮ ਪਾਲਿਆ ਲਾਈਆਂ ਆਪਾਂ, ਕਾਗ਼ਜ਼ ਦੇ ਰਾਵਣ ਨੂੰ ਅੱਗਾਂ। ਰਾਮ ਰਾਜ ਦੀ ਜੈ ਜੈ ਕਰਦੇ,ਸੁੱਟਦੇ ਰਹੇ ਮੂੰਹ ਅੰਦਰੋਂ ਝੱਗਾਂ। ਇਹ ਤਾਂ ਕੇਵਲ ਧਰਮ ਜਾਲ ਸੀ ,ਨਾਟਕ ਚੇਟਕ ਸਿਰਫ਼ ਬਹਾਨਾ, ਖ਼ਤਰੇ ਵਿੱਚ ਨੇ ਪੁਸ਼ਤਾਂ ਤੋਂ ਹੀ, ਉੱਚੇ ਸਿਰ ਤੇ ਬੱਧੀਆਂ ਪੱਗਾਂ। ਗੁਰਭਜਨ ਗਿੱਲ




ਹਰ ਪਲ ਮਾਨਣਯੋਗ ਦੋਸਤੋ ਦੁੱਖ ਤੇ ਸੁਖ ਜ਼ਿੰਦਗੀ ਦੇ ਪਹੀਏ।ਹਰ ਧਰਤੀ ਦੀ ਬੁੱਕਲ ਮਾਣੋ, ਹੱਸ ਗੁਜ਼ਾਰੀਏ ਜਿੱਥੇ ਰਹੀਏ।ਰੋਂਦਿਆਂ ਅੱਜ ਤੱਕ ਰਾਤ ਨਾ ਮੁੱਕੀ ਇਹ ਸੂਤਰ ਜੇ ਪੱਲੇ ਬੰਨ੍ਹੀਏ, ਘੁੱਟਿਆ ਵੱਟਿਆ ਮਨ ਸਮਝਾਈਏ, ਸਭ ਦੀ ਸੁਣੀਏ ਸਭ ਨੂੰ ਕਹੀਏ। ਗੁਰਭਜਨ ਗਿੱਲ



ਤੇਲ ਬਰੂਹੀਂ ਚੋ ਲੈ ਉੱਠ ਕੇ, ਚੜ੍ਹਦੀ ਗੁੱਠੇਂ ਸੂਰਜ ਚੜ੍ਹਿਆ।
ਸੁਪਨ ਨਰੋਏ ਲੈ ਕੇ ਆਇਆ ਮੈਂ ਇਸਦੇ ਮੱਥੇ ਤੋਂ ਪੜ੍ਹਿਆ।
ਸੁੱਤਿਆਂ ਜਿੱਸਰਾਂ ਰਾਤ ਗੁਜ਼ਾਰੀ, ਦਿਨ ਨਾ ਕਿਤੇ ਅਕਾਰਥ ਜਾਏ, ਮੇਰਾ ਫ਼ਰਜ਼ ਜਗਾਉਣਾ ਤੈਨੂੰ, ਅੱਗੇ ਤੇਰੀ ਮਰਜ਼ੀ ਅੜਿਆ। ਗੁਰਭਜਨ ਗਿੱਲ



ਸੂਰਜ ਵੀ ਤੂੰ ਚੀਰ ਲਿਆ ਹੈ, ਮੈਂ ਅੱਧੇ ਨੂੰ ਕੀ ਕਰਨਾ ਹੈ। ਇੱਕੋ ਬਾਂਹ ਦੇ ਨਾਲ ਭਲਾ ਮੈਂ, ਅਗਨ ਸਮੁੰਦਰ ਕਿੰਜ ਤਰਨਾ ਹੈ। ਤੇਰੀ ਨੀਤੀ ਵਿੱਚ ਬਦਨੀਤੀ, ਤੂੰ ਵੇਚੇਂਗਾ ਸਾਨੂੰ ਕਿਰਨਾਂ, ਫੇਰ ਕਹੇਂਗਾ, ਮੈਂ ਦੱਸਾਂਗਾ, ਕਿਸ ਬੰਦੇ ਨੇ ਕਿੰਜ ਮਰਨਾ ਹੈ। ਗੁਰਭਜਨ ਗਿੱਲ



ਨਵੇਂ ਰੰਗ ਵਿੱਚ ਰੰਗ ਦੇ ਸੈਨੂੰ ਮਹਿਕਾਂ ਭਰ ਕੇ। ਮਿੱਟੀ ਦੇ ਬੁੱਤ ਤਾਈਂ ਛੂਹ ਕੇ ਜੀਂਦਾ ਕਰ ਕੇ। ਪੜ੍ਹ ਲੈ ਪੜ੍ਹ ਲੈ, ਇਹ ਪੁਸਤਕ ਹੈ ਤੇਰੇ ਕੰਮ ਦੀ, ਹੋਰ ਕਿਸੇ ਨੇ ਕੀਹ ਕਰਨੇ ਨੇ ਦਿਲ ਦੇ ਵਰਕੇ। ਗੁਰਭਜਨ ਗਿੱਲ



ਕਿੱਥੋਂ ਤੁਰ ਕੇ ਕਿੱਥੇ ਪਹੁੰਚੇ ਗਮਸ਼ੇ ਦੇ ਵਿੱਚ ਦੂਣੇ ਸਾਈਏ।
ਸੜ੍ਹ ਨੂੰ ਕੱਟੀਏ,ਬੌਣਾ ਕਰੀਏ ਆਪਣੇ ਵਰਗਾ ਵਿਰਖ਼ ਬਣਾਈਏ।
ਕਰ ਧਰਤੀ ਤੋਂ ਤੋੜ ਵਿਛੋੜਾ,ਤਪਦੇ ਥਪਦੇ ਸੱਭੀਏ ਛਾਵਾਂ,
ਧਰਿਆਰੀ ਦਾ ਕੁਦਰਤ ਵਾਸਾ,ਗਾਈਏ ਪਰ ਨਾ ਅਮਸ਼ ਕਮਾਈਏ।
ਗੁਰਭਸਨ ਗਿੱਲ



ਬੜੇ ਬਣਾ ਲਏ ਧਰਤੀ ਉੱਤੇ ਗੁਰ ਘਰ ਗਿਰਜੇ ਮਸਜਿਦ ਮੰਦਰ।ਮਰੇ ਨਾ ਸਾਥੋਂ ਸਾਰਿਆਂ ਕੋਲੋਂ ਦਿਲ ਵਿਚਲਾ ਸ਼ੈਤਾਨੀ ਬੰਦਰ।ਗਾਜਰ ਮੂਲੀ ਵਾਂਗ ਕੁਤਰੀਏ ਸੂਹੇ ਸੁਪਨਿਆਂ ਵਾਲੇ ਬੰਦੇ,ਵੇਖੋ! ਆਹ ਕੀ ਰੁੜ੍ਹਿਆ ਜਾਂਦਾ ਦਰਦਾਂ ਦੇ ਦਰਿਆ ਦੇ ਅੰਦਰ।ਗੁਰਭਜਨ ਗਿੱਲ



ਬੁੱਧ ਮਰ ਗਿਆ ਕਹਿੰਦਾ ਕਹਿੰਦਾ, ਬੰਦਿਆ ਓਇ ਤੂੰ ਬਦਲ ਦ੍ਰਿਸ਼ਟੀ। ਨਜ਼ਰ ਨਜ਼ਰੀਆ ਨਿਸ਼ਚਤ ਕਰਦੈ, ਚਾਰ ਚੁਫ਼ੇਰੇ ਸਗਲ ਸ੍ਰਿਸ਼ਟੀ। ਬਦੀਆਂ ਸਿਰ ਬਦਕਾਰ ਹਮੇਸ਼ਾਂ, ਕੁਰਸੀ ਦਾ ਸੱਚ ਵੱਡਾ ਮੰਨੇ, ਆਸ ਕਿਵੇਂ ਚੰਗੇ ਦੀ ਉਸ ਤੋਂ, ਜਿਸ ਦੀ ਹੋਵੇ ਸੋਚ ਭ੍ਰਿਸ਼ਟੀ। ਗੁਰਭਜਨ ਗਿੱਲ



ਬਾਬਾ ਨਜਮੀ ਸ਼ਬਦ ਬਾਣ ਦਾ ਬਿਲਕੁਲ ਜਿੱਸਰਾਂ ਦੂਜਾ ਨਾਂ ਹੈ।ਜਿਸ ਉੱਪਰ ਇਹ ਹੱਲਾ ਬੋਲੇ ਮਰਨ ਲਈ ਉਹ ਲੱਭਦਾ ਥਾਂ ਹੈ।ਜਦੋਂ ਬੋਲਦੈ ਭਰੀ ਸਭਾ ਵਿੱਚ ਜਾਂ ਕਿਧਰੇ ਜਲਸੇ ਵਿੱਚ ਗੱਜੇ,ਲੱਗਦੈ ਇਹਦਾ ਸੂਰਜ ਬਾਬਲ ਧਰਤੀ ਇਹਦੀ ਸੱਕੀ ਮਾਂ ਹੈ।ਗੁਰਭਜਨ ਗਿੱਲ

ਬਾਬਾ ਨਜਮੀ ਜਨਮ ਦਿਨ ਮੁਬਾਰਕ



ਧਰਤੀ ਮੈਨੂੰ ਖ਼ਤ ਲਿਖਿਆ ਹੈ ਤੂੰ ਕਹਿੰਦਾ ਏਂ ਫੁੱਲ ਖਿੜਿਆ ਹੈ।ਆਪੋ ਆਪਣੀ ਸੂਝ ਮੁਤਾਬਕ ਸੋਚਾਂ ਅੰਦਰ ਜੰਗ ਛਿੜਿਆ ਹੈ।ਏਸ ਇਬਾਰਤ ਨੂੰ ਪੜ੍ਹ ਸਕਣਾ ਹਰ ਇੱਕ ਦੇ ਨਾ ਹਿੱਸੇ ਆਵੇ,ਸਿੱਖ ਲੈ ਇਸ ਨੂੰ ਤੂੰ ਪੜ੍ਹ ਸਕਣਾ ਤੇਰਾ ਮੱਥਾ ਕਿਉਂ ਚਿੜਿਆ ਹੈ।



ਬਾਪੂ ਜੀ ਤੇ ਮਾਂ ਮੇਰੀ ਸੀ ਜਿੰਦਾਂ ਦੋ ਇੱਕ ਜਾਨ ਵਰਗੀਆਂ।ਮਾਣ ਮੁਹੱਬਤ ਆਤਮ ਬਲ ਤੇ ਸੋਝੀ ਗੁਰੂ ਗਿਆਨ ਵਰਗੀਆਂ।ਰਹੇ ਸਲਾਮਤ ਧਰਮੀ ਮਾਪੇ ਯਾਦਾਂ ਸਿਰ ਤੇ ਛਾਂ ਘੁੰਗਰਾਲ਼ੀ,ਕਿਵੇਂ ਭੁਲਾਵਾਂ ਲੱਖ ਅਸੀਸਾਂ ਇਨ੍ਹਾਂ ਦੇ ਵਰਦਾਨ ਵਰਗੀਆਂ।



ਪੁੱਤਰ ਧੀਆਂ ਘੱਟ ਨਾ ਕੀਤੀ,ਧੰਨ ਨੇ ਸਾਡੀਆਂ ਮਾਈਆਂ ਰੱਬ ਰਸਾਈਆਂ। ਸਬਰ ਸਿਦਕ ਸੰਤੋਖ ਨਾਲ ਸੋ ਪਰਤ ਪੰਜਾਬੇ ਆਈਆਂ ਫ਼ਤਹਿ ਕਿਆਈਆਂ।
ਸਬਰ ਜ਼ੁਲਮ ਦੇ ਅੱਗੇ ਹੋ ਕੇ ਸਿੰਙ ਹਵਾ ਵੰਗਾਰ ਨੂੰ ਝੁੱਕਿਆ ਜ਼ਾਲਮ ਠੱਕਿਆ,
ਉਹ ਧਰਤੀ ਨਾ ਹਾਰੇ ਸਿੱਥੇ ਮਾਂ ਭਾਗੋ ਦੀਆਂ ਜਾਈਆਂ , ਰਣ ਵਿੱਚ ਆਈਆਂ।
ਗੁਰਭਜਨ ਗਿੱਲ



ਜਿਸ ਦਿਨ ਤੁਹਾਡੇ ਮਾਂ ਪਿਓ ਤੁਹਾਡੇ ਗੁੱਸੇ ਤੋਂ ਡਰ ਕੇ ਤੁਹਾਨੂੰ ਸਮਝਾਉਣਾ ਬੰਦ ਕਰਨ ਤਾਂ ਸਮਝ ਲਵੋ ਕਿ ਤੁਹਾਡੀ ਬਰਬਾਦੀ ਦੀ ਫ਼ਸਲ ਪੱਕ ਕੇ ਤਿਆਰ ਹੈ। ਵੱਢਣ ਲਈ ਤਿਆਰ ਹੋ ਜਾਉ।



ਸੁਣਿਆ ਹੈ ਮੈਂ ਜ਼ਖ਼ਮ ਦਿਲਾਂ ਦੇ, ਨਾਲ ਮੁਹੱਬਤ ਭਰ ਜਾਂਦੇ ਨੇ। ਇੱਕ ਮੁਸਕਾਨ ਮਿਲੇ ਤਾਂ, ਡੁੱਬਦੇ, ਪੱਥਰ- ਦਿਲ ਵੀ ਤਰ ਜਾਂਦੇ ਨੇ। ਇੱਕ ਅੱਧ ਰਿਸ਼ਮ ਉਧਾਰੀ ਦੇ ਦੇ, ਇਸ ਨੂੰ ਮੈਂ ਹਥਿਆਰ ਬਣਾਵਾਂ, ਕਾਲਖ਼ ਦੇ ਵਣਜਾਰੇ ਨ੍ਹੇਰੇ, ਜੁਗਨੂੰ ਤੋਂ ਵੀ ਡਰ ਜਾਂਦੇ ਨੇ। ਗੁਰਭਜਨ ਗਿੱਲ




ਆਪਣੀ ਸੂਰਤ ਲੱਭਦਾ ਰਹਿੰਦਾਂ ਫੁੱਲ-ਪੱਤੀਆਂ ਖ਼ੁਸ਼ਬੋਈਆਂ ਵਿੱਚੋਂ। ਪਰ ਇਹ ਲੱਭੀ ਜਦ ਵੀ ਲੱਭੀ ਮੈਨੂੰ ਰੀੜ੍ਹਾਂ ਮੋਈਆਂ ਵਿੱਚੋਂ। ਵਕਤ ਲਿਹਾਜ਼ ਕਦੇ ਨਾ ਕਰਦਾ ਕਿਸ ਦੀ ਭਾਲ ਕਰੇਂ ਤੂੰ ਜਿੰਦੇ, ਵੇਖ ਲਿਆ ਕਰ ਖ਼ੁਦ ਨੂੰ ਆਪੇ ਰੋ ਰੋ ਅੱਖੀਆਂ ਧੋਈਆਂ ਪਿੱਛੋਂ। ਗੁਰਭਜਨ ਗਿੱਲ



ਸਾਡੇ ਘਰ ਨੇੜਲੇ ਪਾਰਕ ਵਿੱਚ ਚਿਰਾਂ ਬਾਦ ਮੋਰ ਨੇ ਫੇਰਾ ਪਾਇਆ। ਸਾਡੀ ਅਸੀਸ ਵੇਖਣ ਗਈ ਤਾਂ ਉਹ ਝੁਭਕ ਕੇ ਉੱਡ ਗਿਆ। ਮੈਨੂੰ ਅਹਿਸਾਸ ਹੋਇਆ ਕਿ ਸਾਡੇ ਵੱਲੋਂ ਪੈਂਤੀ ਸਾਲ ਪਹਿਲਾਂ ਕਾਲੋਨੀ ਚ ਲਾਏ ਰੁੱਖ ਹੁਣ ਵੱਡੇ ਹੋ ਗਏ ਨੇ , ਤਾਂ ਹੀ ਮੋਰ ਨੇ ਚਰਨ ਪਾਏ ਨੇ। ਗੁਰਭਜਨ ਗਿੱਲ



ਸਿਰ ਤੇ ਲੈ ਬੱਦਲਾਂ ਦੀ ਚੁੰਨੀ, ਆ ਅੰਬਰ ਵਿੱਚ ਪੀਂਘ ਚੜ੍ਹਾਈਏ। ਅਨਹਦ ਨਾਦ ਵਜਾਈਏ ਰੂਹ ਦਾ, ਪੌਣਾਂ ਨੂੰ ਗਲਵੱਕੜੀ ਪਾਈਏ। ਜੇ ਬਦਰੰਗਾ ਮੌਸਮ ਚੰਦਰਾ, ਸਾਹੀਂ ਬੇਵਿਸ਼ਵਾਸੀ ਘੋਲ਼ੇ, ਆਪਣੇ ਰੰਗ ਦੀ ਡੱਬੀ ਵਿੱਚੋਂ ਇੱਕ ਦੋ ਬੁਰਸ਼ ਅਸੀਂ ਵੀ ਲਾਈਏ। ਗੁਰਭਜਨ ਗਿੱਲ



ਸਿਖ਼ਰ ਪਹਾੜੋਂ ਚਸ਼ਮੇ ਫੁੱਟ ਕੇ, ਤੁਰਦੇ ਜਿਉਂ ਦਰਿਆ ਦੇ ਪਾਣੀ। ਨਿੱਖੜ਼ਨ ਲੱਗਿਆਂ ਇਹ ਵੀ ਉੱਛਲਣ ਸੌਖੇ ਤਾਂ ਨਹੀਂ ਛੱਡਣੇ ਹਾਣੀ। ਧਰਤ ਮੈਦਾਨੀ ਸਹਿਜ ਸਿਖਾਵੇ,, ਵਗਣਾ ਸਿੰਜਣਾ ਤੇ ਕੰਮ ਆਉਣਾ, ਪਰ ਮਨ ਮੇਰੇ ਸਮਝ਼ੇਂ ਕਿਉਂ ਨਾ, ਏਹੀ ਗੱਲ ਦੱਸਦੀ ਏ ਬਾਣੀ। ਗੁਰਭਜਨ ਗਿੱਲ



ਰੰਗ ਤੇ ਖ਼ੁਸ਼ਬੂ ਦਾ ਰਿਸ਼ਤਾ, ਜਿਸ ਤਰ੍ਹਾਂ ਫੁੱਲਾਂ ਦੇ ਨਾਲ!
ਮੈਂ ਬਰਾਬਰ ਤੁਰ ਰਿਹਾ ਹਾਂ, ਵੇਖ ਤੇਰੇ ਨਾਲ ਨਾਲ!
ਹੱਦ ਨਾ ਸਰਹੱਦ ਰੋ ਕੇ, ਮਹਿਕ-ਬੁੱਲਾਂ ਜਿਸਮ ਹੀਣ,
ਨਾ ਕਰੇ ਮਹਿਸੂਸ ਮੈਨੂੰ, ਹੈ ਭਲਾ ਕਿਸ ਦੀ ਮਜ਼ਾਲ।
ਗੁਰਭਜਨ ਗਿੱਲ


ਦਿਲ ਦਾ ਨਕਸ਼ਾ ਵੇਖ ਲਵੋ ਜੀ, ਥੋਹਰ ਦੇ ਕੰਡੇ ਗਾਮਲੇ
ਅੰਦਰ। ਏਸੇ ਦਿਲ ਨੂੰ ਆਖੀ ਜਾਂਦੇ ਏਹੀ ਮਸਜਿਦ ਏਹੀ
ਮੰਦਰ। ਪਤਾ ਨਹੀਂ ਕਿੱਧਰ ਨੂੰ ਤੁਰ ਪਏ, ਧਰਮ ਕਰਮ ਦੇ
ਇਹ ਰਖਵਾਲੇ, ਨਾਚ ਨਚਾਉਂਦੇ ਤੈਨੂੰ ਮੈਨੂੰ, ਏਸ ਨਸਲ ਦੇ
ਅਜਬ ਕਲੰਦਰ। ਗੁਰਭਜਨ ਗਿੱਲ



ਕੀ ਹੋਇਆ ਜੇ ਜੱਗ ਨਹੀਂ ਸੁਣਦਾ, ਬੇ ਕਦਰਾਂ ਨੂੰ ਕੁਝ ਨਹੀਂ ਕਹਿਣਾ। ਬੰਸਰੀਆਂ ਤਾਂ ਸਿਰਫ਼ ਬਹਾਨਾ, ਅਸਲੀ ਗੱਲ ਹੈ ਅੰਦਰ ਲਹਿਣਾ। ਸ਼ਬਦ ਸਰੂਰੇ ਸੁਰ ਦੀ ਸੰਗਤ, ਇਸ ਤੋਂ ਅੱਗੇ ਮੈਂ ਕੀ ਦੱਸਾਂ, ਪਲ ਵਿਸਮਾਦੀ ਨਾਲੋਂ ਮਹਿੰਗਾ, ਧਰਤੀ ਤੇ ਨਾ ਇੱਕ ਵੀ ਗਹਿਣਾ। ਗੁਰਭਜਨ ਗਿੱਲ



ਧਰਤੀ ਵਿਹੜੇ ਰੌਣਕ ਖੇਡੇ ਇਉਂ ਲੱਗੇ ਜਿਉਂ ਸੂਰਜ ਹੱਸਿਆ।
ਰੁੱਖ ਦੀ ਗੋਦੀ ਫੁੱਲ ਖਿੜੇ ਨੇ ਜੜ੍ਹ ਆਪਣਾ ਸਿਰਨਾਵਾਂ
ਦੱਸਿਆ। ਵੇਖਣ ਵਾਲਿਆ ਕੋਲ ਖਲੋ ਕੇ ਆਖ ਮੁਬਾਰਕ
ਏਸ ਘੜੀ ਨੂੰ, ਇਹ ਕੁਦਰਤ ਦੀ ਪੂਰਨਮਾਸ਼ੀ ਬਾਕੀ ਵਕਤ
ਸਦੀਵੀ ਮੱਸਿਆ। ਗੁਰਭਜਨ ਗਿੱਲ



ਮਨ ਦਾ ਬਾਗ਼ ਬਗੀਚਾ ਖਿੜਿਆ, ਤੇਰੇ ਨਾਲ ਗੁਫ਼ਤਗੂ ਕਰਕੇ। ਤਪਦੀ ਲੋਹ ਤੇ ਮੀਂਹ ਵਰ੍ਹਿਆ ਹੈ, ਰਹਿਮਤ ਕੀਤੀ ਤੂੰ ਜੀਅ ਭਰਕੇ। ਕਦੇ ਕਦਾਈਂ, ਏਸ ਤਰ੍ਹਾਂ ਹੀ ਦਿਲ ਕਰਦਾ ਹੈ ਸੁਣਾਂ, ਸੁਣਾਵਾਂ, ਮੈਂ ਅਣ ਤਾਰੂ ਦੱਸ ਕਿੰਜ ਆਵਾਂ, ਤੇਰੇ ਦਿਲ ਦਰਿਆ ਨੂੰ ਤਰ ਕੇ। ਗੁਰਭਜਨ ਗਿੱਲ




ਅਦਲੀ ਰਾਜੇ, ਧਰਮ ਕਚਹਿਰੀ, ਦੋਵੇਂ ਸਾਨੂੰ ਚਾਰ ਗਏ ਨੇ।
ਬਾਬਰ ਕੇ ਕਿਉਂ ਜਿੱਤ ਗਏ ਨੇ, ਬਾਬੇ ਕੇ ਕਿਉਂ ਹਾਰ ਗਏ ਨੇ।
ਇੱਕ ਦੂਜੇ ਵੱਲ ਝਾਕ ਰਹੇ ਨੇ, ਮਾਪੇ ਬਿਰਖ਼ ਬਰੋਟਿਆਂ
ਵਰਗੇ, ਘਰ ਨਾ ਪਰਤੇ ਸਾਡੇ ਜੰਮੇ, ਜੀਂਦੇ ਜੀਅ ਕਿਉਂ ਮਾਰ
ਗਏ ਨੇ। ਗੁਰਭਜਨ ਗਿੱਲ



ਕਿੰਨਾ ਸੋਹਣਾ ਖ਼ਤ ਲਿਖਿਆ ਤੂੰ, ਸ਼ਬਦਾਂ ਦੀ ਥਾਂ ਹਰੀਆਂ ਪੱਤੀਆਂ। ਰੁਮਕਦੀਆਂ ਪੌਣਾਂ ਘਰ ਆਈਆਂ,ਤੇਰੇ ਵਾਂਗੂੰ ਹੀ ਮਦਮੱਤੀਆਂ। ਤੇਰੇ ਇਸ ਅੰਦਾਜ਼ ਤੋਂ ਸਦਕੇ, ਮੈਂ ਜਾਵਾਂ ਬਲਿਹਾਰੇ ਤੈਥੋਂ, ਬਿਨ ਮਿਲਿਆਂ ਦੋਹਾਂ ਨੇ ਰਲ਼ ਕੇ, ਕਿਰਨਾਂ ‘ਕੱਠੀਆਂ ਕਰ ਕੇ ਕੱਤੀਆਂ। ਗੁਰਭਜਨ ਗਿੱਲ


ਰੁੱਖ ਕਚਨਾਰ ਦੇ ਟਾਹਣਾਂ ਉੱਤੇ ਲਿਖ ਕੇ ਧਰਤਿ ਪੈਗਾਮ ਭੇਜਿਆ। ਬਿਨ ਸਿਰਨਾਵੇਂ ਚਿੱਠੀ ਮਿਲ ਗਈ ਲਿਖਤੁਮ ਨਹੀਉਂ ਨਾਮ ਭੇਜਿਆ। ਦਰ ਸਾਡੇ ਤੇ ਮੇਲਾ ਲੱਗਿਆ,ਵੇਖਿਉ ਖ਼ੂਬ ਫੁਟਾਰਾ ਖਿੜਿਆ, ਰੱਖਿਉ ਜੜ੍ਹਾਂ ਸਲਾਮਤ ਬੱਚਿਉ ਕਿੱਸਾ ਖੋਲ੍ਹ ਤਮਾਮ ਭੇਜਿਆ। ਗੁਰਭਜਨ ਗਿੱਲ



ਹਮੇਸ਼ਾਂ ਢਾਲ ਹੀ ਬਣਨਾ, ਕਦੇ ਹਥਿਆਰ ਨਹੀਂ ਬਣਨਾ ।
ਤੁਸੀਂ ਰਾਹਾਂ 'ਚ ਛਾਂ ਬਣਨਾ, ਕਦੇ ਦੀਵਾਰ ਨਹੀਂ ਬਣਨਾ ।
ਤੁਸੀਂ ਖ਼ੁਸ਼ਬੂ ਦੇ ਵਾਂਗਰ ਰੁਮਕਣਾ ਪੌਣਾਂ 'ਚ ਘੁਲ ਮਿਲ ਕੇ,
ਕਦੇ ਬਾਗਾਂ ਦੀ ਰੂਹ ਤੇ ਬੇ ਵਜ੍ਹਾ ਹੀ ਭਾਰ ਨਹੀਂ ਬਣਨਾ।
ਗੁਰਭਜਨ ਗਿੱਲ



ਸਮਝ ਕਿਓਂ ਨਹੀਂ ਪੈਂਦੀ ਤੈਨੂੰ,ਜ਼ਿੰਦਗੀ ਤਾਂ ਅਹਿਸਾਸ ਕਟੋਰਾ। ਦਿਲ ਦੀ ਦੌਲਤ ਖ਼ਰਚ ਲਿਆ ਕਰ ਕਿਣਕਾ ਕਿਣਕਾ ਭੋਰਾ ਭੋਰਾ। ਮੁੜ ਆਉਂਦੀ ਹੈ ਜੇਕਰ ਆਪਾਂ ਵੰਡ ਦੇਈਏ ਕਣ ਕਣ ਖ਼ੁਸ਼ਬੋਈ,ਫਿਰ ਕਿਓਂ ਰੱਖੀਏ ਇਹ ਅਣਲਿਖਿਆ,ਦਿਲ ਤਖ਼ਤੀ ਦਾ ਮੱਥਾ ਕੋਰਾ। ਗੁਰਭਜਨ ਗਿੱਲ




ਜੇਕਰ ਵਿਦਿਆ ਵਰਤੀ ਹੀ ਨਾ, ਕਿਹੜੇ ਕੰਮ ਕਿਤਾਬਾਂ
ਪੜ੍ਹੀਆਂ। ਬੋਝ ਢੋਂਦਿਆਂ ਉਮਰ ਗੁਜ਼ਾਰੀ, ਟੁੱਟੀਆਂ ਨਾ
ਜੰਜ਼ੀਰਾਂ,ਕੜੀਆਂ। ਹੇ ਗਿਆਨੀ ਵਿਗਿਆਨੀ ਵੀਰਾ, ਝਾਤੀ
ਮਾਰ ਕਦੇ ਮਨ ਅੰਦਰ, ਵਕਤ ਖਲੋਤਾ ਫੜਦਾ ਕਿਉਂ ਨਹੀਂ,
ਵਾਹੋਦਾਹੀ ਭੱਜਣ ਘੜੀਆਂ। ਗੁਰਭਜਨ ਗਿੱਲ






ਇਹ ਗੱਲ ਖ਼ੁਦ ਵੀ ਚੇਤੇ ਰੱਖੋ, ਤੁਸੀਂ ਕਿਸੇ ਲਈ ਕੀ ਕਰਦੇ ਹੋ?ਲੋਕਾਂ ਮੇਰਾ ਗੁਣ ਨਾ ਜਾਣਿਆ, ਏਸ ਫ਼ਿਕਰ ਵਿੱਚ ਕਿਉਂ ਮਰਦੇ ਹੋ। ਆਪਣਾ ਕਰਮ ਕਰੋ ਤੇ ਖ਼ੁਦ ਨੂੰ ਚੁੱਪ ਦੀ ਬੁੱਕਲ ਮਾਰ ਕੇ ਬੈਠੋ, ਕਦਰਦਾਨੀਆਂ ਲੱਭਦੇ ਲੱਭਦੇ, ਪਾਲ਼ੇ ਦੇ ਵਿੱਚ ਕਿਉਂ ਠਰਦੇ ਹੋ?ਗੁਰਭਜਨ ਗਿੱਲ




ਜੇਕਰ ਚੰਨ ਦੀ ਰੀਝ ਦਿਲੇ ਵਿੱਚ ਰਾਤ ਹਨ੍ਹੇਰੀ ਹੌਕੇ ਭਰ ਨਾ ।
ਜੇ ਹੈ ਸੁਰਖ਼ ਗੁਲਾਬ ਤਮੰਨਾ, ਕੰਡਿਆਂ ਤੋਂ ਤੂੰ ਸੱਜਣਾ ਡਰ ਨਾ।
ਮੇਰੀ ਗੱਲ ਨੂੰ ਪੱਲੇ ਬੰਨ੍ਹ ਲੈ, ਕੰਮ ਆਵੇਗੀ ਉਮਰਾ ਸਾਰੀ,
ਪਿਆਰ ਕਰਨ ਦੀ ਤਾਂਘ ਜੇ ਤੈਨੂੰ, ਰੂਹ ਆਪਣੀ ਤੋਂ ਪਰਦੇ ਕਰ ਨਾ। ਗੁਰਭਜਨ ਗਿੱਲ



ਅਹੁ ਵੇਖੋ ਜੀ ਸੂਰਜ ਚੱਲਿਆ, ਚੱਲਿਆ ਆਪਣੇ ਘਰ ਨੂੰ।
ਸ਼ਾਮ ਪਈ ਤੋਂ ਦਹਿਲਿਆ ਜਾਪੇ ਹਿੱਕ ਵਿੱਚ ਲੈ ਕੇ ਡਰ ਨੂੰ।
ਸ਼ਾਮ ਤਾਂ ਸਭ ਤੇ ਆਉਣੀ ਮਿੱਤਰੋ, ਸਿਖ਼ਰ ਦੁਪਹਿਰੇ ਮਗਰੋਂ,
ਰਾਤ ਦੇ ਮਗਰ ਸਵੇਰਾਂ ਲੱਭਣ ਕਿਰਨਾਂ ਲੈ ਕੇ ਵਰ ਨੂੰ।
ਗੁਰਭਜਨ ਗਿੱਲ



ਵਕਤ ਹਮੇਸ਼ਾਂ ਲਿਖ ਸਮਝਾਵੇ ਪਰ ਕਾਹਲੀ ਵਿੱਚ ਅਸੀਂ ਨਾ ਪੜ੍ਹੀਏ। ਪੜ੍ਹਦੇ ਹਾਂ ਪਰ ਅਸਰ ਨਾ ਕਰੀਏ ਦਿਲ ਅੰਦਰ ਇਹ ਕਦੇ ਨਾ ਜੜ੍ਹੀਏ। ਫੁੱਲਾਂ ਉੱਪਰ ਸਬਕ ਲਿਖੇ ਨੇ ਕਾਦਰ ਨੇ ਖ਼ੁਦ ਆਪਣੇ ਹੱਥੀਂ, ਜੇ ਸਾਹਾਂ ਵਿੱਚ ਸ਼ਾਮਿਲ ਕਰੀਏ ਆਪਣੀ ਅੱਗ ਕਦੇ ਨਾ ਸੜ੍ਹੀਏ। ਗੁਰਭਜਨ ਗਿੱਲ



ਜੋ ਕੁਝ ਵਕਤ ਹਵਾ ਵਿੱਚ ਲਿਖਿਆ, ਉਸਨੂੰ ਪੜ੍ਹਨਾ ਸਿੱਖ ਲਿਆ ਹੈ। ਰਾਤ ਦੇ ਕੇਸੀਂ ਚੰਨ ਸਿਤਾਰੇ,ਕਿੱਦਾਂ ਜੜ੍ਹਨੇ, ਸਿੱਖ ਲਿਆ ਹੈ। ਆਖ ਦਿਉ ਝੱਖੜ ਨੂੰ ਸਾਡਾ ਹੋਰ ਵਧੇਰੇ ਸਿਦਕ ਨਾ ਪਰਖੇ, ਅਸੀਂ ਵੀ ਇਸ ਦੇ ਜਬਰ ਦੇ ਅੱਗੇ, ਕਿੱਦਾਂ ਅੜਨਾ, ਸਿੱਖ ਲਿਆ ਹੈ। ਗੁਰਭਜਨ ਗਿੱਲ



ਅਕਸਰ ਤੱਕਿਐ,ਚੁੱਪ ਦੀ ਭਾਸ਼ਾ, ਬੋਲਣੋਂ ਵੱਧ ਸਮਝਾ ਜਾਂਦੀ ਹੈ। ਸ਼ਬਦ ਕਟਾਰੀ, ਬਹੁਤੀ ਵਾਰੀ,ਹੋਠੀਂ ਜੰਦਰੇ ਲਾ ਜਾਂਦੀ ਹੈ। ਦੋ ਬਾਹਾਂ ਵਿਚਕਾਰ ਸਮੁੰਦਰ, ਦਿਲ ਦਰਿਆ ਜੇ ਤਰਨਾ ਆਵੇ, ਕੂੰਜਾਂ ਵਾਲੀ ਡਾਰ ਏਸ ਵਿੱਚ ਰੋਜ਼ ਡੁਬਕਣੀ ਲਾ ਜਾਂਦੀ ਹੈ। ਗੁਰਭਜਨ ਗਿੱਲ



ਧਰਤੀ ਮੈਨੂੰ ਖ਼ਤ ਲਿਖਿਆ ਹੈ, ਤੂੰ ਕਹਿੰਦਾ ਏਂ ਫੁੱਲ ਖਿੜਿਆ ਹੈ। ਆਪੋ ਆਪਣੀ ਸੂਝ ਮੁਤਾਬਕ ਸੋਚਾਂ ਅੰਦਰ ਜੰਗ ਛਿੜਿਆ ਹੈ। ਏਸ ਇਬਾਰਤ ਨੂੰ ਪੜ੍ਹ ਸਕਣਾ, ਹਰ ਇੱਕ ਦੇ ਨਾ ਹਿੱਸੇ ਆਵੇ, ਸਿੱਖ ਲੈ ਇਸ ਮਾਂ ਨੂੰ ਪੜ੍ਹ ਸਕਣਾ, ਤੇਰਾ ਮੱਥਾ ਕਿਉਂ ਚਿੜਿਆ ਹੈ। ਗੁਰਭਜਨ ਗਿੱਲ



ਜੇ ਕਰਨਾ ਵਿਸ਼ਵਾਸ ਤਾਂ ਪਹਿਲਾਂ,ਬਹੁਤ ਜ਼ਰੂਰੀ ਦੁਨੀਆਂ ਪੜ੍ਹਿਉ। ਚਮਕਣਹਾਰ ਮੁਲੰਮਾ ਮੰਡੀ, ਸੋਚ ਸਮਝ ਕੇ ਉਂਗਲੀ ਫੜਿਉ। ਰਾਤੋ ਰਾਤ ਅਮੀਰੀ ਮਾਰਗ, 'ਨੇਰ੍ਹ ਗੁ਼ਫ਼ਾ ਅੰਦਰ ਨੂੰ ਜਾਵੇ, ਛਾਲਾਂ ਮਾਰਨ ਵਾਲੇ ਡਿੱਗਦੇ,ਪੌੜੀ ਪੌੜੀ ਕਰਕੇ ਚੜ੍ਹਿਉ। ਗੁਰਭਜਨ ਗਿੱਲ


ਸਬਰ ਸਿਦਕ ਸੰਤੋਖ ਸਮਰਪਣ, ਸੁਹਜ ਸਲੀਕਾ ਸ਼ਾਮਿਲ
ਕਰ ਦੇ । ਮਹਿੰਗੇ ਮੁੱਲ ਦੇ ਮਾਣਕ-ਮੋਤੀ, ਭਰ ਭਰ ਮੁੱਠੀਆਂ
ਝੋਲੀ ਭਰ ਦੇ । ਬਹੁਤ ਦਿਨਾਂ ਤੋਂ ਗੱਲ ਨਹੀਂ ਹੋਈ, ਨਬਜ਼
ਖਲੋਤੀ ਹੋਵੇ ਜੀਕਣ, ਮਿੱਟੀ ਦਾ ਬੁੱਤ ਬੋਲਣ ਲਾ ਦੇ, ਮਾਰ
ਆਵਾਜ਼ ਜਿਉਂਦਾ ਕਰ ਦੇ। ਗੁਰਭਜਨ ਗਿੱਲ


ਇਸ ਧਰਤੀ ਤੇ ਕਿੰਨਾ ਕੁਝ ਹੈ, ਰਹਿ ਚੱਲਿਆ ਸਾਥੋਂ ਅਣਮਾਣਿਆ। ਸੁਰਗ ਨਜ਼ਾਰੇ ਵਰਗਾ ਕੀ ਕੁਝ,ਜੋ ਆਪਾਂ ਨਾ ਵੇਖਿਆ ਜਾਣਿਆ। ਹਰ ਪਲ ਮਿੱਟੀ ਠੀਕਰੀਆਂ ਤੇ ਕੂੜ ਕਬਾੜਾ ਚੁਗਦੇ ਫਿਰੀਏ, ਪੈਰਾਂ ਹੇਠ ਜ਼ਮੀਨ ਗੁਆਚੀ,ਕੈਸਾ ਭਰਮਾਂ ਤੰਬੂ ਤਾਣਿਆ। ਗੁਰਭਜਨ ਗਿੱਲ



ਮਨ ਮੰਦਰ ਦੀ ਟੱਲੀ ਨੂੰ, ਟੁਣਕਾਰ ਲਿਆ ਹੈ । ਰੂਹ ਨੂੰ ਮੁਕਤ ਕਰਾ ਕੇ, ਭਾਰ ਉਤਾਰ ਲਿਆ ਹੈ । ਜਿੱਥੇ ਕਦਮ ਅਗਾਂਹ ਨੂੰ ਪੁੱਟਿਆਂ, ਧੂੜਾਂ ਉੱਡਣ, ਹੁਣ ਮੈਂ ਖ਼ੁਦ ਨੂੰ ਕਿਣਕੇ ਤੋਂ ਵਿਸਥਾਰ ਲਿਆ ਹੈ ।ਗੁਰਭਜਨ ਗਿੱਲ



ਹੱਕ ਸੱਚ ਤੇ ਇਨਸਾਫ਼ ਦੀ ਖ਼ਾਤਰ ਜਿਸ ਵੇਲੇ ਇਨਸਾਨ ਬੋਲਦਾ । ਅੰਨ੍ਹੀ ਰੱਯਤ ਗਿਆਨ ਵਿਹੂਣੀ, ਕਹਿੰਦੀ ਹੈ ਭਗਵਾਨ ਬੋਲਦਾ । ਰੱਬੀ ਕਹਿਰ ਖ਼ੁਦਾਈ ਆਖਣ, ਭਾਣਾ ਕਹਿ ਕੇ ਬਹਿ ਜਾਂਦੇ ਨੇ, ਭਰਮੀ ਜਾਲ ਵਿਛਾ ਕੇ ਏਥੇ ਜਿਸ ਵੇਲੇ ਸ਼ੈਤਾਨ ਬੋਲਦਾ। ਗੁਰਭਜਨ ਗਿੱਲ


ਕੁਦਰਤ ਦੇ ਘਰ ਕਿੰਨਾ ਕੁਝ ਹੈ, ਸੂਰਤ ਸ਼ਕਲਾਂ ਵੰਨ ਸੁਵੰਨੀਆਂ। ਇੱਕੋ ਫੁੱਲ ਵਿੱਚ ਰੰਗ ਖ਼ੁਸ਼ਬੋਈ ਕਾਦਰ ਨੇ ਸਭ ਸੋਚ ਕੇ ਬੰਨ੍ਹੀਆਂ। ਹਰ ਬੂਟੇ ਦੀ ਆਪਣੀ ਖ਼ਸਲਤ,ਜਿਹੜੇ ਸਮਝਣ ਮਹਿਕਾਂ ਮਾਨਣ,ਬਾਗਾਂ ਵਿੱਚ ਵੀ ਤੁਰਨਾ ਪੈਂਦੈ, ਸੋਚ, ਸਮਝ ਸੰਕੋਚ ਕੇ ਕੰਨੀਆਂ। ਗੁਰਭਜਨ ਗਿੱਲ





ਧੌਣ ਤੇ ਅੱਡੀ ਨੱਪ ਕੇ ਰੱਖਿਉ, ਜਿਹੜੇ ਨਾਗਾਂ ਸਾਨੂੰ ਡੰਗਿਆ। ਇਨ੍ਹਾਂ ਦੀ ਦਹਿਸ਼ਤ ਨੇ ਪਹਿਲਾਂ ਸਦੀਆਂ ਤੋਂ ਹੀ ਸੂਲ਼ੀ ਟੰਗਿਆ। ਪਤਾ ਨਹੀਂ ਜੀ ਇਹ ਜ਼ਹਿਰੀਲੇ, ਜਨਮ ਜ਼ਾਤ ਸਾਡੇ ਕਿਉਂ ਵੈਰੀ, ਭਾਵੇਂ ਜਦ ਵੀ ਪਹਿਲਾਂ ਵੀ ਟੱਕਰੇ ਮਰਦਿਆਂ ਨੇ ਪਾਣੀ ਨਹੀਂ ਮੰਗਿਆ। ਗੁਰਭਜਨ ਗਿੱਲ



ਵੱਡੀਆਂ ਵੱਡੀਆਂ ਗੱਲਾਂ ਕਰਕੇ ਰਿਸ਼ਤੇ ਗਹਿਰੇ ਨਹੀਂ ਹੁੰਦੇ।
ਨੇਤਰ ਸਭ ਕੁਝ ਪੜ੍ਹ ਲੈਂਦੇ, ਉਹ ਗੁੰਗੇ ਬਹਿਰੇ ਨਹੀਂ ਹੁੰਦੇ।
ਮਹਿੰਗੇ ਹਾਰ ਸ਼ਿੰਗਾਰ ਤੋਂ ਮਗਰੋਂ, ਸ਼ੀਸ਼ੇ ਤੋਂ ਕੀ ਪੁੱਛਦੇ ਹੋ,
ਨਿਰਛਲ, ਨਿਰਮਲ ਮਨ ਦੇ ਬੂਹੇ ਅੱਗੇ ਪਹਿਰੇ ਨਹੀਂ ਹੁੰਦੇ।
ਗੁਰਭਜਨ ਗਿੱਲ


ਨਹੀਂ ਰੀਸਾਂ ਬਲਬੀਰ ਸਿੰਹਾਂ ਤੂੰ ਦਰਿਆ ਨੂੰ ਬੰਨ੍ਹ ਲਾਏ। ਲੋਕ ਸ਼ਕਤੀਆਂ ਨਾਲ ਰਲ਼ਾ ਕੇ, ਐਸੇ ਕਰਮ ਕਮਾਏ। ਤੇਰੀ ਗਿਲਤੀ ਦੇ ਨਿੰਦਕ ਹੁਣ, ਛਿੱਥੇ ਪੈ ਕੇ ਬਹਿ ਗਏ, ਬੰਜਰ ਮਨ ਵਿੱਚ ਜੀਣ ਜੋਗਿਆ, ਕਿੰਨੇ ਸੁਪਨ ਉਗਾਏ। ਗੁਰਭਜਨ ਗਿੱਲ



ਸਬਰ ਸਿਦਕ ਸੰਤੋਖ ਸਮਰਪਣ, ਸੁਹਜ ਸਲੀਕਾ ਸ਼ਾਮਿਲ ਕਰ ਦੇ । ਮਹਿੰਗੇ ਮੁੱਲ ਦੇ ਮਾਣਕ-ਮੋਤੀ, ਭਰ ਭਰ ਮੁੱਠੀਆਂ ਝੋਲੀ ਭਰ ਦੇ । ਬਹੁਤ ਦਿਨਾਂ ਤੋਂ ਗੱਲ ਨਹੀਂ ਹੋਈ, ਨਬਜ਼ ਖਲੋਤੀ ਹੋਵੇ ਜੀਕਣ, ਮਿੱਟੀ ਦਾ ਬੁੱਤ ਬੋਲਣ ਲਾ ਦੇ, ਮਾਰ ਆਵਾਜ਼ ਜਿਉਂਦਾ ਕਰ ਦੇ। ਗੁਰਭਜਨ ਗਿੱਲ



ਤੇਰੇ ਕੋਲ ਕਿਤਾਬ ਪਈ ਹੈ, ਕਿਉਂ ਨਹੀਂ ਫੜਦਾ। ਜਬਰ ਜ਼ੁਲਮ ਜੋ ਕੰਧ ਤੇ ਲਿਖਿਐ, ਕਿਉਂ ਨਹੀਂ ਪੜ੍ਹਦਾ। ਪੜ੍ਹ ਪੜ੍ਹ ਗੱਡੇ ਲੱਦ ਲਏ, ਪਾਠ ਪੁਸਤਕਾਂ ਵਾਲੇ, ਸੂਰਜਵੰਸ਼ੀ ਪੁੱਤ ਨੇਰ੍ਹ ਸੰਗ ਕਿਉਂ ਨਹੀਂ ਲੜਦਾ। ਗੁਰਭਜਨ ਗਿੱਲ




ਜਦੋਂ ਮੁਸੀਬਤ ਬੂਹਾ ਭੰਨੇ, ਮੁਸ਼ਕਿਲ ਵੇਲੇ ਨਾ ਘਬਰਾਉ।
ਹਰ ਜੰਦਰੇ ਸੰਗ ਬਣਦੀ ਚਾਬੀ, ਮਰਜ਼ੀ ਹੈ, ਲਾਉ, ਨਾ ਲਾਉ। ਆਪਣੇ ਚਾਰ ਚੁਫ਼ੇਰੇ ਕੰਧਾਂ, ਵਲਗਣ ਵ਼ਲਦੇ ਮਰ ਨਾ ਜਾਣਾ, ਬੇਹਿੰਮਤੀ ਦੇ ਆਲਮ ਵਿੱਚੋਂ, ਮਾਰ ਛੜੱਪਾ ਬਾਹਰ ਆਉ। ਗੁਰਭਜਨ ਗਿੱਲ




ਵਕਤ ਦੇ ਕੋਰੇ ਸਫ਼ਿਆਂ ਉੱਤੇ, ਇੱਕ ਅੱਧ ਵਾਕ ਚਲੋ ਹੁਣ ਜੜ੍ਹੀਏ। ਲਿਖਣ ਤੋਂ ਪਹਿਲਾਂ ਬਹੁਤ ਜ਼ਰੂਰੀ, ਪਹਿਲਾਂ ਕੰਧ ਤੇ ਲਿਖਿਆ ਪੜ੍ਹੀਏ। ਸ਼ਬਦ ਸਲੀਕਾ, ਤਾਲ ਤੇ ਸੁਰ ਦਾ,ਸਹਿਜ ਸੁਮੇਲ ਪਰੋ ਕੇ ਸਾਹੀਂ, ਬੀਤੇ,ਅੱਜ ਤੋਂ ਸੁਹਣੇ ਸੁਪਨੇ, ਵਰਗੀ ਸੂਰਤ ਕੱਲ੍ਹ ਦੀ ਘੜ੍ਹੀਏ।ਗੁਰਭਜਨ ਗਿੱਲ


ਦਿਲ ਦਰਵਾਜ਼ੇ ਥਾਣੀਂ ਲੰਘ ਕੇ, ਵੇਖੋ ਰਸੀਆ ਕੀ ਕਰਦਾ ਹੈ।
ਨੈਣੀਂ ਦਰਸ ਦਿਖਾਉਂਦਾ ਨਹੀਂਉਂ,ਬਿਨ ਵੇਖੇ ਨਾ ਮਨ ਭਰਦਾ ਹੈ। ਜੋਤ ਨਿਰੰਤਰ ਤੇਰੇ ਮੇਰੇ ਸਭ ਦੀ ਰੂਹ ਵਿੱਚ,ਕੌਣ ਪਛਾਣੇ,
ਪਾਣੀ ਅੰਦਰ ਜੰਮਦਾ, ਪਲ਼ਦਾ, ਖਿੜ੍ਹਦਾ ਵੇਖੋ ਕਿੰਜ ਤਰਦਾ ਹੈ। ਗੁਰਭਜਨ ਗਿੱਲ




ਰੰਗ ਰਾਗ ਤੇ ਸ਼ਬਦ ਮੁਕੰਮਲ ਜ਼ਿੰਦਗੀ ਅੰਦਰ ਰੰਗ ਭਰਦੇ
ਨੇ। ਇਨ੍ਹਾਂ ਤੋਂ ਬਿਨ ਰੂਹ ਦੇ ਪੰਛੀ ਗਗਨ ਉਡਾਰੀ ਕਦ ਭਰਦੇ
ਨੇ। ਪਰ ਸਾਡੀ ਤਾਂ ਧਰਤ ਬਰਾਨੀ ਤੇ ਕਲਰਾਠੀ ਬੀਜ ਨਾ
ਪੁੰਗਰੇ, ਰੋਟੀ ਦੀ ਜੰਗ ਲੜ੍ਹਦਿਆਂ ਏਥੇ ਸੁਪਨ ਕਰੋੜ੍ਹਾਂ ਨਿੱਤ
ਮਰਦੇ ਨੇ। ਗੁਰਭਜਨ ਗਿੱਲ



ਖ਼ੁਦ ਨੂੰ ਜਦੋਂ ਸਮੁੰਦਰ ਸਮਝੇ ਤੁਪਕੇ ਦਾ ਇਹ ਭਰਮ ਜਾਲ ਹੈ।
ਤੂੰ ਮੈਂ ਸਾਰਾ ਜਗਤ ਪਸਾਰਾ ਕਰਦਾ ਇੱਕ ਥਾਂ ਕਦਮ ਤਾਲ ਹੈ।
ਜ਼ਿੰਦਗੀ ਇੱਕੋ ਥਾਂ ਤੇ ਠਹਿਰੀ ਰੁਕੀ ਰੁਕੀ ਮਹਿਸੂਸ ਕਰਾਂ ਮੈਂ,
ਮਨ ਦੇ ਗੰਧਲੇ ਨੀਰ ਖਲੋਤੇ, ਪਸਰਿਆ ਤਾਂਹੀਓ ਜਿਲਭ ਜਾਲ ਹੈ। ਗੁਰਭਜਨ ਗਿੱਲ



ਜੇ ਜਿੱਤਣੈਂ ਜੰਗ, ਮਨ ਦੇ ਅੰਦਰ ਪਹਿਲਾਂ ਪੱਕਾ ਨਿਸ਼ਚਾ ਧਾਰੋ। ਭਟਕਣ ਛੱਡਿਆਂ, ਮੰਜ਼ਿਲ ਨੇੜੇ ,ਆ ਜਾਂਦੀ ਹੈ ਬਰਖੁਰਦਾਰੋ। ਤੇਰੇ ਮੇਰੇ ਸਭ ਦੇ ਬਾਬਲ, ਬਿਨਾ ਕਿਤਾਬੋਂ ਇਹ ਕਹਿੰਦੇ ਸੀ, ਧਰਮਸਾਲ ਵਿੱਚ ਮਗਰੋਂ, ਪਹਿਲਾਂ, ਮਨ ਮੰਦਰ ਵਿੱਚ ਝਾਤੀ ਮਾਰੋ। ਗੁਰਭਜਨ ਗਿੱਲ



ਸੁਣਿਆ ਕਰ ਤੂੰ ਦਰਦ ਪਰੁੱਚੀ,ਟੁੱਟੇ ਖੰਭ ਦੀ ਅਜਬ ਕਹਾਣੀ। ਕਿੰਨੇ ਅੰਬਰ ਗਾਹ ਕੇ ਡਿੱਗਿਆ, ਸਫ਼ਰ ਲੰਘਾ ਕੇ ਸਾਹਾਂ ਥਾਣੀ। ਸਿਖ਼ਰ ਪਹਾੜੀ ਚੜ੍ਹ ਬੈਠਾ ਏਂ, ਭੁੱਲੀਂ ਨਾ ਇਹ ਤਲਖ਼ ਹਕੀਕਤ, ਖ਼ੁਰ ਜਾਵੇ ਬਰਫ਼ਾਨੀ ਟੀਸੀ, ਸੁਣ ਲੈ ਕੂਕੇ ਵਗਦਾ ਪਾਣੀ। ਗੁਰਭਜਨ ਗਿੱਲ




ਆਪਣੇ ਅੰਦਰ ਹਰ ਦਿਨ ਹਰ ਪਲ ਮਾਨਣ ਦਾ ਅਹਿਸਾਸ ਜਗਾਓ। ਇਸ ਧਰਤੀ ਦੇ ਕਣ ਕਣ ਅੰਦਰ ਮੋਹ ਮਮਤਾ ਦੇ ਬਿਰਖ਼ ਲਗਾਉ। ਰੌਸ਼ਨੀਆਂ ਦੀ ਬਾਗ਼-ਬਗੀਚੇ, ਮੰਗਦੇ ਮੋਹ ਦਾ ਨਿਰਮਲ ਪਾਣੀ, ਜ਼ਿੰਦਗੀ ਧਰਤ ਤਰੇੜਾਂ ਪਾਟੀ, ਭਰ ਭਰ ਮਸ਼ਕਾਂ ਜਲ ਵਰਤਾਉ। ਗੁਰਭਜਨ ਗਿੱਲ


ਮਨ ਦਾ ਬਾਗ਼ ਬਗੀਚਾ ਖਿੜਿਆ, ਤੇਰੇ ਨਾਲ ਗੁਫ਼ਤਗੂ ਕਰਕੇ। ਤਪਦੀ ਲੋਹ ਤੇ ਮੀਂਹ ਵਰ੍ਹਿਆ ਹੈ, ਰਹਿਮਤ ਕੀਤੀ ਤੂੰ ਜੀਅ ਭਰਕੇ। ਕਦੇ ਕਦਾਈਂ, ਏਸ ਤਰ੍ਹਾਂ ਹੀ ਦਿਲ ਕਰਦਾ ਹੈ ਸੁਣਾਂ, ਸੁਣਾਵਾਂ, ਮੈਂ ਅਣ ਤਾਰੂ ਦੱਸ ਕਿੰਜ ਆਵਾਂ, ਤੇਰੇ ਦਿਲ ਦਰਿਆ ਨੂੰ ਤਰ ਕੇ। ਗੁਰਭਜਨ ਗਿੱਲ
Good morning


ਹੁਣੇ ਹੁਣੇ ਤੂੰ ਦਸਤਕ ਦਿੱਤੀ, ਧੁਰ ਅੰਦਰ ਤੱਕ ਰੂਹ ਰੁਸ਼ਨਾਈ।
ਲੱਗਿਆ ਮਨ ਦੀ ਚੌਖਟ ਉੱਤੇ ਦੀਵਾ ਬੱਤੀ ਆਣ ਜਗਾਈ।
ਖਿੜਿਆ ਜਿਵੇਂ ਗੁਲਾਬ ਟਾਹਣੀਏ, ਚਾਰ ਚੁਫ਼ੇਰੇ ਰੌਣਕ ਹੋਈ,
ਯਾਦਾਂ ਗਲੀ ਵਿੱਚ ਝਾਂਜਰ ਛਣਕੀ, ਮੁੱਦਤ ਮਗਰੋਂ ਰੌਣਕ
ਆਈ। ਗੁਰਭਜਨ ਗਿੱਲ



ਦਰਦਾਂ ਦੇ ਦਰਿਆ ਵਿੱਚ ਮੈਨੂੰ ਜੇ ਨਾ ਦੇਂਦੇ ਸ਼ਬਦ ਸਹਾਰਾ।
ਰੁੜ੍ਹ ਜਾਣਾ ਸੀ ਲਹਿੰਦੇ ਬੰਨੇ, ਬਚਿਆ ਹਾਂ ਸੁਣ ਕੇ ਲਲਕਾਰਾ। ਫ਼ਤਿਹ ਨਸੀਬ ਉਨ੍ਹਾਂ ਨੂੰ ਹੋਵੇ ਹਾਸ਼ਮ ਸ਼ਾਹ ਦੇ ਕਹਿਣ ਮੁਤਾਬਕ, ਹਿੰਮਤ ਯਾਰ ਬਣਾਉਂਦੇ ਜਿਹੜੇ, ਮੰਗਦੇ ਨਾ ਉਹ ਤਾਣ ਉਧਾਰਾ। ਗੁਰਭਜਨ ਗਿੱਲ



ਚੁੱਪ ਦੀ ਵਲਗਣ ਤੋੜਨ ਮਗਰੋਂ,ਦਿਲ ਕਰਦੈ ,ਹੁਣ ਗੱਲਾਂ ਕਰੀਏ। ਰੂਹ ਵੱਲੋਂ ਨਿਰਵਸਤਰ ਹੋ ਕੇ, ਇਤਰ ਸਰੋਵਰ ਦੇ ਵਿੱਚ ਤਰੀਏ। ਰੰਗਾਂ ਦੇ ਦਰਿਆ 'ਚੋਂ ਭਰੀਏ,ਸੱਤਰੰਗੀ ਪਿਚਕਾਰੀ ਆਪਾਂ, ਜਿੱਥੇ ਜਿੱਥੇ ਕੋਰੇ ਵਰਕੇ, ਮਨਚਾਹੇ ਸਾਰੇ ਰੰਗ ਸਾਰੇ ਭਰੀਏ। ਗੁਰਭਜਨ ਗਿੱਲ



ਸਾਉਣ ਮਹੀਨੇ ਵਣ ਹਰਿਆਲੇ,ਅੰਬਰ ਧਰਤੀ ਨੂੰ ਰੰਗ ਚੜ੍ਹਦਾ।ਪਰਖ਼ਣ ਦੀ ਕਸਵੱਟੀ ਇੱਕੋ ਕਸ਼ਟ ਸਮੇਂ ਕਿਹੜਾ ਸੰਗ ਖੜ੍ਹਦਾ।ਬਿਰਖ਼ ਗਵਾਹ ਨੇ ਪੁੱਛ ਲਉ ਭਾਵੇਂ,ਮੇਰੇ ਤੇ ਵਿਸ਼ਵਾਸ ਨਹੀਂ ਜੇ, ਟਾਹਣੀ ਸੰਗ ਜੋ ਬਹੁਤਾ ਨੱਚਦਾ,ਵਿੱਚ ਹਨ੍ਹੇਰੀ ਓਹੀ ਝੜ੍ਹਦਾ।ਗੁਰਭਜਨ ਗਿੱਲ



ਧਰਤੀ ਮੈਨੂੰ ਖ਼ਤ ਲਿਖਿਆ ਹੈ, ਤੂੰ ਕਹਿੰਦਾ ਏਂ ਫੁੱਲ ਖਿੜਿਆ ਹੈ। ਆਪੋ ਆਪਣੀ ਸੂਝ ਮੁਤਾਬਕ ਸੋਚਾਂ ਅੰਦਰ ਜੰਗ ਛਿੜਿਆ ਹੈ। ਏਸ ਇਬਾਰਤ ਨੂੰ ਪੜ੍ਹ ਸਕਣਾ, ਹਰ ਇੱਕ ਦੇ ਨਾ ਹਿੱਸੇ ਆਵੇ, ਸਿੱਖ ਲੈ ਇਸ ਮਾਂ ਨੂੰ ਪੜ੍ਹ ਸਕਣਾ, ਤੇਰਾ ਮੱਥਾ ਕਿਉਂ ਚਿੜਿਆ ਹੈ। ਗੁਰਭਜਨ ਗਿੱਲ




ਇੱਕ ਟਾਹਣੀ ਫੁੱਲ ਕੰਡੇ ਜੰਮਣ, ਜੋ ਖਿੜਦੇ, ਕਿਉਂ ਓਹੀ ਝੜਦੇ। ਕੰਡਿਆਂ ਨੂੰ ਫੁੱਲ ਦੇਣ ਝਕਾਨੀਂ, ਖ਼ੁਸ਼ਬੋਈ ਬਣ ਹਰ ਸਾਹ ਵੜਦੇ। ਤੂੰ ਪੁੱਛਿਆ ਹੈ, ਕੰਡਿਆਂ ਉੱਤੇ ਸੰਗਤ ਰੂਪ ਕਿਉਂ ਨਹੀਂ ਚੜ੍ਹਦਾ, ਚੋਭਾਂ ਮਾਰਨ ਵਾਲੇ ਬੱਲਿਆ, ਦਿਲ ਦੀ ਕੋਈ ਕਿਤਾਬ ਨਾ ਪੜ੍ਹਦੇ। ਗੁਰਭਜਨ ਗਿੱਲ



ਸਾਡੀ ਵੀ ਇਹ ਮਾਂ ਧਰਤੀ ਹੈ, ਤੈਥੋਂ ਡਰ ਕੇ ਜੇ ਕਿਉਂ ਕਹੀਏ?
ਚਾਰੇ ਚੱਕ ਜਾਗੀਰ ਅਸਾਡੀ, ਜਿੱਥੇ ਜਿੱਦਾਂ ਮਰਜ਼ੀ ਰਹੀਏ।
ਸੀਸ ਤਲੀ ਤੇ ਆਪਾਂ ਧਰੀਏ, ਦੇਸ਼ ਆਜ਼ਾਦ ਕਰਾਵਣ ਵੇਲੇ,
ਹੁਣ ਤੂੰ ਭਾਗ ਵਿਧਾਤਾ ਬਣਦੈਂ, ਦੱਸਦੈਂ ਕਿੱਥੇ ਉੱਠੀਏ ਬਹੀਏ।
ਗੁਰਭਜਨ ਗਿੱਲ



ਆਤਮ ਚਿੰਤਨ ਵੇਲਾ, ਖ਼ੁਦ ਦੇ ਸੰਗ ਬਹਿਣਾ ਸੀ। ਇਹ ਤਾਂ ਸੇਕ ਨਿਰੰਤਰ ਆਪਾਂ ਖ਼ੁਦ ਸਹਿਣਾ ਸੀ। ਢੋਲ ਢਮੱਕੇ ਰੌਲੇ ਰੱਪੇ, ਇਹ ਅੰਦਾਜ਼ ਨਹੀਂ, ਫੁੱਲਾਂ ਨੂੰ ਫੁੱਲ ਅਰਪ ਅਸਾਂ ਅੱਜ ਚੁੱਪ ਬਹਿਣਾ ਸੀ। ਗੁਰਭਜਨ ਗਿੱਲ



ਵਕਤ ਮਿਲੇ ਤਾਂ ਹਿੰਮਤ ਕਰਕੇ ਬੰਦ ਬੂਹਿਆਂ ਨੂੰ ਖੋਲ੍ਹ ਦਿਆ ਕਰ। ਸ਼ਬਦ ਮਾਸੂਮ ਪਰਿੰਦੇ ਹੁੰਦੇ ,ਮੂੰਹ ਆਇਆਂ ਨੂੰ ਬੋਲ ਦਿਆ ਕਰ। ਰੂਹ ਦੇ ਸੁੱਚੇ ਮਾਣਕ ਮੋਤੀ, ਜ਼ੀਨਤ ਬਣਦੇ ਕਿਸੇ ਕਿਸੇ ਦੀ, ਚਹੁੰ ਕੌਡਾਂ ਲਈ ਮਹਿੰਗਾ ਸੌਦਾ, ਸਸਤੇ ਭਾਅ ਨਾ ਤੋਲ ਦਿਆ ਕਰ। ਗੁਰਭਜਨ ਗਿੱਲ



ਸੂਰਜ ਨੂੰ ਪੌੜੀ ਨਹੀਂ ਲੱਗਦੀ, ਅੰਦਰ ਜਗਦਾ ਦੀਵਾ ਧਰਿਉ। ਆਤਮ ਬਲ ਤੇ ਸਬਰ ਸਹਾਰੇ ਆਪੇ ਆਪਣਾ ਚਿੰਤਨ ਕਰਿਉ। ਆਪਣੀ ਰੂਹ ਦਾ ਲੇਖਾ ਜੋਖਾ ਹੋਰ ਕਿਸੇ ਤੋਂ ਕਿਉਂ ਕਰਵਾਉਣਾ, ਹੀਲੇ ਨਾਲ ਵਸੀਲੇ ਬਣਦੇ,ਐਵੇਂ ਨਾ ਬਹਿ ਹੌਕੇ ਭਰਿਉ। ਗੁਰਭਜਨ ਗਿੱਲ




ਥਾਲੀ ਵਿੱਚ ਪਰੋਸ ਕੇ ਜਿਸਨੂੰ ਰਹਿਮਤ ਦੇਵੇ ਜ਼ਿੰਦਗੀ ਮੱਖਣਾ। ਸਾਰੀ ਉਮਰ ਗੰਡੋਆ ਰਹਿੰਦੈ, ਰੀੜ੍ਹ ਦੀ ਹੱਡੀ ਤੋਂ ਬਿਨ ਸੱਖਣਾ। ਜ਼ਿੰਦਗੀ ਤਾਂ ਸੰਘਰਸ਼ ਦਾ ਨਾਂ ਹੈ, ਦੁੱਖ ਸੁਖ ਘਾੜਤ ਘੜਦੈ ਬੰਦਿਆ, ਮੌਕਾ ਮਿਲੇ ਪਲਾਕੀ ਮਾਰੀਂ, ਵਕਤ ਸਵਾਰੀ ਨਿਸ਼ਚਾ ਰੱਖਣਾ। ਗੁਰਭਜਨ ਗਿੱਲ



ਇਹ ਵੀ ਜਿੰਦ ਹੈ ਮਹਿਕ ਪਰੁੱਚੀ,ਫੁੱਲ ਡੋਡੀ ਨਾ ਤੋੜ ਦਿਆ ਕਰ। ਜੇ ਵੱਸ ਚੱਲੇ ਤੇਰਾ ਤਾਂ ਤੂੰ। ਹੋਰਾਂ ਨੂੰ ਵੀ ਹੋੜ ਦਿਆ ਕਰ। ਤੇਰੇ ਅੰਦਰ ਬੈਠ ਪਤੰਦਰ, ਬਾਂਦਰ ਜੇਕਰ ਬਹੁਤਾ ਬੁੜ੍ਹਕੇ, ਹੋਰ ਕਿਸੇ ਕੰਮ ਲਾ ਰੱਖਿਆ ਕਰ, ਪੁੱਠੇ ਕੰਮ ਤੋਂ ਮੋੜ ਦਿਆ ਕਰ। ਗੁਰਭਜਨ ਗਿੱਲ


ਸਾਡੇ ਮਾਪਿਆਂ ਵਿਹੜੇ ਗਾਇਆ ਧੀਆਂ ਰਲ ਕੇ ਗੀਤ। ਦੋ ਪੁੱਤ ਦੇ ਦੋ ਧੀਆਂ ਲਈਆਂ ਰੂਹ ਦਾ ਸੁਗਮ ਸੰਗੀਤ। ਫੁੱਲਾਂ ਵਿੱਚ ਖ਼ੁਸ਼ਬੋਈ ਵਾਂਗੂੰ ਯੁਗ ਯੁਗ ਮਹਿਕਣ ਰਿਸ਼ਤੇ , ਦੀਪ ਦੀ ਲੋਅ ਵਿੱਚ ਸ਼ਾਮਿਲ ਹੋਈ ਮਹਿਕ ਵਾਂਗ ਜਸਪ੍ਰੀਤ। ਜਨਮ ਦਿਨ ਮੁਬਾਰਕ ਜਸਪ੍ਰੀਤ ਬੇਟੀ। ਯੁਗ ਯੁਗ ਜੀਓ।
ਗੁਰਭਜਨ ਗਿੱਲ ਤੇ ਪਰਿਵਾਰ।



ਮਾਰ ਉਡਾਰੀ ਚੱਲ ਹੁਣ ਚੱਲੀਏ, ਅੰਬਰ ਤੋਂ ਵੀ ਪਾਰ ਬਾਬਲਾ। ਧਰਤ ਕਲਾਵਾ ਭਰਿਆ ਮੈਂ ਤਾਂ, ਦੋ ਬਾਹਾਂ ਵਿਚਕਾਰ ਬਾਬਲਾ। ਮੇਰੇ ਮੱਥੇ ਸੂਰਜ ਧਰ ਦੇ, ਕਰ ਦੇ ਰੌਸ਼ਨ ਮੇਰੀਆਂ ਰਾਹਵਾਂ, ਸੋਚਾਂ ਵਿੱਚ ਗੁਲਤਾਨ ਕਿਉਂ ਹੈਂ, ਰੂਹ ਤੋਂ ਭਾਰ ਉਤਾਰ ਬਾਬਲਾ। ਗੁਰਭਜਨ ਗਿੱਲ। ਕਲਾ ਕ੍ਰਿਤ: ਅਸੀਸ ਕੌਰ ਗਿੱਲ




ਹੱਲਿਆਂ ਮਗਰੋਂ, ਜਿਸ ਘਰ ਆਏ, ਓਥੇ ਆਹ ਇੱਕ ਕੌਲ ਪਿਆ ਸੀ। ਓਧਰ ਜੋ ਕੁਝ ਛੱਡ ਆਏ ਸਾਂ, ਸੋਚ ਸੋਚ ਕੇ ਹੌਲ ਪਿਆ ਸੀ। ਮਾਂ ਸਾਡੀ ਨੇ ਪੇਟੀ ਦੇ ਵਿੱਚ ਅਹਿਮ ਨਿਸ਼ਾਨੀ ਬੜੀ ਸੰਭਾਲ਼ੀ, ਪਰ ਉਹ ਗੁੰਮ ਗਵਾਚ ਗਿਆ ਜੋ ਨੁੱਕਰੇ ਲੁਕਿਆ ਚੌਲ ਪਿਆ ਸੀ। ਗੁਰਭਜਨ ਗਿੱਲ



ਅੰਬਰੀਂ ਭਟਕਣ ਬੱਦਲੀਆਂ, ਰੂੰ ਦੇ ਫੰਬਿਆਂ ਵਾਂਗ। ਕਦ ਧਰਤੀ ਤੇ ਵਰ੍ਹਨੀਆਂ, ਔੜ ਸੜੇ ਮਨ ਤਾਂਘ। ਸੁਣ ਲੈ ਮਨ ਪਰਦੇਸੀਆ, ਤੂੰ ਵੀ ਸੋਚ ਵਿਚਾਰ, ਸੁੰਨੀ ਸੱਖਣੀ ਸਹਿਕਦੀ, ਰੂਹ ਬਿਰਹਣ ਦੀ ਮਾਂਗ। ਗੁਰਭਜਨ ਗਿੱਲ



ਅੱਖ ਤੇ ਅੱਥਰੂ ਜੀਕਣ 'ਕੱਠੇ, ਵੱਖਰੇ ਨਹੀਉਂ ਕਰ ਹੁੰਦੇ ਨੇ ।
ਟਾਹਣੀ ਨਾਲੋਂ ਟੁੱਟੇ ਫੁੱਲ ਤੋਂ, ਸਦਮੇ ਵੀ ਨਾ ਜਰ ਹੁੰਦੇ ਨੇ । ਤੂੰ
ਮੇਰੀ ਉਂਗਲੀ ਨਾ ਛੱਡੀਂ, ਸਦਾ ਹੁੰਗਾਰਾ ਦੇਂਦਾ ਰਹੁ ਤੂੰ, ਨੈਣਾਂ
ਵਿਚਲੇ ਤਲਖ਼ ਸਮੁੰਦਰ, ਕੱਲ੍ਹਿਆਂ ਕਿੱਥੇ ਤਰ ਹੁੰਦੇ ਨੇ।
ਗੁਰਭਜਨ ਗਿੱਲ



ਸਾਡੇ ਪਿੰਡ ਦੀ ਹਰ ਇਕ ਮਾਂ ਸੀ, ਬਿਲਕੁਲ ਮੇਰੀ ਮਾਂ ਦੇ ਵਰਗੀ। ਜਿਉਂ ਹਰ ਬੋਹੜ ਦੀ ਛਾਂ ਹੁੰਦੀ ਹੈ ਸੰਘਣੀ ਛਤਰੀ ਛਾਂ ਦੇ ਵਰਗੀ। ਚੁੱਪ-ਚੁਪੀਤੇ ਭਰ ਵਗਦੇ ਦਰਿਆ ਦੇ ਵਾਂਗ ਨਿਰੰਤਰ ਵਹਿੰਦੀ, ਪਾਕ-ਪਵਿੱਤਰ ਅੰਮ੍ਰਿਤ ਦੀ ਘੁੱਟ, ਨਾਂਹ ਵੀ ਜਿਸ ਦੀ ਹਾਂ ਦੇ ਵਰਗੀ। ਗੁਰਭਜਨ ਗਿੱਲ



ਜ਼ਿੰਦਗੀ ਦੇ ਸਾਜ਼ ਨੂੰ ਸੁਰ ਕਰਦਿਆਂ ਗੁਜ਼ਰੀ ਏ ਰਾਤ। ਅੱਖ ਉਲਝੀ ਜ਼ੁਲਫ਼ ਉੱਤੇ ਧਰਦਿਆਂ ਗੁਜ਼ਰੀ ਏ ਰਾਤ। ਮੁੱਦਤਾਂ ਪਹਿਲਾਂ ਮਿਲੇ ਸੀ ਪੱਤਣਾਂ ਤੇ ਜਿਸ ਤਰ੍ਹਾਂ, ਮਹਿਕਦੇ ਓਸੇ ਸਰਾਂ ਵਿਚ ਤਰਦਿਆਂ ਗੁਜ਼ਰੀ ਏ ਰਾਤ। ਗੁਰਭਜਨ ਗਿੱਲ



ਜਦ ਵੀ ਤੱਕਿਆ ਤੇ ਇੰਜ ਲੱਗਿਆ ਮੇਰੇ ਚਾਰ ਚੁਫ਼ੇਰੇ ਖ਼ੁਸ਼ਬੂ।
ਜਾਗਦਿਆਂ ਤੇ ਸੁੱਤਿਆਂ ਖ਼ੁਸ਼ਬੂ, ਮਹਿਕੇ ਸ਼ਾਮ ਸਵੇਰੇ ਖ਼ੁਸ਼ਬੂ।
ਹੱਸੇਂ ਲੱਗਦਾ ਫੁੱਲ ਕਿਰਦੇ ਨੇ, ਸਾਰੀ ਧਰਤੀ ਭਰ ਚੱਲੀ ਹੈ,
ਕੋਸੀ ਧੁੱਪ ਸਿਆਲ ਦੀ ਜਿੱਸਰਾਂ, ਚੜ੍ਹ ਕੇ ਖੜ੍ਹੀ ਬਨੇਰੇ
ਖ਼ੁਸ਼ਬੂ। ਗੁਰਭਜਨ ਗਿੱਲ



ਦਿਨ ਚੜ੍ਹਿਆ ਹੈ, ਸੂਰਜ ਵਿੱਚੋਂ ਤੇਰੇ ਨਕਸ਼ ਨਿਹਾਰ ਰਿਹਾ ਹਾਂ। ਕਿਰਨਾਂ ਵਿੱਚੋਂ ਤੇਰਾ ਚਿਹਰਾ, ਧੜਕਣ ਵਿੱਚ ਉਤਾਰ ਰਿਹਾ ਹਾਂ। ਤੇਰੀ ਨਾਭੀ ਵਿੱਚ ਕਸਤੂਰੀ, ਏਦਾਂ ਕੁਝ ਮਹਿਸੂਸ ਕਰਾਂ ਮੈਂ, ਮਹਿਕ ਦੁਆਰੇ ਪਹੁੰਚਣ ਦੇ ਲਈ ਆਪਣੇ ਪੰਖ ਪਸਾਰ ਰਿਹਾ ਹਾਂ। ਗੁਰਭਜਨ ਗਿੱਲ



ਨਵੇਂ ਰੰਗ ਵਿੱਚ ਰੰਗ ਦੇ ਮੈਨੂੰ ਮਹਿਕਾਂ ਭਰ ਕੇ। ਮਿੱਟੀ ਦੇ ਬੁੱਤ
ਤਾਈਂ ਛੂਹਕੇ ਜਿਉਂਦਾ ਕਰਕੇ। ਮੇਰੇ ਦਿਲ ਤੇ ਹੱਥ ਧਰ ਦੇ ਇਹ
ਧੜਕ ਪਵੇਗਾ, ਇਸ ਨੂੰ ਧੜਕਣ ਲਾ ਦੇ, ਥੋਹੜੀ ਰਹਿਮਤ
ਕਰਕੇ। ਗੁਰਭਜਨ ਗਿੱਲ




ਥਾਲੀ ਵਿੱਚ ਪਰੋਸ ਕੇ ਜਿਸਨੂੰ ਰਹਿਮਤ ਦੇਵੇ ਜ਼ਿੰਦਗੀ ਮੱਖਣਾ। ਸਾਰੀ ਉਮਰ ਗੰਡੋਆ ਰਹਿੰਦੈ, ਰੀੜ੍ਹ ਦੀ ਹੱਡੀ ਤੋਂ ਬਿਨ ਸੱਖਣਾ। ਜ਼ਿੰਦਗੀ ਤਾਂ ਸੰਘਰਸ਼ ਦਾ ਨਾਂ ਹੈ, ਦੁੱਖ ਸੁਖ ਘਾੜ੍ਹਤ ਘੜ੍ਹਦੈ ਬੰਦਿਆ, ਮੌਕਾ ਮਿਲੇ ਪਲਾਕੀ ਮਾਰੀਂ, ਵਕਤ ਸਵਾਰੀ ਨਿਸ਼ਚਾ ਰੱਖਣਾ। ਗੁਰਭਜਨ ਗਿੱਲ



ਰੂਹ ਅੰਦਰ ਵਿਸਮਾਦ ਭਰ ਗਿਆ, ਤੇਰੇ ਨਾਲ ਗੁ਼ਫ਼ਤਗੂ ਕਰਕੇ। ਕਰਾਮਾਤ ਨਹੀਂ ਦੱਸਣੀ ਤੈਨੂੰ , ਕਿੰਜ ਮੁੜਿਆਂ ਇੱਕ ਵਾਰੀ ਮਰ ਕੇ। ਜ਼ਿੰਦਗੀ ਹੈ ਰੰਗਾਂ ਦਾ ਮੇਲਾ, ਪਰ ਇਹ ਮਾਨਣ ਵਾਲੇ ਵਿਰਲੇ, ਇੱਕ ਵਾਰੀ ਫਿਰ ਭਰੀਂ ਹੁੰਗਾਰਾ, ਆਵਾਂ ਦਿਲ ਦਰਿਆ ਨੂੰ ਤਰ ਕੇ। ਗੁਰਭਜਨ ਗਿੱਲ



ਹੁਣੇ ਹੁਣੇ ਬੱਸ ਚੇਤੇ ਕੀਤਾ, ਓਸੇ ਪਲ ਆਹ ਸੂਰਜ ਚੜ੍ਹਿਆ।
ਕਿਰਨਾਂ ਚਾਰ ਚੁਫ਼ੇਰੇ ਝੁਰਮਟ, ਤੂੰ ਇਹ ਕਿਹੜਾ ਮੰਤਰ
ਪੜ੍ਹਿਆ। ਦਿਨ ਤੇ ਰਾਤ ਮਿਲਾ ਕੇ ਚੌਵੀ, ਘੰਟੇ ਹੁੰਦੇ ਰੋਜ਼
ਦਿਹਾੜੀ, ਮੇਰੇ ਸਾਹਾਂ ਅੰਦਰ ਧੜਕੇਂ, ਲਾਵੇਂ ਅੱਖ ਘੜੀ ਨਾ
ਅੜਿਆ। ਗੁਰਭਜਨ ਗਿੱਲ


ਟਾਹਲੀ ਦੇ ਪੱਤਿਆਂ ਤੇ ਲਿਖ ਕੇ ਸੋਹਣਾ ਤੂੰ ਪੈਗਾਮ ਭੇਜਿਆ। ਬਿਨ ਸਿਰਨਾਵੇਂ ਚਿੱਠੀ ਮਿਲ ਗਈ ਲਿਖਤੁਮ ਹੇਠਾਂ ਸ਼ਾਮ ਭੇਜਿਆ। ਇਸ ਧਰਤੀ ਤੇ ਫਿਰ ਆਵਾਂਗੇ,ਵੇਖਿਉ ਜਦੋਂ ਫੁਟਾਰਾ ਫੁੱਟਿਆ, ਰੱਖਿਉ ਜੜ੍ਹਾਂ ਸਲਾਮਤ ਯਾਰੋ ਕਿੱਸਾ ਖੋਲ੍ਹ ਤਮਾਮ ਭੇਜਿਆ। ਗੁਰਭਜਨ ਗਿੱਲ



ਸਬਰ ਸਿਦਕ ਸੰਤੋਖ ਸਮਰਪਣ, ਸੁਹਜ ਸਲੀਕਾ ਸ਼ਾਮਿਲ ਕਰ ਦੇ । ਮਹਿੰਗੇ ਮੁੱਲ ਦੇ ਮਾਣਕ-ਮੋਤੀ, ਭਰ ਭਰ ਮੁੱਠੀਆਂ ਝੋਲੀ ਭਰ ਦੇ । ਬਹੁਤ ਦਿਨਾਂ ਤੋਂ ਗੱਲ ਨਹੀਂ ਹੋਈ, ਨਬਜ਼ ਖਲੋਤੀ ਹੋਵੇ ਜੀਕਣ, ਮਿੱਟੀ ਦਾ ਬੁੱਤ ਬੋਲਣ ਲਾ ਦੇ, ਮਾਰ ਆਵਾਜ਼ ਜਿਉਂਦਾ ਕਰ ਦੇ। ਗੁਰਭਜਨ ਗਿੱਲ



ਜੇਕਰ ਵਿਦਿਆ ਵਰਤੀ ਹੀ ਨਾ, ਕਿਹੜੇ ਕੰਮ ਕਿਤਾਬਾਂ ਪੜ੍ਹੀਆਂ। ਬੋਝ ਢੋਂਦਿਆਂ ਉਮਰ ਗੁਜ਼ਾਰੀ, ਟੁੱਟੀਆਂ ਨਾ ਜੰਜ਼ੀਰਾਂ,ਕੜੀਆਂ। ਹੇ ਗਿਆਨੀ ਵਿਗਿਆਨੀ ਵੀਰਾ, ਝਾਤੀ ਮਾਰ ਕਦੇ ਮਨ ਅੰਦਰ, ਵਕਤ ਖਲੋਤਾ ਫੜਦਾ ਕਿਉਂ ਨਹੀਂ, ਵਾਹੋਦਾਹੀ ਭੱਜਣ ਘੜੀਆਂ। ਗੁਰਭਜਨ ਗਿੱਲ



ਨਾ ਘਬਰਾਵੀਂ ਜੀਣ ਜੋਗਿਆ, ਅੱਜ ਮਗਰੋਂ ਹੀ ਕੱਲ੍ਹ ਹੁੰਦਾ ਹੈ । ਢੇਰੀ ਢਾਹ ਕੇ ਬਹਿ ਨਾ ਜਾਵੀਂ, ਹਰ ਮੁਸ਼ਕਿਲ ਦਾ ਹੱਲ ਹੁੰਦਾ ਹੈ । ਚਾਰ ਚੁਫ਼ੇਰ ਘੁੰਮਰੀਆਂ ਪਾਉਂਦਾ ਦਰਦ ਪਰਿੰਦਾ ਬਹਿਣ ਨਾ ਦੇਵੀਂ, ਮਨ ਦੀ ਟਾਹਣੀ ਪੱਕਾ ਰਹਿ ਕੇ ਏਹੀ ਬਣਦਾ ਸੱਲ ਹੁੰਦਾ ਹੈ ।ਗੁਰਭਜਨ ਗਿੱਲ



ਆਪਣੀ ਖਸਲਤ ਸਭ ਰੁੱਖਾਂ ਦੀ,ਬੋਹੜਾਂ ਦੀ ਕੁਰਸੀ ਨਹੀਂ ਬਣਦੀ। ਸੂਰਜ ਭਾਵੇਂ ਕਿੱਲ੍ਹ ਕੇ ਮਰ ਜੇ, ਪੱਤਿਆਂ ਵਿੱਚ ਦੀ ਧੁੱਪ ਨਹੀਂ ਛਣਦੀ। ਇਹ ਅਰਦਾਸ ਮੇਰੇ ਲਈ ਕਰਿਓ,ਰਹਿਣ ਸਲਾਮਤ ਪੁੱਤ ਪੱਤ ਮੇਰੇ, ਮੇਰੇ ਸਾਹੀਂ ਜੀਵੇ ਜਾਗੇ, ਹਸਤੀ ਧਰਤੀ ਦੇ ਹਰ ਕਣ ਦੀ। ਗੁਰਭਜਨ ਗਿੱਲ

ਚੜ੍ਹਦਾ ਸੂਰਜ ਵੇਖ ਲਿਆ ਮੈਂ, ਇਓਂ ਲੱਗਿਆ ਤੂੰ ਕੋਲ ਹੈਂ ਮੇਰੇ। ਏਸ ਤਰ੍ਹਾਂ ਹੀ ਮਿਲ ਜਾਇਆ ਕਰ, ਚੀਰ ਚੂਰ ਕੇ ਘੋਰ ਹਨ੍ਹੇਰੇ। ਮਨ ਮਸਤਕ ਵੀ ਖਿੜ ਜਾਂਦਾ ਹੈ, ਨੂਰੀ ਕਿਰਨਾਂ ਮੱਥੇ ਝੱਸ ਕੇ, ਬੁੱਕਲ ਵਿੱਚ ਸ੍ਰਿਸ਼ਟੀ ਜਾਪੇ, ਜਦ ਹੋ ਜਾਂਦੇ ਦਰਸ਼ਨ ਤੇਰੇ।ਗੁਰਭਜਨ ਗਿੱਲ



ਤਨ ਦੀ ਭਟਕਣ, ਮਨ ਦੀ ਅਟਕਣ, ਸਾਬਤ ਕਦਮ ਅਡੋਲ ਰਹੇ । ਅਕਲ ਦੀ ਸੰਗਲੀ, ਫੜ ਲੈ ਘੁੱਟਕੇ, ਖਿਸਕੇ ਨਾ ਇਹ ਕੋਲ ਰਹੇ । ਹਰ ਮੰਜ਼ਿਲ ਹੀ ਖ਼ੁਦ ਸਿਰਨਾਵਾਂ ਦੱਸ ਦੇਂਦੀ ਹੈ ਪਾਂਧੀ ਨੂੰ, ਪਰਪੱਕ ਨਿਸ਼ਚਾ ਹੋਵੇ ਜੇਕਰ ਪੈਰਾਂ ਵਿੱਚ ਸਮਤੋਲ ਰਹੇ। ਗੁਰਭਜਨ ਗਿੱਲ



ਉਮਰ ਗੁਜ਼ਾਰੀ ਜਿੰਨ੍ਹਾਂ ਸਾਰੀ, ਵਤਨ ਮੇਰਾ ਬਰਬਾਦ ਕਰਦਿਆਂ । ਸ਼ਰਮ ਕਿਉਂ ਨਹੀਂ ਮੰਨਦੇ ਨੇਤਾ, ਭਗਤ ਸਰਾਭੇ ਯਾਦ ਕਰਦਿਆਂ । ਹੱਕ ਸੱਚ ਤੇ ਇਨਸਾਫ਼ ਦਾ ਨਕਸ਼ਾ, ਵਾਹਿਆ ਜਿਹੜਾ ਸੂਰਮਿਆਂ ਸੀ, ਠੇਕੇਦਾਰਾਂ ਬਦਲ ਲਿਆ ਹੈ, ਬੇਗਮਪੁਰਾ ਆਬਾਦ ਕਰਦਿਆਂ ।

ਗੁਰਭਜਨ ਗਿੱਲ



ਸ਼ਯਾਮ ਘਟਾਂ ਚੜ੍ਹ ਆਈਆਂ ਮੁੜ ਕੇ, ਸਾਂਵਲ ਘਰ ਨੂੰ ਮੋੜ ਮੁਹਾਰਾਂ । ਪੁੰਨੂੰ ਪੁੰਨੂੰ ਕੂਕ ਰਹੀ ਜਿੰਦ, ਮਾਰੂਥਲ ਵਿਚ 'ਵਾਜ਼ਾਂ ਮਾਰਾਂ । ਬੱਗੀ ਪੂਣੀ ਹੋ ਚੱਲੀ ਜਿੰਦ, ਕੱਤੀ ਜਾਵਾਂ ਰੋਜ਼ ਪੂਣੀਆਂ, ਸਾਉਣ ਮਹੀਨੇ ਕਿਣ ਮਿਣ ਕਣੀਆਂ, ਮਾਰਦੀਆਂ ਹੁੱਝਾਂ ਤੇ ਆਰਾਂ। ਗੁਰਭਜਨ ਗਿੱਲ


ਪਿਆਰ ਮੁਹੱਬਤ ਜਿੱਥੋਂ ਮਿਲਦਾ, ਚੁੱਪ ਕਰਕੇ ਲੈ ਲਈਏ।
ਸਣੇ ਵਿਆਜ ਮੋੜਨਾ ਸਿੱਖੀਏ, ਖਾ ਪੀ ਕੇ ਨਾ ਬਹੀਏ।
ਪਸ਼ੂ,ਪਰਿੰਦੇ, ਕੁੱਲ ਪ੍ਰਿਕਰਤੀ, ਹਰ ਪਲ ਦੇਂਦੀ ਲੈਂਦੀ, ਇਸ
ਥਾਂ ਤੇ ਨਾ ਚੱਲਦੇ ਤੇਰੇ ਖੋਟੇ ਨੋਟ ਰੁਪਈਏ। ਗੁਰਭਜਨ ਗਿੱਲ



ਸ਼ਬਦ ਹਮੇਸ਼ਾਂ ਚੁੱਪ ਰਹਿੰਦੇ ਨੇ, ਜਿਸ ਵੇਲੇ ਕਿਰਦਾਰ ਬੋਲਦਾ । ਵਕਤ ਹੁੰਗਾਰਾ ਭਰਦਾ ਆਪੇ, ਸੁਣ ਕੇ ਮਹਿਰਮ ਯਾਰ ਬੋਲਦਾ । ਧਰਤ, ਆਕਾਸ਼, ਪਾਤਾਲ ਤੇ ਚੌਥਾ ਕੁੱਲ ਸ੍ਰਿਸ਼ਟੀ ਰੌਣਕ-ਮੇਲਾ, ਸਗਲ ਬਨਸਪਤਿ ਗਾਉਂਦੀ ਜਾਪੇ, ਜਦ ਤੂੰ ਅੰਦਰਵਾਰ ਬੋਲਦਾ। ਗੁਰਭਜਨ ਗਿੱਲ



ਮੈਂ ਕਾਦਰ ਨੂੰ ਖ਼ੁਦ ਤੱਕਿਆ ਹੈ,ਮਿੱਟੀ ਦਾ ਅਨੁਵਾਦ ਕਰਦਿਆਂ। ਟਾਹਣੀਆਂ ਉੱਪਰ ਫੁੱਲ ਤੇ ਪੱਤੇ, ਵਿੱਚ ਮਹਿਕਾਂ ਵਿਸਮਾਦ ਧਰਦਿਆਂ। ਜੇਕਰ ਤੈਨੂੰ ਰੰਗ ਨਾ ਦਿਸਦੇ, ਤੀਜਾ ਨੇਤਰ ਖੋਲ੍ਹ ਕੇ ਵੇਖੀਂ, ਧਰਤੀ ਸੂਰਜ ਵੇਖੇ ਮੈਂ ਤਾਂ , ਸੱਖਮ ਸੱਖਣੀ ਝੋਲ ਭਰਦਿਆਂ। ਗੁਰਭਜਨ ਗਿੱਲ
Good morning



ਦਿਨ ਚੜ੍ਹਦੇ ਤੋਂ ਸ਼ਾਮ ਤੀਕ ਜਦ ਯਾਦਾਂ ਝੁਰਮਟ ਪੌਂਦੀਆਂ ਨੇ । ਸਾਹਾਂ ਵਿੱਚ ਸਰਗਮ ਛਿੜ ਪੈਂਦਾ, ਫਿਰ ਪੌਣਾਂ ਨਗਮੇ ਗੌਂਦੀਆਂ ਨੇ । ਕਦੇ ਸੂਰਜ ਚੰਨ ਤੇ ਤਾਰਿਆਂ ਵਿੱਚ, ਜਿੰਦ ਲੱਭਦੀ ਤੈਨੂੰ ਸਾਰਿਆਂ ਵਿੱਚ, ਸੁਣਿਆ ਕਰ ਅੰਬਰਾਂ ਵਾਲੜਿਆ, ਜਦ ਕੂੰਜੜੀਆਂ ਕੁਰਲੌਂਦੀਆਂ ਨੇ। ਗੁਰਭਜਨ ਗਿੱਲ



ਰਾਤ ਹਨ੍ਹੇਰੀ, ਠੱਕਾ ਵਗਦਾ, ਦੀਵੇ ,ਲਾਟਾਂ ਡੋਲਦੀਆਂ ।
ਅੱਖਾਂ ਵਿਚੋਂ ਖ਼੍ਵਾਬ ਗੁਆ ਕੇ, ਹੁਣ ਇਹ ਕਿਸ ਨੂੰ ਟੋਲਦੀਆਂ ?
ਜਿਹੜੀ ਥਾਂ ਤੋਂ ਮੇਰੀ ਮੂਰਤ ਲਾਹ ਕੇ ਤੂੰ ਖ਼ੁਸ਼ ਹੋਈ ਸੈਂ,
ਓਸੇ ਥਾਂ ਤੋਂ ਖਾਲੀ ਕੰਧਾਂ, ਸੁਣ ਤੂੰ ਕੀ ਕੁਝ ਬੋਲਦੀਆਂ।
ਗੁਰਭਜਨ ਗਿੱਲ



ਏਸ ਵਤਨ ਵਿੱਚ ਘਰ ਕਿੱਥੇ ਹੈ, ਖ਼ਾਲੀ ਚਾਰਦੀਵਾਰੀਆਂ ਨੇ । ਲੱਭਦਿਆਂ ਇਹ ਉਮਰਾ ਬੀਤੀ, ਤਾਂ ਹੀ ਅੱਖੀਆਂ ਭਾਰੀਆਂ ਨੇ । ਮੇਰੇ ਪੈਰੀਂ ਬਚਪਨ ਤੋਂ ਹੀ, ਬੱਝ ਗਏ ਪਰਬਤ, ਦਿਸਦੇ ਨਹੀਂ, ਅਪਣੇ ਤੋਂ ਹੀ ਅਪਣੇ ਤੀਕਰ, ਤਾਂਹੀਉਂ ਸਗਲ ਉਡਾਰੀਆਂ ਨੇ। ਗੁਰਭਜਨ ਗਿੱਲ

ਅੰਧਰ ਤੀਕਰ ਪੌੜੀ ਧਣਦੇ
ਧਿਰਖ਼ ਸੁਹੱਧਤਾ ਵਾਸ੍ਹੇ।

ਚੰਨ ਤੇ ਸੂਰਜ ਧੁੱਕਣ ਧਰਿੰਦੇ
ਚਾਨਣ ਦੇਣ ਦੁਆਸ੍ਹੇ।

ਆਰੀ ਚੀਰਨ ਵਾਸ਼ੀ ਸੈ ਕੇ,
ਆ ਗਏ ਨੇ ਵਣਜਾਰੇ ,

ਕੁਰਸੀ ਘਾੜ੍ਹੇ ਨਾਣ ਸਿਸੇ ਨੇ,
ਦੋਹਾਂ ਦੇ ਦਿਣ ਕਾਸ਼੍ਹੇ।

ਗੁਰਭਜਨ ਗਿੱਲ



ਰਾਤੀਂ ਬਹਿ ਕੇ ਖ਼ਤ ਲਿਖਿਆ ਕਰ, ਉੱਠ ਸਵੇਰੇ ਪੜ੍ਹਿਆ ਕਰ। 'ਵਾ ਦੇ ਘੋੜੇ ਚੜ੍ਹ ਕੇ ਐਵੇਂ, ਬੱਚਿਆਂ ਵਾਂਗ ਨਾ ਲੜਿਆ ਕਰ। ਅੱਭੜਵਾਹੇ ਉੱਠ ਬਹਿੰਦਾ ਏ, ਨਾ ਤੁਰਿਆ ਕਰ ਸੁਪਨੇ ਵਿਚ, ਟੀਸੀ ਤੇ ਅੱਪੜਨ ਲਈ ਵੀਰਾ, ਪੌੜੀ ਪੌੜੀ ਚੜ੍ਹਿਆ ਕਰ। ਗੁਰਭਜਨ ਗਿੱਲ




ਵੇ ਪੁੱਤਰੋ ਵੇ ਜੀਣ ਜੋਗਿਓ, ਲਾਜ ਧਰਮ ਨੂੰ ਲੱਗ ਨਾ ਜਾਵੇ।
ਰਣ ਭੂਮੀ ਵਿੱਚ ਜੋ ਵੀ ਖੁੰਝਿਆ,ਪਛਤਾਉਂਦੇ ਹੀ ਉਮਰ ਲੰਘਾਵੇ। ਜੇ ਆਖੋ ਤਾਂ ਆ ਜਾਂਦੀ ਹਾਂ,ਮਾਂ ਭਾਗੋ ਦੀ ਵਾਰਿਸ ਹਾਂ ਮੈਂ, ਰਲ਼ ਮਿਲ਼ ਕੇ ਹੀ ਹਿੱਲਣੇ ਬੱਚਿਉ,ਡਾਢੇ ਰਾਜ ਤਖ਼ਤ ਦੇ ਪਾਵੇ। ਗੁਰਭਜਨ ਗਿੱਲ



ਇੱਕ ਅੱਧ ਬੋਲ ਸੁਣਾ ਦੇ ਮੈਨੂੰ ਹਾਲੇ ਦਿਲ ਨਹੀਂ ਭਰਿਆ ਯਾਰ । ਇਕਲਾਪੇ ਦਾ ਬੋਝ ਮੇਰੇ ਤੋਂ, ਹੋਰ ਨਾ ਜਾਵੇ ਜਰਿਆ ਯਾਰ । ਜਿਵੇਂ ਸ਼ਰੀਂਹ ਦੀਆਂ ਫ਼ਲੀਆਂ ਛਣਕਣ ਪੌਣ ਵਰਗੇ ,ਘੁੰਗਰਾਲਾਂ ਵਾਂਗ, ਹਾਸੇ ਦੀ ਛਣਕਾਰ 'ਚ ਦੱਸ ਦੇ , ਕੀ ਤੂੰ ਜਾਦੂ ਭਰਿਆ ਯਾਰ। ਗੁਰਭਜਨ ਗਿੱਲ




ਏਸ ਫ਼ਿਕਰ ਨੇ ਮਾਰ ਲਿਆ ਹੈ, ਕਿਹੜਾ ਅੱਜ ਕੱਲ੍ਹ ਕੀ ਕਰਦਾ ਹੈ? ਏਸੇ ਕਰਕੇ ਹਰ ਇੱਕ ਬੰਦਾ, ਜੀਂਦਾ ਘੱਟ ਤੇ ਵੱਧ ਮਰਦਾ ਹੈ। ਇੱਕ ਦੂਜੇ ਤੋਂ ਏਨੀ ਚੋਰੀ, ਹੱਦੋਂ ਵਧ ਗਈ ਬੇਵਿਸ਼ਵਾਸੀ, ਸੱਜੇ ਹੱਥ ਨੂੰ ਖ਼ਬਰ ਨਾ ਕੋਈ, ਖੱਬਾ ਅੱਜ ਕੱਲ੍ਹ ਕੀ ਕਰਦਾ ਹੈ। ਗੁਰਭਜਨ ਗਿੱਲ



ਜਲ ਮਿਲਿਆ ਪਰਮੇਸ਼ਰ ਮਿਲਿਆ ਇਹ ਗੱਲ ਆਪਾਂ ਭੁੱਲ ਗਏ ਆਂ। ਗਰਜਾਂ ਪਿੱਛੇ ਫ਼ਰਜ਼ ਵਿਸਾਰੇ, ਕਿਸ ਤੱਕੜੀ ਵਿੱਚ ਤੁੱਲ ਗਏ ਆਂ। ਵਕਤ ਗੁਆ ਕੁਝ ਹੱਥ ਨਾ ਆਉਣਾ, ਹੁਣ ਵੀ ਵੇਲਾ ਸੰਭਲ਼ ਜਾਈਏ, ਤਿੜਕੇ ਘੜਿਉਂ ਤੁਪਕਾ ਤੁਪਕਾ ਭਾਵੇਂ ਬਹੁਤਾ ਡੁੱਲ੍ਹ ਗਏ ਆਂ।ਗੁਰਭਜਨ ਗਿੱਲ




ਏਸ ਤਰ੍ਹਾਂ ਹੀ ਹਰ ਘਰ ਟਹਿਕਣ ਫੁੱਲ ਪੱਤੀਆਂ ਖ਼ੁਸ਼ਬੋਈਆਂ। ਮੱਥੇ ਦੇ ਵਿੱਚ ਸੋਚਾਂ ਪੁੰਗਰਨ ,ਨਵੀਆਂ ਸਦਾ ਨਰੋਈਆਂ। ਧਰਤ ,ਧਰੇਕਾਂ ,ਧੀਆਂ ਤਿੰਨੇ, ਪੌਣਾਂ ਕਰਨ ਪਵਿੱਤਰ , ਜੋ ਕੌਮਾਂ ਨਾ ਸਾਂਭਣ ਪੂੰਜੀ, ਉਹ ਮੋਈਆਂ ਕਿ ਮੋਈਆਂ। ਗੁਰਭਜਨ ਗਿੱਲ


ਧੀ ਪੁੱਤ ਪਾਲਣ, ਸਦਾ ਸੰਭਾਲਣ, ਜੇਕਰ ਉਸਦੀ ਆਸ ਦਾ ਬੂਟਾ। ਧਰਤੀ ਮਾਂ ਵੀ ਸਦਾ ਸੰਭਾਲੇ, ਅਣਖ਼ੀਲੇ ਇਤਿਹਾਸ ਦਾ ਬੂਟਾ। ਹੋਰ ਜਗ੍ਹਾ ਜ਼ਰਖੇਜ਼ ਨਾ ਕੋਈ, ਜਿੱਥੇ ਹੈ ਇਹ ਜੜ੍ਹ ਲਾ ਸਕਦਾ, ਦਿਲ ਦੀ ਮਿੱਟੀ ਵੱਤਰ ਕਰ ਲਓ, ਜੇ ਲਾਉਣਾ ਵਿਸ਼ਵਾਸ ਦਾ ਬੂਟਾ। ਗੁਰਭਜਨ ਗਿੱਲ



ਵਤਨ ਅਸਾਡਾ ਚੋਰਾਂਵਾਲੀ ਜਿੱਥੇ ਧਰਮ ਈਮਾਨ ਤੋਂ ਚੋਰੀ।
ਧਰਮਸਾਲ ਵਿੱਚ ਵਿਕਦਾ ਹਰ ਦਿਨ ਕਿੰਨਾ ਕੁਝ ਭਗਵਾਨ ਤੋਂ ਚੋਰੀ । ਵੇਖਣ ਨੂੰ ਦਰਵਾਜ਼ੇ ਪਹਿਰਾ, ਕੁੰਡੇ ਜੰਦਰੇ ਥਾਂ ਥਾਂ ਲਮਕਣ, ਚੈਨ ਗੁਆਚਾ, ਰੂਹ ਕੁਰਲਾਵੇ, ਹੋਵੇ ਸਭ ਦਰਬਾਨ ਤੋਂ ਚੋਰੀ।ਗੁਰਭਜਨ ਗਿੱਲ


ਜਿਸ ਦਿਨ ਤੂੰ ਨਜ਼ਰੀਂ ਆ ਜਾਵੇਂ, ਓਹੀ ਦਿਵਸ ਗੁਲਾਬ ਦੇ ਵਰਗਾ। ਬਾਕੀ ਬਚਦਾ ਹਰ ਦਿਨ ਜੀਕੂੰ, ਰੁੱਸ ਗਏ ਦੇਸ ਪੰਜਾਬ ਦੇ ਵਰਗਾ। ਨਜ਼ਰ ਤੇਰੀ ਵਿੱਚ ਸੂਰਜ ਰੌਸ਼ਨ, ਤੋਰ ਜਿਵੇਂ ਦਰਿਆਈ ਲਹਿਰਾਂ, ਮੱਥਾ ਹੈ ਜਿਉਂ ਨੂਰ ਇਲਾਹੀ, ਗੋਲਮੋਲ ਮਾਹਤਾਬ ਦੇ ਵਰਗਾ। ਗੁਰਭਜਨ ਗਿੱਲ



ਬਲਿਹਾਰੀ ਤਾਂ ਆਪੇ ਕੁਦਰਤ, ਤੂੰ ਲੱਭਦੈਂ ਸੰਗ ਮਰ ਮਰ ਅੰਦਰ। ਪੜ੍ਹਿਆ ਕਰ ਤੂੰ ਸ਼ਬਦ ਗੁਰੂ ਨੂੰ, ਹਰਿ ਤਾਂ ਵੱਸਦਾ ਹਰ ਹਰ ਅੰਦਰ। ਆਪਣੀ ਪੀੜ ਵਿਖਾ ਕੇ ਐਵੇਂ, ਹਮਦਰਦੀ ਨਾ ਮੰਗੀਂ ਸੱਜਣਾ, ਮਲ੍ਹਮ ਵਿਰਲਿਆਂ ਪੱਲੇ ਏਥੇ, ਲੂਣਦਾਨੀਆਂ ਘਰ ਘਰ ਅੰਦਰ। ਗੁਰਭਜਨ ਗਿੱਲ



ਹੇ ਵਿਗਿਆਨ! ਤੇਰੇ ਸਿਰ ਸਿਹਰਾ, ਫੁੱਲਾਂ ਦੇ ਰੰਗ ਪੀਲੇ।
ਸਾਡਾ ਸੁੱਚਾ ਫੁੱਲ ਗ਼ੁਲਾਬੀ, ਲੱਭ ਦੇ ਕਰ ਤੂੰ ਹੀਲੇ।
ਮੰਨਿਆ ਕਿ ਬਾਜ਼ਾਰ ਲੋੜਦਾ, ਰੰਗ ਬਰੰਗੀਆਂ ਕਿਸਮਾਂ,
ਪਰ ਖ਼ੁਸ਼ਬੋਈ ਹੀਣ ਇਹ ਮੇਲਾ, ਰੂਹ ਮੇਰੀ ਨਾ ਕੀਲੇ।
ਗੁਰਭਜਨ ਗਿੱਲ



ਵਗਦੇ ਦਰਿਆ ਦੇ ਵਿੱਚ ਸੂਰਜ, ਸਣ ਕੇਸੀਂ ਇਸ਼ਨਾਨ ਕਰੇਗਾ। ਮਗਰੋਂ ਸਾਰਾ ਦਿਨ ਇਹ ਸਾਨੂੰ ਸੁੱਚੀਆਂ ਕਿਰਨਾਂ ਦਾਨ ਕਰੇਗਾ।ਮਾਂਗ ਸੰਧੂਰੀ ਕਰਕੇ ਝੋਲ਼ੀ, ਫ਼ਲ , ਫੁੱਲ, ਦਾਣਿਆਂ ਨਾਲ ਭਰੇਗੀ, ਧਰਤਿ ਸੁਹਾਗਣ ਵਾਂਗ ਸਜੇਗੀ ਜਦ ਵੀ ਏਧਰ ਧਿਆਨ ਕਰੇਗਾ। ਗੁਰਭਜਨ ਗਿੱਲ


ਕੰਨ ਕਰ ਕੋਲ ਮੇਰੇ, ਸੋਹਣੇ ਚੰਨ ਮੱਖਣਾ । ਦਿਲ ਦਾ ਉਬਾਲ ਕਾਹਨੂੰ, ਐਵੇਂ ਸਾਂਭ ਰੱਖਣਾ । ਜ਼ਿੰਦਗੀ 'ਚ ਆਸ ਤੇ ਉਮੀਦ ਹੀ ਚਿਰਾਗ ਨੇ, ਚਾਨਣੀ ਬਗੈਰ ਤਾਂ ਹਮੇਸ਼ ਬੰਦਾ ਸੱਖਣਾ ।ਗੁਰਭਜਨ ਗਿੱਲ



ਕੁਦਰਤ ਤੈਨੂੰ ਕੀ ਕੁਝ ਦੇਵੇ, ਕਰ ਸ਼ੁਕਰਾਨਾ ਫੜਿਆ ਕਰ ਤੂੰ। ਏਸ ਤਰ੍ਹਾਂ ਜਦ ਚਿੱਠੀਆਂ ਪਾਵੇ, ਅੱਖਰ ਅੱਖਰ ਪੜ੍ਹਿਆ ਕਰ ਤੂੰ। ਹਿਰਨਾਂ ਦੇ ਸਿੰਗਾਂ ਤੇ ਚੜ੍ਹ ਕੇ ਲੰਘ ਜਾਨੈਂ ਤੂੰ ਮਾਰ ਫੱਰਾਟੇ, ਕੁਝ ਪਲ ਫੁੱਲਾਂ ਕੋਲ ਬੈਠ ਕੇ, ਸਹਿਜ ਸਵਾਸੀਂ ਮੜ੍ਹਿਆ ਕਰ ਤੂੰ। ਗੁਰਭਜਨ ਗਿੱਲ



ਆਖੇਂ ਕਾਹਨੂੰ ਬਾਬਲ ਤੂੰ ਧੀਆਂ ਨੂੰ ਵਿਚਾਰੀਆਂ। ਚੰਨ ਉੱਤੇ ਪੈੜਾਂ ਪਾਈਆਂ, ਸਾਡੀਆਂ ਉਡਾਰੀਆਂ। ਪੁੱਤਰਾਂ ਨੂੰ ਪੁੱਚ ਪੁੱਚ, ਛੱਡ ਦੇ ਰਿਵਾਜ ਨੂੰ, ਕੁੱਖ ਵਿਚ ਖਾਣ ਸਾਨੂੰ ਰੁੱਤਾਂ ਟੁਣੇਹਾਰੀਆਂ। ਗੁਰਭਜਨ ਗਿੱਲ



ਕਵਿਤਾ ਦੀ ਤਾਕਤ

ਹਿਟਲਰ ਨੇ
ਇੱਕ ਯਹੂਦੀ ਕਵੀ ਨੂੰ
ਗ੍ਰਿਫ਼ਤਾਰ ਕਰਵਾਇਆ
ਤਾਂ ਉਸ ਕਵੀ ਦੀ ਬਾਲੜੀ ਧੀ ਨੇ
ਮਾਂ ਨੂੰ ਪੁੱਛਿਆ?
ਮੇਰੇ ਬਾਪ ਨੂੰ
ਨੂੜ ਕੇ ਕਿਉਂ ਲੈ ਗਏ?
ਮਾਂ ਨੇ ਕਿਹਾ
ਤੇਰੇ ਬਾਪ ਨੇ ਹਿਟਲਰ ਦੇ ਖ਼ਿਲਾਫ਼
ਕਵਿਤਾ ਲਿਖੀ ਸੀ
ਬੱਚੀਏ!

ਬੱਚੀ ਬੋਲੀ
ਇਹ ਕਿਹੜੀ ਗੱਲ ਏ
ਹਿਟਲਰ ਵੀ
ਮੇਰੇ ਬਾਪ ਦੇ ਖ਼ਿਲਾਫ਼
ਕਵਿਤਾ ਲਿਖ ਲੈਂਦਾ।
ਮਾਂ ਨੇ ਸਹਿਜ ਸੁਭਾਵਕ
ਧੀ ਨੂੰ ਸਮਝਾਇਆ!
ਪੁੱਤਰੀਏ!
ਜੇ ਏਨੇ ਜੋਗਾ ਹੁੰਦਾ
ਤਾਂ ਇਹ ਕਰਤੂਤ ਕਦੇ ਨਾ ਕਰਦਾ।

ਪੁਨਰ ਕਥਨਃ ਗੁਰਭਜਨ ਗਿੱਲ



ਫੁੱਲ ਨਹੀਂ, ਖ਼ੁਸ਼ਬੋਈ ਭਿੱਜਿਆ, ਹੁਣ ਹੀ ਤੇਰਾ ਖ਼ਤ ਮਿਲਿਆ ਹੈ। ਸਿਰਫ਼ ਜਿਸਮ ਨਾ, ਧੁਰ ਅੰਦਰ ਤੱਕ ਲੂੰ ਲੂੰ ਜਿੱਸਰਾਂ ਮਹਿਕ ਗਿਆ ਹੈ। ਏਸ ਤਰਜ਼ ਦੀ ਕਰੇਂ ਗੁ਼ਫ਼ਤਗੂ, ਨਿਰਸ਼ਬਦੀ ਪਰ ਸਭ ਕੁਝ ਆਖੇਂ, ਖਿੜਿਆ ਰਹਿ ਕੇ ਖੇੜਾ ਵੰਡੀਏ, ਫ਼ੁੱਲਾਂ ਤੋਂ ਮੈਂ ਸਮਝ ਲਿਆ ਹੈ।

ਗੁਰਭਜਨ ਗਿੱਲ


ਏਸ ਤਰ੍ਹਾਂ ਹੀ ਹਰ ਘਰ ਟਹਿਕਣ ਫੁੱਲ ਪੱਤੀਆਂ ਖ਼ੁਸ਼ਬੋਈਆਂ। ਮੱਥੇ ਦੇ ਵਿੱਚ ਸੋਚਾਂ ਪੁੰਗਰਨ ,ਨਵੀਆਂ ਸਦਾ ਨਰੋਈਆਂ। ਧਰਤ ,ਧਰੇਕਾਂ ,ਧੀਆਂ ਤਿੰਨੇ, ਪੌਣਾਂ ਕਰਨ ਪਵਿੱਤਰ , ਜੋ ਕੌਮਾਂ ਨਾ ਸਾਂਭਣ ਪੂੰਜੀ, ਉਹ ਮੋਈਆਂ ਕਿ ਮੋਈਆਂ। ਗੁਰਭਜਨ ਗਿੱਲ



ਰਹਿਮਤ ਬਣ ਜਾਂਦੀ ਹੈ ਕਵਿਤਾ, ਜਦ ਬੰਦਾ ਕਿਧਰੇ ਘਿਰ ਜਾਵੇ। ਜਦ ਫਿਰ ਜਾਪੇ ਸਾਹ ਰੁਕਦਾ ਹੈ, ਅਗਲਾ ਸਾਹ ਹੁਣ ਖ਼ਬਰੇ, ਆਵੇ ਜਾਂ ਨਾ ਆਵੇ। ਪੋਲੇ ਪੈਰੀਂ ਤੁਰਦੀ-ਤੁਰਦੀ ਨੇੜੇ ਆਵੇ। ਜੀਕਣ ਮੇਰੀ ਵਿੱਛੜੀ ਸਾਥਣ, ਅਣਲਿਖਿਆ ਕੋਈ ਗੀਤ ਸੁਣਾਵੇ। ਮਨ ਦਾ ਚੰਬਾ ਖਿੜ-ਖਿੜ ਜਾਵੇ। ਮਖ਼ਮੂਰੀ ਵਿਚ ਮੈਨੂੰ, ਕੁਝ ਵੀ ਸਮਝ ਨਾ ਆਵੇ। ਗੁਰਭਜਨ ਗਿੱਲ



ਤਨ ਕੱਜਣ ਲਈ ਵਸਤਰ ਚੁਣੀਏ, ਉੱਠਦਿਆਂ ਹੀ ਰੋਜ਼ ਸਵੇਰੇ। ਸ਼ਬਦ ਵਿਚਾਰ ਕਿਉਂ ਨਾ ਧਰੀਏ, ਮਨ ਮੰਦਰ ਦੇ ਸਿਖ਼ਰ ਬਨੇਰੇ। ਸ਼ੁਭ ਕਰਮਨ ਦੀ ਬਾਤ ਕਰਦਿਆਂ, ਘਸ ਚੱਲੀ ਹੈ ਜੀਭ ਨਿਮਾਣੀ, ਅਮਲਾਂ ਦੇ ਬਿਨ ਵਧ ਚੱਲੇ ਨੇ, ਜ਼ਿੰਦਗੀ ਦੇ ਵਿੱਚ ਗੂੜ੍ਹ ਹਨੇਰੇ। ਗੁਰਭਜਨ ਗਿੱਲ



ਚਾਰ ਦਿਨਾਂ ਦੇ ਚਾਨਣ ਮਗਰੋਂ ਹੁਣ ਇਹ ਕਾਲ਼ੀ ਰਾਤ ਕਿਉਂ ਹੈ ? ਬਿਨਾ ਹੁੰਗਾਰਾ, ਅੱਧ ਵਿਚਕਾਹੇ, ਰੁਕ ਚੱਲੀ ਹੁਣ ਬਾਤ ਕਿਉਂ ਹੈ। ਪੌਣੀ ਸਦੀ ਗੁਜ਼ਾਰਨ ਮਗਰੋਂ, ਹੁਣ ਤਾਂ ਸਾਡਾ ਪੁੱਛਣਾ ਬਣਦੈ, ਕੱਚੇ ਘਰ ਦੇ ਹਿੱਸੇ ਆਉਂਦੀ, ਹੰਝੂਆਂ ਦੀ ਬਰਸਾਤ ਕਿਉਂ ਹੈ। ਗੁਰਭਜਨ ਗਿੱਲ



ਜੇ ਦੁੱਧ ਦੀ ਰਾਖੀ ਬਿੱਲਿਆਂ ਨੂੰ ਹੀ ਪਹਿਰੇਦਾਰ ਬਿਠਾਉਗੇ।
ਪਛਤਾਉਗੇ ਪਛਤਾਉਗੇ, ਮੈਂ ਫਿਰ ਕਹਿੰਨਾਂ ਪਛਤਾਉਗੇ।
ਤਾਕਤ ਦਾ ਨਸ਼ਾ ਅਜੀਬ ਜਿਹਾ, ਬੰਦੇ ਨੂੰ ਕੀੜੀ ਦੱਸਦਾ ਹੈ,
ਜਦ ਵਕਤ ਨੇ ਉੱਤਰ ਮੰਗਿਆ ਤਾਂ, ਫਿਰ ਹੱਥ ਮਲਦੇ ਰਹਿ
ਜਾਉਗੇ। ਗੁਰਭਜਨ ਗਿੱਲ


ਰਾਤ ਹਨੇਰੀ, ਠੱਕਾ ਵਗਦਾ, ਦੀਵੇ ਲਾਟਾਂ ਡੋਲਦੀਆਂ ।
ਅੱਖਾਂ ਵਿਚੋਂ ਖ਼ੂਾਬ ਗੁਆ ਕੇ, ਹੁਣ ਇਹ ਕਿਸ ਨੂੰ
ਟੋਲਦੀਆਂ ? ਜਿਹੜੀ ਥਾਂ ਤੋਂ ਮੇਰੀ ਮੂਰਤ ਲਾਹ ਕੇ ਤੂੰ ਖ਼ੁਸ਼
ਹੋਈ ਸੈਂ, ਓਸੇ ਥਾਂ ਤੋਂ ਖਾਲੀ ਕੰਧਾਂ, ਸੁਣ ਤੂੰ ਕੀ ਕੁਝ
ਬੋਲਦੀਆਂ?ਗੁਰਭਜਨ ਗਿੱਲ



ਸ਼ਹਿਰਾਂ ਦੀ ਕਰਤੂਤ ਵੇਖ ਲਉ। ਧੂੰਆਂ ਧਾਰ ਸਬੂਤ ਵੇਖ ਲਉ। ਘਰ ਨਹੀਂ, ਸਿਰਫ਼ ਮਕਾਨ ਖੜ੍ਹੇ ਨੇ, ਬੰਦਿਆਂ ਜਹੇ ਕਲਬੂਤ ਵੇਖ ਲਉ। ਗੁਰਭਜਨ ਗਿੱਲ


ਏਕਮ ਦੇ ਚੰਨ ਮੁੰਦਰੀ ਅੰਦਰ, ਜੇ ਸੈਨੂੰ ਜੜ ਦਏ ਸੁਨਿਆਰਾ। ਸੱਚ ਪੁੱਛੋ ਤਾਂ ਹੋਰ ਜਨਮ ਦੀ ਨਾ ਰਹੇ ਸੈਨੂੰ ਲੋੜ ਦੁਬਾਰਾ। ਦਿਲ ਦੀ ਜੂਹੇ ਫਿਰੇ ਉਦਾਸੀ ਤੇ ਹਿਰਨੋਟੀਆਂ ਨੂਰੀ ਚਸ਼ਮਾਂ, ਚੁੱਪ ਦਾ ਗੁੰਬਦ ਚਾਰ ਦੀਵਾਰੀ, ਅੰਦਰ ਦਰਦ ਸਮੁੰਦਰ ਖ਼ਾਰਾ। ਗੁਰਫਜਨ ਗਿੱਲ



ਬੱਦਲ ਬਣ ਕੇ ਉੱਡਿਆ ਫਿਰਦੈਂ, ਕਿਣਮਿਣ ਕਿਣਮਿਣ ਵਰ੍ਹਿਆ ਕਰ ਤੂੰ। ਧਰਤੀ, ਜੰਤ, ਪਰਿੰਦੇ ਮੰਗਦੇ, ਜਲ ਥਲ ਮਹੀਅਲ ਕਰਿਆ ਕਰ ਤੂੰ। ਇਹ ਧਰਤੀ, ਇਹ ਜੰਗਲ ਬੇਲੇ, ਅੰਬਰ ਚੰਨ ਸਿਤਾਰੇ ਸਾਰੇ, ਤੇਰੀ ਖ਼ਾਤਰ ਬ੍ਰਹਿਮੰਡ ਸਾਰਾ, ਮਿਰਗਾ ਚੁੰਗੀਆਂ ਭਰਿਆ ਕਰ ਤੂੰ।

ਗੁਰਭਜਨ ਗਿੱਲ




ਮੈਂ ਅਪਣੇ ਆਪ ਨੂੰ ਆਖਾਂ ਮੁਕੰਮਲ,ਹੋ ਨਹੀਂ ਸਕਣਾ। ਰਹਾਂ ਚੁੱਪ ,ਵੇਖ ਕੇ, ਏਨਾ ਵੀ ਗਾਫ਼ਿਲ ਹੋ ਨਹੀਂ ਸਕਣਾ। ਮੇਰੇ ਸਾਹਾਂ 'ਚ ਹੌਕੇ, ਪੀੜ ਮੱਥੇ, ਕਸਕ ਦਿਲ ਅੰਦਰ, ਇਕੱਲਾ ਜਿਸਮ ਤਾਂ ਜਸ਼ਨਾਂ 'ਚ ਸ਼ਾਮਿਲ ਹੋ ਨਹੀਂ ਸਕਣਾ।

ਗੁਰਭਜਨ ਗਿੱਲ




ਮੈਨੂੰ ਇਹ ਵਿਸ਼ਵਾਸ ਪੁਰਾਣਾ, ਸੂਰਜ ਨੂੰ ਮੈਂ ਫੜ ਸਕਦਾ ਹਾਂ। ਅੰਤਰ- ਧਿਆਨ ਜਦੋਂ ਵੀ ਹੋਵਾਂ,ਐਸੀ ਸੂਰਤ ਘੜ ਸਕਦਾ ਹਾਂ। ਮਨ ਦਾ ਪਾਰਾਵਾਰ ਨਾ ਕੋਈ, ਹਰ ਪਲ ਗਾਹੇ ਸਗਲ ਸ੍ਰਿਸ਼ਟੀ,ਤਾਂਹੀਂਉਂ ਖ੍ਵਾਬ ਖ਼ਿਆਲ 'ਚ ਤਾਰੇ, ਤੇਰੇ ਕੇਸੀਂ ਜੜ ਸਕਦਾ ਹਾਂ। ਗੁਰਭਜਨ ਗਿੱਲ




ਕੰਨ ਕਰ ਕੋਲ ਮੇਰੇ, ਸੋਹਣੇ ਚੰਨ ਮੱਖਣਾ । ਦਿਲ ਦਾ ਉਬਾਲ ਕਾਹਨੂੰ, ਐਵੇਂ ਸਾਂਭ ਰੱਖਣਾ । ਜ਼ਿੰਦਗੀ 'ਚ ਆਸ ਤੇ ਉਮੀਦ ਹੀ ਚਿਰਾਗ ਨੇ, ਚਾਨਣੀ ਬਗੈਰ ਤਾਂ ਹਮੇਸ਼ ਬੰਦਾ ਸੱਖਣਾ। ਗੁਰਭਜਨ ਗਿੱਲ


ਬੜਾ ਸੋਚਿਆ ਕਿ ਤੈਨੂੰ ਹੋਰ ਕੁਝ ਵੀ ਨਹੀਂ ਕਹਿਣਾ ।
ਪਰ ਕਰਾਂ ਕੀ ਮੈਂ ਸੌਖਾ ਨਹੀਉਂ, ਚੁੱਪ ਤੇਰੀ ਸਹਿਣਾ । ਮੇਰੇ
ਵਿਹੜੇ ਦੀ ਬਗੀਚੜੀ 'ਚ ਖਿੜੇ ਕਿੰਨੇ ਫੁੱਲ, ਕਰ ਇਨ੍ਹਾਂ ਨੂੰ
ਪਿਆਰ, ਨਾਲੇ ਕਹਿ ਦੇ ਜੋ ਵੀ ਕਹਿਣਾ। ਗੁਰਭਜਨ
ਗਿੱਲ



ਮਿਲਣ ਆਇਆ ਧਰਤ ਨੂੰ, ਮਿਲ ਕੇ ਬਰਾਬਰ ਹੋ ਗਿਆ। ਇਸ ਤਰ੍ਹਾਂ ਕਿਉਂ ਜਾਪਦਾ, ਨੀਵਾਂ ਹੈ ਅੰਬਰ ਹੋ ਗਿਆ। ਮਾਰ ਕੇ ਆਵਾਜ਼ ਮਗਰੋਂ, ਤੂੰ ਸੀ ਮੈਨੂੰ ਕੀ ਕਿਹਾ, ਯਾਦ ਨਾ, ਪਰ ਵੇਖ ਮੇਰਾ, ਦਿਲ ਤਾਂ ਕਾਫ਼ਰ ਹੋ ਗਿਆ।

ਗੁਰਭਜਨ ਗਿੱਲ



ਤਨ ਕੱਜਣ ਲਈ ਵਸਤਰ ਚੁਣੀਏ, ਉੱਠਦਿਆਂ ਹੀ ਰੋਜ਼ ਸਵੇਰੇ। ਸ਼ਬਦ ਵਿਚਾਰ ਕਿਉਂ ਨਾ ਧਰੀਏ, ਮਨ ਮੰਦਰ ਦੇ ਸਿਖ਼ਰ ਬਨੇਰੇ। ਸ਼ੁਭ ਕਰਮਨ ਦੀ ਬਾਤ ਕਰਦਿਆਂ, ਘਸ ਚੱਲੀ ਹੈ ਜੀਭ ਨਿਮਾਣੀ, ਅਮਲਾਂ ਦੇ ਬਿਨ ਵਧ ਚੱਲੇ ਨੇ, ਜ਼ਿੰਦਗੀ ਦੇ ਵਿੱਚ ਗੂੜ੍ਹ ਹਨੇਰੇ। ਗੁਰਭਜਨ ਗਿੱਲ



ਜੇ ਜਿੱਤਣੈਂ ਜੰਗ, ਮਨ ਦੇ ਅੰਦਰ ਪਹਿਲਾਂ ਪੱਕਾ ਨਿਸ਼ਚਾ ਧਾਰੋ। ਭਟਕਣ ਛੱਡਿਆਂ, ਮੰਜ਼ਿਲ ਨੇੜੇ ,ਆ ਜਾਂਦੀ ਹੈ ਬਰਖੁਰਦਾਰੋ। ਤੇਰੇ ਮੇਰੇ ਸਭ ਦੇ ਬਾਬਲ, ਬਿਨਾ ਕਿਤਾਬੋਂ ਇਹ ਕਹਿੰਦੇ ਸੀ, ਧਰਮਸਾਲ ਵਿੱਚ ਮਗਰੋਂ, ਪਹਿਲਾਂ, ਮਨ ਮੰਦਰ ਵਿੱਚ ਝਾਤੀ ਮਾਰੋ। ਗੁਰਭਜਨ ਗਿੱਲ




ਚੀਕਦੇ ਸਾਰੇ ਕਿ ਇਹ ਤਾਂ ਰੱਜਿਆਂ ਦੇ ਘਰ ਭਰੇ ।
ਤਖ਼ਤ ਜਿੰਨ੍ਹਾਂ ਨੇ ਬਿਠਾਇਆ, ਨਾ ਕਰੇ ਖ਼ੁਸ਼, ਕੀ ਕਰੇ?
ਬੇਦਲੀਲੇ ਨਾਲ ਚਰਚਾ, ਬਹਿਸ ਹੁਣ ਮੈਂ ਕੀ ਕਰਾਂ,
ਸਮਝਦੈ ਮੂਰਖ਼ ਕਿ ਇਹ ਤਾਂ, ਕਾਇਰ ਹੈ, ਮੈਥੋਂ ਡਰੇ।

ਗੁਰਭਜਨ ਗਿੱਲ



ਹੋਸ਼ ਦੇ ਨਾਲੋਂ ਮਸਤੀ ਚੰਗੀ, ਪਰ ਨਹੀਂ ਚੰਗੀ ਲਾ ਪਰਵਾਹੀ । ਸਾਵਧਾਨ ਹੋ! ਖ਼ੂਨ 'ਚ ਤੇਰੇ ਰਚ ਨਾ ਜਾਵੇ ਕੂੜ ਸਿਆਹੀ । ਤੁਰ ਪਓ, ਤੁਰ ਪਓ, ਸੁਸਤੀ ਮਾਰਿਆ, ਬੈਠਾ ਪਿੱਛੇ ਰਹਿ ਜਾਵੇਂਗਾ, ਵਕਤ ਕਦੇ ਵੀ ਖ਼ੁਦ ਨਹੀਂ ਦੱਸਦਾ ਕਿਸ ਮੰਜ਼ਿਲ ਵੱਲ ਜਾਵੇ ਰਾਹੀ। ਗੁਰਭਜਨ ਗਿੱਲ


ਰਾਤ ਹਨ੍ਹੇਰੀ ਹੋਕਾ ਦੇਵੇਂ,ਆਖੇਂ ਬਾਰ ਮ ਬਾਰ ਓ ਯਾਰ ।
ਚੰਨ ਸਿਤਾਰੇ ਸੂਰਜ ਮੇਰੀਆਂ ਦੋ ਬਾਹਾਂ ਵਿਚਕਾਰ ਓ
ਯਾਰ।ਤੇਰੇ ਹੱਥ ਵਿੱਚ ਸੂਹਾ ਪਰਚਮ, ਘੁੱਟ ਕੇ ਨਾ ਰੱਖ,
ਲਹਿਰਨ ਦੇ ਤੂੰ, ਰੰਗ -ਰੱਤੜੇ ਨੂੰ ਬੋਲਣ ਦੇ ਹੁਣ, ਬੇ -ਮੌਤੇ
ਨਾ ਮਾਰ ਓ ਯਾਰ। ਗੁਰਭਜਨ ਗਿੱਲ



ਇਹ ਤੂੰ ਕਿੱਧਰ ਤੁਰਿਆ ਫਿਰਦੈਂ, ਹਰ ਰਿਸ਼ਤੇ ਦਾ ਨਾਂ ਨਹੀਂ ਹੁੰਦਾ । ਕੀ ਦੱਸਾਂ ਸਿਰਨਾਵਾਂ ਤੈਨੂੰ, ਮਹਿਕ ਦਾ ਕੋਈ ਗਿਰਾਂ ਨਹੀਂ ਹੁੰਦਾ । ਜਿਸ ਦੀ ਆਸ ਤੇ ਹੁੱਬਿਆ ਫਿਰਦੈਂ, ਇਹ ਵੀ ਬੱਦਲ ਛਟ ਜਾਣਾ ਹੈ, ਮਾਣ ਮਰਤਬੇ, ਉੱਚੀ ਕੁਰਸੀ, ਪਰਛਾਵਾਂ ਹੈ, ਛਾਂ ਨਹੀਂ ਹੁੰਦਾ। ਗੁਰਭਜਨ ਗਿੱਲ



ਕੁਝ ਲੋਕਾਂ ਦੇ ਮੱਥੇ ਲਿਖਿਆ, ਹੋਰ ਕਿਸੇ ਦਾ ਚਾਅ ਨਾ ਸਹਿਣਾ। ਗੈਸ ਪੇਟ ਦੀ ਮੂੰਹ 'ਚੋਂ ਕੱਢਣਾ, ਪੁੱਠੀਆਂ ਚਾਲਾਂ ਚੱਲਦੇ ਰਹਿਣਾ। ਨੌਂ ਸੌ ਚੂਹੇ ਖਾ ਕੇ ਬਿੱਲੀ, ਬਣੀ ਭਗਤਣੀ ਵੇਖ ਲਵੋ ਜੀ, ਏਸ ਨਸਲ ਦੀ ਫਿਤਰਤ ਬਾਰੇ, ਇਸ ਤੋਂ ਵੱਧ ਮੈਂ ਕੁਝ ਨਹੀਂ ਕਹਿਣਾ। ਗੁਰਭਜਨ ਗਿੱਲ


ਕੁਦਰਤ ਤੈਨੂੰ ਕੀ ਕੁਝ ਦੇਵੇ, ਕਰ ਸ਼ੁਕਰਾਨਾ ਫੜਿਆ ਕਰ ਤੂੰ। ਏਸ ਤਰ੍ਹਾਂ ਜਦ ਚਿੱਠੀਆਂ ਪਾਵੇ, ਅੱਖਰ ਅੱਖਰ ਪੜ੍ਹਿਆ ਕਰ ਤੂੰ। ਹਿਰਨਾਂ ਦੇ ਸਿੰਗਾਂ ਤੇ ਚੜ੍ਹ ਕੇ ਲੰਘ ਜਾਨੈਂ ਤੂੰ ਮਾਰ ਫੱਰਾਟੇ, ਕੁਝ ਪਲ ਫੁੱਲਾਂ ਕੋਲ ਬੈਠ ਕੇ, ਸਹਿਜ ਸਵਾਸੀਂ ਮੜ੍ਹਿਆ ਕਰ ਤੂੰ। ਗੁਰਭਜਨ ਗਿੱਲ



ਲਿੰਬਣ ਪੋਚਣ, ਢਹਿ ਨਾ ਜਾਵੇ, ਕੱਚੇ ਘਰ ਨੂੰ ਪੱਕੇ ਵਾਸੀ।
ਪਿਓ ਦਾਦੇ ਤੋਂ ਭੋਗ ਰਹੇ ਨੇ, ਇੱਕੋ ਰੰਗ ਦੀ ਜੂਨ ਚੌਰਾਸੀ।
ਮਿੱਟੀ ਰੰਗੇ ਸਫ਼ਿਆਂ ਉੱਤੇ, ਮਿੱਟੀ ਨਾਲ ਇਬਾਰਤ ਲਿਖ
ਕੇ, ਜਾਂਦੇ ਜਾਂਦੇ ਸੌਂਪ ਗਏ ਨੇ, ਪੁਰਖੇ ਸਾਨੂੰ ਸੁਰਗ
ਨਿਵਾਸੀ। ਗੁਰਭਜਨ ਗਿੱਲ



ਸਾਉਣ ਮਹੀਨੇ ਵਣ ਹਰਿਆਲੇ,ਅੰਬਰ ਧਰਤੀ ਨੂੰ ਰੰਗ ਚੜ੍ਹਦਾ।ਪਰਖ਼ਣ ਦੀ ਕਸਵੱਟੀ ਇੱਕੋ ਕਸ਼ਟ ਸਮੇਂ ਕਿਹੜਾ ਸੰਗ ਖੜ੍ਹਦਾ।ਬਿਰਖ਼ ਗਵਾਹ ਨੇ ਪੁੱਛ ਲਉ ਭਾਵੇਂ,ਮੇਰੇ ਤੇ ਵਿਸ਼ਵਾਸ ਨਹੀਂ ਜੇ, ਟਾਹਣੀ ਸੰਗ ਜੋ ਬਹੁਤਾ ਨੱਚਦਾ,ਵਿੱਚ ਹਨ੍ਹੇਰੀ ਓਹੀ ਝੜ੍ਹਦਾ।ਗੁਰਭਜਨ ਗਿੱਲ


ਰਾਤ ਹਨ੍ਹੇਰੀ ਹੋਕਾ ਦੇਵੇਂ, ਆਖੇਂ ਬਾਰ ਮ ਬਾਰ ਓ ਯਾਰ ।ਚੰਨ
ਸਿਤਾਰੇ ਸੂਰਜ ਮੇਰੀਆਂ ਦੋ ਬਾਹਾਂ ਵਿਚਕਾਰ ਓ ਚਾਰ ।ਤੇਰੇ
ਹੱਥ ਵਿੱਚ ਸੂਹਾ ਪਰਚਮ, ਘੁੱਟ ਕੇ ਨਾ ਰੱਖ, ਲਹਿਰਨ ਦੇ ਤੂੰ,
ਰੰਗ ਰੱਤੜੇ ਨੂੰ ਬੋਲਣ ਦੇ ਹੁਣ, ਬੇ ਮੌਤੇ ਨਾ ਮਾਰ ਓ ਯਾਰ ।
ਗੁਰਭਜਨ ਗਿੱਲ



ਸਬਰ ਸਿਦਕ ਸੰਤੋਖ ਸਮਰਪਣ, ਸੁਹਜ ਸਲੀਕਾ ਸ਼ਾਮਿਲ ਕਰ ਦੇ । ਮਹਿੰਗੇ ਮੁੱਲ ਦੇ ਮਾਣਕ-ਮੋਤੀ, ਭਰ ਭਰ ਮੁੱਠੀਆਂ ਝੋਲੀ ਭਰ ਦੇ । ਬਹੁਤ ਦਿਨਾਂ ਤੋਂ ਗੱਲ ਨਹੀਂ ਹੋਈ, ਨਬਜ਼ ਖਲੋਤੀ ਹੋਵੇ ਜੀਕਣ, ਮਿੱਟੀ ਦਾ ਬੁੱਤ ਬੋਲਣ ਲਾ ਦੇ, ਮਾਰ ਆਵਾਜ਼ ਜਿਉਂਦਾ ਕਰ ਦੇ। ਗੁਰਭਜਨ ਗਿੱਲ



ਟੁੱਟਿਆ ਸੌ ਵਾਰ ਫਿਰ ਵੀ ਟਾਹਣੀਆਂ 'ਤੇ ਮੁੜ ਗਿਆ।
ਜ਼ਰਦ ਪੱਤਾ ਕਿਰ ਗਿਆ ਫ਼ਿਰ ਸਬਜ਼ ਪੱਤਾ ਪੁੰਗਰਿਆ।
ਧਰਤ ਅੰਦਰ ਉਗਮਦਾ ਤੇ ਬਿਣਸਦਾ, ਵੇਖੋ ਕਮਾਲ, ਤੁਰ
ਰਿਹਾ ਹੈ ਜ਼ਿੰਦਗੀ, ਤੇਰਾ ਨਿਰੰਤਰ ਕਾਫ਼ਲਾ। ਗੁਰਭਜਨ
ਗਿੱਲ


ਸੁਪਨ ਕਿਆਰੀ ਬੀਜਣ ਖ਼ਾਤਰ, ਰੂਹ ਨੂੰ ਪਹਿਲਾਂ ਵੱਤਰ ਕਰੀਏ।ਦੂਸਰਿਆਂ ਲਈ ਖ਼ੈਰਾਂ ਮੰਗੀਏ,ਕਦੇ ਨਾ ਠੰਢੇ ਹੌਕਾ ਭਰੀਏ।ਮਨ ਦੇ ਵਿਹੜੇ ਕਿਣਮਿਣੀਆਂ ਲਈ ਵਿਤਕਰਿਆਂ ਤੋਂ ਬਚ ਕੇ ਰਹਿਣਾ, ਨਾਲ ਸਮੁੰਦਰ ਜੇਕਰ ਮਿਲਣਾ ਆਪਣੇ ਦਿਲ ਨੂੰ ਦਰਿਆ ਕਰੀਏ।ਗੁਰਭਜਨ ਗਿੱਲ



ਰੂਹ ਵਿੱਚ ਅਜਬ ਤਾਜ਼ਗੀ ਲੈ ਕੇ ਸਾਡੇ ਵਿਹੜੇ ਸੂਰਜ ਚੜ੍ਹਿਆ। ਸ਼ਬਦ ਗੁਰੂ ਪ੍ਰਕਾਸ਼ਮਾਨ ਕਰ, ਆਸਾ ਰਾਗ ਸੁਰਤਿ ਵਿੱਚ ਮੜ੍ਹਿਆ। ਨੰਗੀ ਅੱਖ ਨੂੰ ਜੋ ਨਹੀਂ ਦਿਸਦਾ, ਅੰਤਰ ਮਨ ਵਿੱਚ ਨੂਰ ਨਿਰੰਤਰ, ਵੇਖ ਰਿਹਾਂ ਗੁਰੂ ਸਾਡੀ ਖ਼ਾਤਰ, ਕਿੰਨਾ ਕੁਝ ਵਿਸਮਾਦੀ ਜੜ੍ਹਿਆ। ਗੁਰਭਜਨ ਗਿੱਲ



ਵਿਹੜੇ ਦੇ ਵਿੱਚ ਰੁੱਖੜਾ ਲਾ ਲਈਂ ਚਾਵਾਂ ਲਈ ।
ਖ਼ੁਦ਼ਗਰਜ਼ਾ ਨਾ ਬੀਜ ਇਕੱਲੀਆਂ ਛਾਵਾਂ ਲਈ ।
ਚਿੜੀਆਂ ਬੰਨ੍ਹ ਕਤਾਰਾਂ ਅੰਬਰੀਂ ਉੱਡ ਰਹੀਆਂ, ਰੌਣਕ
ਮੇਲਾ ਲਾਜ਼ਮ ਬਹੁਤ ਹਵਾਵਾਂ ਲਈ ਗੁਰਭਜਨ ਗਿੱਲ



ਮਿੱਤਰਾ ਪਿਆਰਿਆ, ਤੂੰ ਦੱਸ ਕਿੱਥੇ ਚੱਲਿਆ। ਪੈਰਾਂ ਵਿਚ ਕਾਹਲ, ਮੱਥਾ ਫ਼ਿਕਰਾਂ ਨੇ ਮੱਲਿਆ। ਇਹੋ ਜਹੇ ਮਾਹੌਲ ਵਿਚ, 'ਕੱਲਿਆਂ ਨਹੀਂ ਤੁਰੀਦਾ, ਸੱਜਣਾਂ ਨੇ ਹੋਰ ਕਿਹੜੇ ਕੰਮ ਆਉਣਾ ਝੱਲਿਆ। ਗੁਰਭਜਨ ਗਿੱਲ



ਮੰਜ਼ਿਲ ਬਹੁਤੀ ਦੂਰ ਨਾ ਹੁੰਦੀ , ਜੇਕਰ ਸਾਫ਼ ਨਿਸ਼ਾਨਾ ਹੋਵੇ। ਨਿਸ਼ਚਾ, ਹਿੰਮਤ, ਚਾਅ ਪਹੁੰਚਣ ਦਾ, ਚੌਥਾ ਤਨ ਨਜ਼ਰਾਨਾ ਹੋਵੇ। ਮੁਸ਼ਕਿਲ ਦੀ ਵੀ ਜ਼ੁਅਰਤ ਪਵੇ ਨਾ, ਐਸੇ ਰਾਹੀ ਦਾ ਰਾਹ ਰੋਕੇ, ਪਰਬਤ ਦੀ ਚੋਟੀ ਤੋਂ ਵੇਖਿਉ, ਆਪੇ ਮਗਰ ਜ਼ਮਾਨਾ ਹੋਵੇ। ਗੁਰਭਜਨ ਗਿੱਲ



ਸ਼ੁਭਚਿੰਤਨ , ਸੁਭਕਰਮਨ ਕਰਨਾ, ਹਰ ਜੰਦਰੇ ਦੀ ਇੱਕੋ ਚਾਬੀ। ਕਾਹਲਾ ਨਾ ਪੈ ਮਿਲੂ ਨਤੀਜਾ,ਕਿਉਂ ਚਾਹੁੰਦਾ ਏਂ ਫ਼ਸਲ ਸ਼ਤਾਬੀ। ਸਦੀਆਂ
ਸਿਦਕ ,ਸਮਰਪਣ ,ਸੇਵਾ ,ਸਹਿਜ ਤੁਰਦਿਆਂ ਸਬਕ ਲਿਆ ਹੈ, ਰਾਤੋ ਰਾਤ ਸਿਖ਼ਰ ਨਹੀਂ ਪਹੁੰਚੀ ਸੂਰਮਿਆਂ ਦੀ ਜ਼ਾਤ ਪੰਜਾਬੀ। ਗੁਰਭਜਨ ਗਿੱਲ



ਕੀਹ ਦੱਸਾਂ ਮਹਿਕੰਦੜੇ ਯਾਰੋ, ਹੁਣ ਤਾਂ ਚੇਤਾ ਭੁੱਲ ਜਾਂਦਾ ਹੈ। ਇਹ ਮਨ ਚੰਚਲ, ਕਿੰਨਾ ਸ਼ੋਹਦਾ, ਮੋਹ ਮਿਲਿਆ ਤੇ ਭੁੱਲ੍ਹ ਜਾਂਦਾ ਹੈ। ਕਹਿਣ ਅਮੋਲਕ ਦਿਲ ਦਾ ਸੌਦਾ, ਇਸ ਦੀ ਕੀਮਤ ਕਿਹੜਾ ਪਾਵੇ, ਤੂੰ ਵੇਖੇਂ ਤਾਂ ਢੇਰੀ ਹੋ ਕੇ, ਪਿਆਰ ਦੀ ਤੱਕੜੀ ਤੁਲ ਜਾਂਦਾ ਹੈ। ਗੁਰਭਜਨ ਗਿੱਲ



ਕੀ ਦੱਸਾਂ ਜੀ ਸਮਝ ਪਵੇ ਨਾ, ਅੱਜ ਤੜਕੇ ਦੀ ਅੱਖ ਪਈ ਫਰਕੇ। ਜਾਂ ਤਾਂ ਖੜ੍ਹੀ ਮੁਸੀਬਤ ਸਿਰ ਤੇ, ਜਾਂ ਫਿਰ ਯਾਦ ਤੇਰੀ ਦੇ ਕਰਕੇ। ਦਰਦ ਕਥਾਵਾਂ ਉਮਰੋਂ ਲੰਮੀਆਂ, ਸਾਂਭ ਜ਼ਬਾਨੀ ਰੱਖ ਨਹੀਂ ਸਕਣਾ, ਲਿਖ ਛੱਡਿਆ ਕਰ ਏਥੇ ਆ ਕੇ, ਦਿਲ ਮੇਰੇ ਦੇ ਕੋਰੇ ਵਰਕੇ। ਗੁਰਭਜਨ ਗਿੱਲ


ਇੱਕੋ ਵਿਹੜੇ ਚੋਗ ਚੁਗਦੀਆਂ ਚਿੜੀਆਂ ਰੰਗ ਬਰੰਗੀਆਂ ਨੇ। ਸੋਚਦੀਆਂ, ਇੱਕ ਸ਼ਿਕਰੇ ਨੇ ਕਿਉਂ, ਜਾਨਾਂ ਸੂਲੀ ਟੰਗੀਆਂ ਨੇ। ਅਪਣੇ ਤਨ ਦੀ ਰਾਖੀ ਲਈ ਜੇ ਚੁੰਝਾਂ ਹੀ ਕੰਮ ਆਈਆਂ ਨਾ, ਫਿਰ ਤਾਂ ਐਸ ਹਯਾਤੀ ਨਾਲੋਂ, ਸੱਜਣੋਂ ਮੌਤਾਂ ਚੰਗੀਆਂ ਨੇ। ਗੁਰਭਜਨ ਗਿੱਲ



ਹੁਣੇ ਹੁਣੇ ਤੂੰ ਯਾਦ ਸੀ ਕੀਤਾ, ਪਹੁੰਚ ਗਿਆ ਹਾਂ। ਵੇਖ ਜ਼ਰਾ ਮੈਂ ਤੇਰੇ ਦਿਲ ਵਿੱਚ, ਧੜਕ ਰਿਹਾ ਹਾਂ। ਬਣ ਗਈ ਮੇਰੀ ਕਵਿਤਾ, ਹੁਣ ਤੂੰ ਰੂਪ ਬਦਲ ਕੇ, ਚਿਤਵਦਿਆਂ ਮੈਂ ਧੁਰ ਅੰਦਰ ਤੱਕ, ਮਹਿਕ ਗਿਆ ਹਾਂ। ਗੁਰਭਜਨ ਗਿੱਲ



ਅਸਲ ਕਲਾ ਤਾਂ ਇਹ ਹੈ ਮਿੱਤਰੋ ਅੱਖਾਂ ਚੋਂ ਅਣਲਿਖਿਆ ਪੜ੍ਹੀਏ। ਜਿਉਂ ਫੁੱਲਾਂ ਵਿੱਚ ਰੰਗ ਖੁਸ਼ਬੋਈ, ਇੱਕ ਦੂਜੇ ਦੇ ਸਾਹੀਂ ਵੜੀਏ। ਏਸ ਕਲਾ ਦੇ ਜਾਨਣਹਾਰੇ ਵਿਰਲੇ ਨੇਤਰ ਧਰਤੀ ਉੱਤੇ, ਦਿਲ ਮੁੰਦਰੀ ਵਿੱਚ ਮੋਹ ਦੇ ਨਗ ਨੂੰ ਨਾਮ ਧਰੇ ਬਿਨ ਥਾਂ ਸਿਰ ਜੜ੍ਹੀਏ। ਗੁਰਭਜਨ ਗਿੱਲ


ਬੰਦਾ ਹੈ ਬੰਦੇ ਦਾ ਦਾਰੂ ਬੁਰੇ ਵਕਤ ਸਮਝਾਇਆ। ਸੁਖ ਵੇਲੇ ਤਾਂ ਪੜ੍ਹ ਨਾ ਸਕਿਆ ਗੁੰਝਲਦਾਰੀ ਮਾਇਆ।
ਕੁਰਸੀ, ਪਦਵੀ, ਮਾਣ ਮਰਤਬਾ,ਖੰਭ ਉਡਾਵਣ ਉੱਚਾ,
ਆਪਣੀ ਹਸਤੀ ਓਦੋਂ ਜਾਣੀ, ਜਦ ਧਰਤੀ ਤੇ ਆਇਆ।
ਗੁਰਭਜਨ ਗਿੱਲ



ਕੌੜ ਕੁਸੈਲੇ ਬੋਲ ਹਮੇਸ਼ਾਂ ਕੀਹ ਕੀਹ ਕਾਰੇ ਕਰ ਜਾਂਦੇ ਨੇ।
ਰੂਹ ਦੇ ਕੋਮਲ ਪਿੰਡੇ ਉੱਤੇ ਸੁਰਖ਼ ਫਲੂਹੇ ਧਰ ਜਾਂਦੇ ਨੇ। ਉੱਡ
ਜਾਵੇ ਵਿਸ਼ਵਾਸ ਜਦੋਂ ਫਿਰ, ਬੋਝਲ ਹੋ ਜਾਂਦੇ ਨੇ ਰਿਸ਼ਤੇ,
ਅਗਨ ਧਵਾਂਖੇ ਮਨ ਦੇ ਪੰਛੀ, ਹੌਲੀ ਹੌਲੀ ਮਰ ਜਾਂਦੇ ਨੇ।
ਗੁਰਭਜਨ ਗਿੱਲ



ਧਰਮ ਕਰਮ ਨੂੰ ਪਰਖ਼ਣ ਖਾਤਰ, ਵਕਤ ਸ਼ਰਾਰਤ ਕਰ ਜਾਂਦਾ ਹੈ। ਕੂੜ ਅਮਾਵਸ ਏਨੀ ਗੂੜ੍ਹੀ, ਸੱਚ ਹਮੇਸ਼ਾਂ ਹਰ ਜਾਂਦਾ ਹੈ। ਤਨ ਦੇ ਨੇੜੇ, ਮਨ ਤੋਂ ਦੂਰੀ, ਮਿੱਟੀ ਨੂੰ ਮਿੱਟੀ ਹੈ ਲੱਭਦੀ, ਰੂਹ ਦਾ ਰਿਸ਼ਤਾ ਜੋੜੀਂ ਮਿੱਤਰਾ, ਦਿਲ ਤਾਂ ਜਲਦੀ ਭਰ ਜਾਂਦਾ ਹੈ। ਗੁਰਭਜਨ ਗਿੱਲ



ਅਕਲ ਦਾ ਅਸਲ ਟਿਕਾਣਾ ਹੁੰਦੈ, ਚੁੱਪ ਦੀ ਚਾਰ ਦੀਵਾਰੀ ਅੰਦਰ। ਘੁੰਮ ਘੁੰਮਾ ਕੇ ਵੇਖ ਲਿਆ ਮੈਂ, ਭਟਕਣ ਤੇਜ਼ ਤਰਾਰੀ ਅੰਦਰ। ਥਿੜਕੇ ਪੈਰ, ਸੰਭਾਲ ਲਵੋਗੇ, ਪਰ ਨਾ ਭੁੱਲਿਓ ਅਸਲੀ ਮੰਤਰ, ਥਿੜਕੀ ਜੀਭ ਤਬਾਹ ਕਰ ਦੇਵੇ, ਹਸਤੀ ਦੁਨੀਆਂ ਸਾਰੀ ਅੰਦਰ। ਗੁਰਭਜਨ ਗਿੱਲ



ਚੋਰ ਤੇ ਲਾਠੀ ਦੋ ਨਹੀਂ ਹੁੰਦੇ, ਨਾ ਹੀ ਬੰਦਾ ਕੱਲ੍ਹਾ। ਆਪਣੀ ਸ਼ਕਤੀ ਜੋ ਨਾ ਜਾਣੇ, ਰਹਿ ਜਾਏ ਕੱਲ-ਮ-ਕੱਲ੍ਹਾ। ਹਰ ਮੰਜ਼ਿਲ ਨੂੰ ਵਰ ਸਕਦਾ ਏ, ਜੇਕਰ ਬੰਦਾ ਚਾਹੇ, ਨਿਸ਼ਚਾ ਧਾਰ ਮਘਨ ਹੋ ਤੁਰ ਪਏ, ਫੜ ਹਿੰਮਤ ਦਾ ਪੱਲਾ। ਗੁਰਭਜਨ ਗਿੱਲ


ਮੰਜ਼ਿਲ ਬਹੁਤੀ ਦੂਰ ਨਾ ਹੁੰਦੀ , ਜੇਕਰ ਸਾਫ਼ ਨਿਸ਼ਾਨਾ ਹੋਵੇ। ਨਿਸ਼ਚਾ, ਹਿੰਮਤ, ਚਾਅ ਪਹੁੰਚਣ ਦਾ, ਚੌਥਾ ਤਨ ਨਜ਼ਰਾਨਾ ਹੋਵੇ। ਮੁਸ਼ਕਿਲ ਦੀ ਵੀ ਜ਼ੁਅਰਤ ਪਵੇ ਨਾ, ਐਸੇ ਰਾਹੀ ਦਾ ਰਾਹ ਰੋਕੇ, ਪਰਬਤ ਦੀ ਚੋਟੀ ਤੋਂ ਵੇਖਿਉ, ਆਪੇ ਮਗਰ ਜ਼ਮਾਨਾ ਹੋਵੇ। ਗੁਰਭਜਨ ਗਿੱਲ




ਤੂੰ ਛੇੜ ਨਾ ਦਿਲ ਦੀਆਂ ਤਰਬਾਂ ਨੂੰ, ਇਹ ਸਾਜ਼ ਵਜਾਉਣ ਅਸਾਨ ਨਹੀਂ। ਦਿਲ ਸਭ ਕੁਝ ਖ਼ੁਦ ਹੀ ਕਹਿੰਦਾ ਹੈ, ਬੱਸ ਲੱਗੀ ਸਿਰਫ਼ ਜ਼ਬਾਨ ਨਹੀਂ। ਨਾ ਕੁਝ ਪਲ ਉੱਠਣਾ ਬਹਿਣਾ ਹੈ, ਮੈਂ ਪੱਕਾ ਏਥੇ ਰਹਿਣਾ ਹੈ, ਤੂੰ ਚਿੱਤ ਵਿਚ ਮੈਨੂੰ ਥਾਂ ਤਾਂ ਦੇ, ਮੈਂ ਕੁਝ ਪਲ ਦਾ ਮਹਿਮਾਨ ਨਹੀਂ।

ਗੁਰਭਜਨ ਗਿੱਲ



ਲੋਕਤੰਤਰ ਬਣ ਗਿਆ ਹੈ ਵੇਖ ਲਉ ਦਾਦਾਗਿਰੀ। ਟੰਗਦੇ ਸੂਲੀ ਤੇ ਪਹਿਲਾਂ, ਫੇਰ ਦਿੰਦੇ ਦਿਲਬਰੀ। ਸਾਜ਼ਿਸ਼ੀ ਮਾਹੌਲ ਅੰਦਰ ਹੋ ਰਿਹਾ ਵਿਸ਼ਵਾਸਘਾਤ, ਧਰਮਸਾਲੀਂ ਬੈਠ ਧਰਮੀ ਕਰ ਰਹੇ ਨੇ ਚਾਕਰੀ। ਗੁਰਭਜਨ ਗਿੱਲ



ਵੀਹਵੀਂ ਸਦੀ ਗੁਜ਼ਾਰਨ ਮਗਰੋਂ ਬੰਦੇ ਦੇ ਤੂੰ ਕਾਰੇ ਵੇਖ ।
ਸ਼ਹਿਰ ਵਸਾਉਣ ਦੀ ਖ਼ਾਤਰ ਲਾਏ, ਜੰਗਲ ਦੇ ਵਿਚ ਆਰੇ ਵੇਖ । ਦਰਦ ਮਿਰੇ ਦੀ ਹਾਥ ਪਾਉਣ ਲਈ, ਲੰਘੀ ਰੂਹ ਦੇ ਦੁਆਰ ਜ਼ਰੂਰ, ਟੁੱਟਦੇ ਤਾਰੇ ਦੀ ਅੱਖ ਵਿਚੋਂ, ਅੱਥਰੂ ਮਣ ਮਣ ਭਾਰੇ ਵੇਖ। ਗੁਰਭਜਨ ਗਿੱਲ



ਸਮਝ ਕਿਓਂ ਨਹੀਂ ਪੈਂਦੀ ਤੈਨੂੰ , ਜ਼ਿੰਦਗੀ ਤਾਂ ਅਹਿਸਾਸ ਕਟੋਰਾ। ਦਿਲ ਦੀ ਦੌਲਤ ਖ਼ਰਚ ਲਿਆ ਕਰ, ਕਿਣਕਾ ਕਿਣਕਾ, ਭੋਰਾ ਭੋਰਾ। ਮੁੜ ਆਉਂਦੀ ਹੈ ਜੇਕਰ ਆਪਾਂ ਵੰਡ ਦੇਈਏ ਕਣ ਕਣ ਖ਼ੁਸ਼ਬੋਈ, ਫਿਰ ਕਿਓਂ ਰੱਖੀਏ ਇਹ ਅਣਲਿਖਿਆ, ਦਿਲ ਤਖ਼ਤੀ ਦਾ ਮੱਥਾ ਕੋਰਾ।

ਗੁਰਭਜਨ ਗਿੱਲ



ਰਣ ਦੇ ਯੋਧੇ ਪਿਆਰ ਦੇ ਰਣ 'ਚੋਂ ਭੱਜਦੇ ਚੰਗੇ ਲੱਗਦੇ ਨਹੀਂ। ਹਰ ਵਾਰੀ ਹੀ ਪੁੰਨੂੰ, ਸੱਸੀਆਂ ਮਾਰੂਥਲ ਵਿਚ ਠੱਗਦੇ ਨਹੀਂ। ਉੱਡਦੇ ਜੁਗਨੂੰ ਫੜਿਆ ਨਾ ਕਰ, ਰਾਤ ਬਰਾਤੇ ਅੰਬਰ 'ਚੋਂ, ਵੇਖਣ ਨੂੰ ਹੀ ਜਗਦੇ ਮਘਦੇ, ਪਰ ਇਹ ਭਾਂਬੜ ਅੱਗ ਦੇ ਨਹੀਂ। ਗੁਰਭਜਨ ਗਿੱਲ



ਸਭ ਲੋਕਾਂ ਲਈ ਇੱਕੋ ਧਰਤੀ ਪਰ ਸਾਂਝਾ ਅਸਮਾਨ ਨਹੀਂ ਹੈ। ਨੀਲੀ ਛਤਰੀ ਵਾਲੇ ਰੱਬ ਦਾ ਇਸ ਪਾਸੇ ਵੱਲ ਧਿਆਨ ਨਹੀਂ ਹੈ। ਰੱਜਿਆਂ ਖਾਤਰ ਹੋਰ ਖ਼ੁਰਾਕਾਂ, ਲਿੱਸਿਆਂ ਖਾਤਰ ਕੱਚੀਆਂ ਲੱਸੀਆਂ, ਰੱਬ ਦੇ ਬੰਦਿਓ, ਇਹ ਦੋ ਅਮਲੀ, ਕੀਹ ਰੱਬ ਦਾ ਅਪਮਾਨ ਨਹੀਂ ਹੈ। ਗੁਰਭਜਨ ਗਿੱਲ



ਜਿਹੜੇ ਹੌਕੇ ਲੰਘਦੇ ਸਾਹਾਂ ਥਾਣੀਂ ਨਹੀਂ ਹੁੰਦੇ। ਸਰਬ ਸਮੇਂ ਦੀ ਕੋਈ ਦਰਦ-ਕਹਾਣੀ ਨਹੀਂ ਹੁੰਦੇ। ਤਪਦੀ ਲੋਹ ਤੇ ਤੜ੍ਹਫ਼ਣ ਜਲਕਣ, ਮਰ ਮੁੱਕ ਜਾਂਦੇ ਨੇ, ਕਿਵੇਂ ਸੁਣਾਵਾਂ, ਇਹ ਪਲ ਨਿਰੀ ਕਹਾਣੀ ਨਹੀਂ ਹੁੰਦੇ। ਗੁਰਭਜਨ ਗਿੱਲ

ਬਾਈ ਤੇਈ ਸਾਲ ਪਹਿਲਾਂ ਭਾਈ ਲਾਲ ਜੀ ਰਬਾਬੀ ਨਨਕਾਣਾ ਸਾਹਿਬ ਤੋਂ ਪੰਜਾਬ ਵਿੱਚ ਟਕਸਾਲੀ ਕੀਰਤਨ ਸੇਵਾ ਲਈ ਆਏ ਸਨ। ਉਨ੍ਹਾਂ ਨਾਲ ਹੋਏ ਵਿਹਾਰ ਮਗਰੋਂ ਇਹ ਕਵਿਤਾ ਲਿਖੀ ਸੀ।

ਮੀਆਂ ਮੀਰ ਉਦਾਸ ਖੜ੍ਹਾ ਹੈ

ਹਰਿਮੰਦਰ ਦੀ ਨੀਂਹ ਦੇ ਲਾਗੇ,
ਮੀਆਂ ਮੀਰ ਉਦਾਸ ਖੜ੍ਹਾ ਹੈ।
ਚਹੁੰ ਸਦੀਆਂ ਦੇ ਪੈਂਡੇ ਮਗਰੋਂ,
ਅੱਜ ਉਹ ਸਾਨੂੰ ਇਉਂ ਪੁੱਛਦਾ ਹੈ ?

ਚਹੁੰ ਬੂਹਿਆਂ ਦੇ ਵਾਲਾ ਮੰਦਰ
ਇਹ ਹਰਿਮੰਦਰ।
ਝਾਤੀ ਮਾਰੋ ਆਪੇ ਵੇਖੋ ਆਪਣੇ ਅੰਦਰ।
ਕੋਈ ਕੋਈ ਬੂਹਾ
ਕਿਸੇ ਲਈ ਕਿਉਂ ਬੰਦ ਕਰਦੇ ਹੋ ?
ਸਰਬਕਾਲ ਦੀ ਜੋਤ ਨਿਰੰਤਰ
ਇਸ ਅੱਗੇ ਕਿਉਂ ਕੰਧ ਕਰਦੇ ਹੋ ?

ਸੁਣ ਲਉ ਪੁੱਤਰੋ !
ਤੁਹਾਡੇ ਵਿਰਸੇ ਦਾ ਮੈਂ ਸੋਹਣਿਓਂ,
ਚਸ਼ਮਦੀਦ ਖ਼ੁਦ ਆਪ ਗਵਾਹ ਹਾਂ।
ਅਰਜਨ ਗੁਰ ਸੀ ਮੇਰੀ ਧੜਕਣ,
ਤੇ ਮੈਂ ਉਸਦੇ ਜਿਸਮ 'ਚ ਤੁਰਦੀ
ਤੋਰ ਨਿਰੰਤਰ,
ਵਾਹਿਗੁਰੂ, ਅੱਲ੍ਹਾ, ਰਾਮ ਦਾ
ਦਮ ਦਮ ਤੁਰਦਾ ਸਾਹ ਹਾਂ।

ਸੱਚੇ ਗੁਰ ਦਾ ਨਾਮ ਜਪਦਿਆਂ,
ਜਿੰਨ੍ਹਾਂ ਸਾਰੀ ਉਮਰ ਬਿਤਾਈ।
ਬੂਹੇ ਤੋਂ ਕਿਉਂ ਮੋੜੋ ਭਾਈ।

ਇੱਕ ਗੱਲ ਪੱਕੀ ਪੱਲੇ ਬੰਨ੍ਹੋ !
ਹਿੰਦੂ ਮੁਸਲਿਮ ਸਿੱਖ
ਕਦੇ ਨਾ ਹੋਣ ਰਬਾਬੀ।
ਰੱਬ ਦੇ ਘਰ ਦੀ ਸੱਜਣੋਂ
ਏਹੀ ਲੋਕ ਨੇ ਚਾਬੀ।



ਮੰਨਿਆ !
ਹਾਕਮਾਂ ਗ਼ਰਜ਼ਾਂ ਲਈ ਪੰਜਾਬ ਤਰੇੜੇ।
ਕਹਿਰ ਖ਼ੁਦਾ ਦਾ
ਬਾਣੀ ਅਤੇ ਰਬਾਬ ਨਿਖੇੜੇ।
ਮਰਦਾਨੇ ਨੂੰ ਨਾਨਕ ਨਾਲੋਂ
ਵੱਖਰਾ ਕਰਕੇ,
ਕਿਹੜੇ ਰੱਬ ਨੂੰ ਖੁਸ਼ ਕਰਦੇ ਹੋ ?

ਆਪੋ ਆਪਣੇ ਪਾਪਾਂ ਦੀ ਥਾਂ,
ਰਾਗ, ਕਲਾ ਤੇ ਖੁਸ਼ਬੂ ਕੋਲੋਂ
ਕਿਉਂ ਡਰਦੇ ਹੋ।
ਸੂਰਤ ਨੂੰ ਸੱਚ ਮੰਨੋ,
ਰੱਖੋ ਸੀਰਤ ਪੱਲੇ।

ਇੰਦਰਜੀਤ ਸਿੰਘ ਮੁੱਲਾਂਪੁਰ
ਕਨੇਡਾ
ਦੇਸ਼ ਵਿਦੇਸ਼ ਟਾਇਮਜ਼
ਲੋਕਾਂ ਦੀਆਂ ਗੱਲਾਂ...ਲੋਕਾਂ ਤੱਕ

ਥਿੜਕ ਗਏ ਤਾਂ
ਰਹਿ ਜਾਵੋਗੇ ਕੱਲ ਮੁਕੱਲੇ।

ਰਾਵੀ ਪਾਰੋਂ
ਸਾਜ਼ਾਂ ਅਤੇ ਆਵਾਜ਼ਾਂ ਵਾਲੇ,
ਇਹ ਨਹੀਂ ਵਣਜ ਕਮਾਵਣ ਆਏ।
ਇਹ ਤਾਂ ਭਾਈ ਲਾਲ ਅਮੁੱਲੇ,
ਰਾਤ ਹਨ੍ਹੇਰੀ ਵੇਲੇ ਚਾਨਣ ਵੰਡਣ ਆਏ।
ਸਾਂਝੇ ਰੱਬ ਦੀ ਸੱਚੀ ਬਾਣੀ,
ਓਸੇ ਦੇ ਹੀ ਦਰ ਵਿਚ ਬਹਿ ਕੇ,
ਬੋਲ ਅਗੰਮੀ ਗਾਵਣ ਆਏ।

'ਚੰਨ' ਦੀ ਚਾਨਣੀ ਵੱਲੋਂ
ਕਿਉਂ ਜੇ ਮੂੰਹ ਪਰਤਾਏ।
ਘਰ ਨੂੰ ਕੁੰਡੇ ਜੰਦਰੇ ਲਾਏ।
ਸ਼ਬਦ ਸੁਰਤਿ ਤੋਂ ਸੱਖਣਾ
ਸ਼ਖਸ ਅਮੀਰ ਨਹੀਂ ਹੈ ?
ਰੱਬ ਦਾ ਘਰ ਇਹ
ਕਿਸੇ ਲਈ ਜਾਗੀਰ ਹੈ ?
ਯਤਨ ਕਰੋ ਕਿ
ਨੇਰ੍ਹੇ ਦਾ ਪ੍ਰਕਾਸ਼ ਨਾ ਹੋਵੇ।
ਸਾਂਝੀ ਧੜਕਣ ਜੀਵੇ,
ਕਦੇ ਵਿਨਾਸ਼ ਨਾ ਹੋਵੇ।

ਜਿਸ ਧਰਤੀ ਤੋਂ ਉਹ ਆਏ ਸੀ,
ਓਥੇ ਵੀ ਫੁੱਲਾਂ ਦੀ
ਇਹ ਹੈ ਫ਼ਸਲ ਅਖ਼ੀਰੀ।
ਦੋਹੀਂ ਪਾਸੀਂ ਭਾਰੂ
ਅੱਜ 'ਪੀਰੀ' ਪੁਰ ਮੀਰੀ।
ਚਹੁੰ ਵਰਣਾਂ 'ਚੋਂ
ਜਿਹੜਾ ਵੀ ਰੱਬ ਦਾ ਨਾਂ ਗਾਵੇ।
ਉਸਨੂੰ ਆਪਣੇ ਕੰਠ ਲਗਾਉ।
ਦਸ ਗੁਰੂਆਂ ਤੇ ਗ੍ਰੰਥ ਪੰਥ ਦੀ
ਵੇਲ ਵਧਾਉ।
ਸੁਣੋ ! ਸੁਣਾਵਾਂ
ਗੁਰੂ ਅਰਜਨ ਦੇ ਬਰਖ਼ੁਰਦਾਰੋ !
ਲਾਲ ਰਬਾਬੀ, ਚਾਂਦ ਜਿਹਾਂ ਨੂੰ,
'ਵਾਜਾਂ ਮਾਰੋ।

ਹਰਿਮੰਦਰ ਦੀ ਨੀਂਹ ਦੇ ਲਾਗੇ,
ਮੀਆਂ ਮੀਰ ਉਦਾਸ ਖੜ੍ਹਾ ਹੈ।
ਡੌਰ ਭੌਰਿਆ ਪਰਿਕਰਮਾ ਵੱਲ ਵੇਖ ਰਿਹਾ ਹੈ।

– ਗੁਰਭਜਨ ਗਿੱਲ


ਰੂਹ ਦੀ ਪਿਆਸ ਮਿਟਾਵਣ ਖਾਤਰ ਪੁੱਠੇ ਖੂਹ ਨਹੀਂ
ਗੇੜੀਦੇ। ਵਗਦੀ ਨੈਂ 'ਚੋਂ ਪਾਣੀ ਪੀਂਦੇ ਮਿਰਗ ਕਦੇ ਨਹੀਂ
ਛੇੜੀਦੇ। ਯਾਦਾਂ ਦਾ ਇਕ ਝੁਰਮਟ ਤੈਨੂੰ ਘੇਰੂ ਸੁੱਤਿਆਂ
ਜਾਗਦਿਆਂ, ਮਹਿਮਾਨਾਂ ਤੋਂ ਡਰ ਕੇ ਐਵੇਂ ਘਰ ਦੇ ਦਰ
ਨਹੀਂ ਭੇੜੀਦੇ। ਗੁਰਭਜਨ ਗਿੱਲ



ਪੱਤਝੜ ਮਗਰੋਂ ਕੋਮਲ ਪੱਤਿਆਂ ਆਉਂਦੇ ਰਹਿਣਾ ਹੈ। ਭਰੇਂ
ਹੁੰਗਾਰਾ ਜਾਂ ਨਾਂਹ ਮੈਂ ਤਾਂ ਗਾਉਂਦੇ ਰਹਿਣਾ ਹੈ। ਪੰਛੀਆਂ ਦੀ
ਇਕ ਡਾਰ ਦੋਮੇਲ ਨੂੰ ਛੋਹ ਕੇ ਗੁਜ਼ਰ ਗਈ, ਮੈਂ ਵੀ ਮਗਰੇ
ਅੰਬਰੀਂ ਤਾਰੀਆਂ ਲਾਉਂਦੇ ਰਹਿਣਾ ਹੈ। ਗੁਰਭਜਨ ਗਿੱਲ




ਗੋਲੀਆਂ ਵਿੰਨ੍ਹੇ ਜਿਸਮ ਕੂਕਦੇ ਸੜਕਾਂ ਦਾ ਇਤਿਹਾਸ ਲਿਖੋ। ਵਰਕਾ ਵਰਕਾ ਜੋੜ ਜੋੜ ਕੇ ਜ਼ਖ਼ਮਾਂ ਦਾ ਇਤਿਹਾਸ ਲਿਖੋ। ਬਾਗ਼-ਬਗੀਚੇ ਅੱਗ ਦੀ ਭੇਟਾ, ਬਿਰਖ ਚਿਤਾਵਾਂ ਵਿਚ ਸੜੇ, ਗ਼ਰਮ ਰਾਖ਼ ਦਾ ਹਿੱਸਾ ਬਣੀਆਂ ਲਗਰਾਂ ਦਾ ਇਤਿਹਾਸ ਲਿਖੋ। ਗੁਰਭਜਨ ਗਿੱਲ




ਪੰਛੀ ਉਡਾਣ ਭਰ ਕੇ ਸਾਗਰ 'ਚੋਂ ਜਾ ਰਿਹਾ ਹੈ। ਏਸੇ ਤੋਂ ਸਮਝ ਜਾਉ, ਤੂਫ਼ਾਨ ਆ ਰਿਹਾ ਹੈ। ਪੌਣਾਂ 'ਚ ਰੁਮਕੇ ਸਰਗਮ, ਸੁਣਦੀ ਹੈ ਰਾਗ ਕੁਦਰਤ, ਸੁਰਤੀ ਨੂੰ ਸੁਰ 'ਚ ਕਰਕੇ, ਇਹ ਕੌਣ ਗਾ ਰਿਹਾ ਹੈ। ਗੁਰਭਜਨ ਗਿੱਲ



ਹੋ ਗਈਆਂ ਨੇ ਗੱਲਾਂ, ਆਪਾਂ ਫੇਰ ਮਿਲਾਂਗੇ। ਸਾਂਭ ਸਮੁੰਦਰ ਛੱਲਾਂ, ਆਪਾਂ ਫੇਰ ਮਿਲਾਂਗੇ। ਤੈਨੂੰ ਅਪਣੀ ਤਾਕਤ ਤੇ ਵਿਸ਼ਵਾਸ ਬੜਾ ਹੈ, ਮੈਂ ਕਮਜ਼ੋਰਾ, ਚੱਲਾਂ, ਆਪਾਂ ਫੇਰ ਮਿਲਾਂਗੇ। ਗੁਰਭਜਨ ਗਿੱਲ



ਧਨਵੰਤੇ ਦਾ ਬੋਲ ਕੁਬੋਲ ਵੀ ਬਣਦਾ ਬਚਨ ਬਿਲਾਸ ਕਿਉਂ ਹੈ? ਸਾਡੀ ਅਰਜ਼ੀ ਮਹਿਲਾਂ ਖ਼ਾਤਰ, ਹਰ ਵਾਰੀ ਬਕਵਾਸ ਕਿਉਂ ਹੈ? ਦਸਰਥ ਦਾ ਪੁੱਤ ਘਰ ਨੂੰ ਪਰਤੇ, ਕਰਨ ਸਵਾਗਤ ਜਗਦੇ ਦੀਵੇ, ਜਾਨਕੀਆਂ ਦੇ ਭਾਗੀਂ ਲਿਖਿਆ, ਹਰ ਯੁਗ ਵਿਚ ਬਨਵਾਸ ਕਿਉਂ ਹੈ। ਗੁਰਭਜਨ ਗਿੱਲ


ਹਰ ਵਸਤਰ ਦੇ ਹੇਠਾਂ ਕੱਜਿਆ, ਹਰ ਵਾਰੀ ਇਨਸਾਨ ਨਹੀਂ ਹੁੰਦਾ। ਇਹ ਗੱਲ ਪੱਕੀ ਧਾਰ ਲਵੋ ਜੀ, ਮਿੱਟੀ ਦਾ ਭਗਵਾਨ ਨਹੀਂ ਹੁੰਦਾ। ਕੋਰੇ ਸਫ਼ਿਆਂ ਉੱਪਰ ਲਿਖਿਆ, ਭਰਮ ਜਾਲ ਤਾਂ ਹੋ ਸਕਦਾ ਏ, ਪਾਣੀ ਉੱਪਰ ਵਹਿ ਕੇ ਤਰਦੀ, ਝੱਗ ਦਾ ਕੋਈ ਈਮਾਨ ਨਹੀਂ ਹੁੰਦਾ। ਗੁਰਭਜਨ ਗਿੱਲ



ਧੁੱਪਾਂ ਤੋਂ ਵੱਧ ਛਾਵਾਂ ਤੋਂ ਡਰ ਲੱਗਦਾ ਹੈ। ਮੈਨੂੰ ਆਪਣੇ ਚਾਵਾਂ ਤੋਂ ਡਰ ਲੱਗਦਾ ਹੈ। ਆਪਣੇ ਸਿਰ ਤੋਂ ਉੱਚਾ ਜਦ ਤੋਂ ਹੋਇਆ ਹਾਂ, ਤੇਜ਼ ਤਰਾਰ ਹਵਾਵਾਂ ਤੋਂ ਡਰ ਲੱਗਦਾ ਹੈ।
ਗੁਰਭਜਨ ਗਿੱਲ



ਸਗਲ ਇਬਾਰਤ ਫੁੱਲਾਂ ਉੱਤੇ, ਮੈਂ ਇਹ ਵਾਂਗ ਤਰੇਲ ਨਾ ਡਿੱਠੀ। ਸੰਦਲੀ ਸਾਹਾਂ ਦੇ ਸੰਗ ਉਕਰੀ ,ਇਹ ਤਾਂ ਜਾਪੇ ਤੇਰੀ ਚਿੱਠੀ। ਇਸ ਤੋਂ ਸੁੱਚਾ ਵਰਕਾ ਹਾਲੇ ਬਣਿਆ ਹੀ ਨਾ ਧਰਤੀ ਉੱਤੇ, ਬਿਨ ਲਿਖਿਆਂ ਜੋ ਬਾਤ ਸੁਣਾਵੇ ,ਸ਼ਹਿਦ ਕਟੋਰੀ ਨਾਲੋਂ ਮਿੱਠੀ।ਗੁਰਭਜਨ ਗਿੱਲ



ਹੁਣ ਤੈਨੂੰ ਸਮਝਾਵੇ ਕਿਹੜਾ, ਖੁਸ਼ਬੂ ਦਾ ਕੋਈ ਦੇਸ ਨਹੀਂ ਹੁੰਦਾ। ਨਿਰਮਲ ਨੀਰ, ਹਵਾ ਦਾ ਜਿੱਸਰਾਂ, ਰੰਗ ਬਰੰਗ ਭੇਸ ਨਹੀਂ ਹੁੰਦਾ। ਜੇ ਕੁਦਰਤ ਨੂੰ ਮਾਂ ਪਿਉ ਕਹੀਏ, ਇਸ ਦੀ ਗੋਦੀ ਖਿੜ ਕੇ ਬਹੀਏ, ਕੁੱਲ ਆਲਮ ਮਲਕੀਅਤ ਬਣ ਜੇ, ਕੋਈ ਵੀ ਥਾਂ ਪਰਦੇਸ ਨਹੀਂ ਹੁੰਦਾ। ਗੁਰਭਜਨ ਗਿੱਲ




ਆਪਣੀ ਸੂਰਤ ਲੱਭਦਾ ਰਹਿੰਦਾਂ ਫੁੱਲ-ਪੱਤੀਆਂ ਖ਼ੁਸ਼ਬੋਈਆਂ ਵਿੱਚੋਂ। ਪਰ ਇਹ ਲੱਭੀ ਜਦ ਵੀ ਲੱਭੀ ਮੈਨੂੰ ਰੀੜ੍ਹਾਂ ਮੋਈਆਂ ਵਿੱਚੋਂ। ਵਕਤ ਲਿਹਾਜ਼ ਕਦੇ ਨਾ ਕਰਦਾ ਕਿਸ ਦੀ ਭਾਲ ਕਰੇਂ ਤੂੰ ਜਿੰਦੇ, ਵੇਖ ਲਿਆ ਕਰ ਖ਼ੁਦ ਨੂੰ ਆਪੇ ਰੋ ਰੋ ਅੱਖੀਆਂ ਧੋਈਆਂ ਪਿੱਛੋਂ। ਗੁਰਭਜਨ ਗਿੱਲ



ਕਾਦਰ ਨੇ ਲਿਖੀਆਂ ਕਵਿਤਾਵਾਂ ਲਿਖ ਕੇ ਘੱਲੀਆਂ ਸਾਡੇ ਕੋਲ। ਨਾਸ਼ੁਕਰੇ ਹਾਂ ਮਾਣ ਨਾ ਸਕੀਏ ਵਡਮੁੱਲੀ ਇਹ ਦਾਤ ਅਮੋਲ। ਕੰਡੇ ਕੰਡੇ ਖੇਡ ਰਹੇ ਹਾਂ ਤਨ ਮਨ ਦੋਹੀਂ ਪਾਸੀਂ ਜ਼ਖ਼ਮੀ, ਫੁੱਲਾਂ ਨਾਲ ਨਾ ਸਾਂਝ ਪੁਗਾਈਏ ਤਾਂਹੀਂਉਂ ਲੀਰਾਂ ਪਾਟੀ ਝੋਲ। ਗੁਰਭਜਨ ਗਿੱਲ


ਕੱਚੇ ਵਿਹੜਿਆਂ ਨੇ ਜਿਹੜਾ ਸਾਨੂੰ ਸਬਕ ਪੜ੍ਹਾਇਆ।
ਸੱਚੀਂ, ਅੜੇ ਥੁੜੇ ਵੇਲੇ ਸਾਨੂੰ ਬੜਾ ਕੰਮ ਆਇਆ। ਆਡਾਂ
ਬੰਨਿਆਂ ਤੇ ਦੌੜਦੇ ਨਾ ਅਸੀਂ ਕਦੇ ਡਿੱਗੇ, ਸੰਗਮਰਮਰ ਉੱਤੇ
ਸਾਨੂੰ ਤੁਰਨਾ ਨਾ ਆਇਆ। ਗੁਰਭਜਨ ਗਿੱਲ


ਰਾਵੀ ਪਾਰ ਪੁਰਾਣੇ ਪਿੰਡ ਦੇ ਘਰ ਦਾ ਬੂਹਾ ਚੇਤੇ ਕਰਦੇ।
ਕੂਚ ਜਹਾਨੋਂ ਕਰ ਗਏ ਮੇਰੇ ਬੀਬੀ ਬਾਪੂ ਹੌਕੇ ਭਰਦੇ।
ਹਾਕਮ ਲਈ ਤਸਵੀਰ ਜਹੀ ਹੈ,ਮੇਰੇ ਲਈ ਤਾਰੀਖ਼ ਦਾ ਬੂਹਾ,
ਪੱਕੇ ਜੰਦਰੇ ਜੜ ਗਏ ਵੈਰੀ ਯਾਦ ਪੋਟਲੀ ਕਿਸ ਥਾਂ ਧਰਦੇ।
ਗੁਰਭਜਨ ਗਿੱਲ



ਤੂੰ ਨਾ ਰੂਹੇ ਦਸਤਕ ਦਿੱਤੀ ਕੱਲ੍ਹ ਵਰਗਾ ਅੱਜ ਦਿਨ ਨਹੀਂ ਚੜ੍ਹਿਆ। ਕੀ ਦੱਸਾਂ ਮੈਂ ਤੇਰਾ ਲਿਖਿਆ ਕਿੰਨੀ ਵਾਰੀ ਮੁੜ ਮੁੜ ਪੜ੍ਹਿਆ। ਦੋ ਸਤਰਾਂ ਵਿਚਕਾਰ ਦੀ ਖ਼ਾਲੀ ਥਾਂ ਨੇ ਮੈਨੂੰ ਇਹ ਸਮਝਾਇਐ, ਬਹੁਤੀ ਵਾਰੀ ਉਹ ਪੜ੍ਹਿਆ ਕਰ ਜੋ ਛੱਡ ਜਾਨੈਂ ਤੂੰ ਅਣਪੜ੍ਹਿਆ। ਗੁਰਭਜਨ ਗਿੱਲ



ਹੁਣੇ ਹੁਣੇ ਬੱਸ ਚੇਤੇ ਕੀਤਾ, ਓਸੇ ਪਲ ਆਹ ਸੂਰਜ ਚੜ੍ਹਿਆ।
ਕਿਰਨਾਂ ਚਾਰ ਚੁਫ਼ੇਰੇ ਝੁਰਮਟ, ਤੂੰ ਇਹ ਕਿਹੜਾ ਮੰਤਰ ਪੜ੍ਹਿਆ। ਦਿਨ ਤੇ ਰਾਤ ਮਿਲਾ ਕੇ ਚੌਵੀ, ਘੰਟੇ ਹੁੰਦੇ ਰੋਜ਼ ਦਿਹਾੜੀ, ਮੇਰੇ ਸਾਹਾਂ ਅੰਦਰ ਧੜਕੇਂ, ਲਾਵੇਂ ਅੱਖ ਘੜੀ ਨਾ ਅੜਿਆ। ਗੁਰਭਜਨ ਗਿੱਲ



ਕਈ ਜਨਮਾਂ ਤੋਂ ਵਿੱਛੜੇ ਆਪਾਂ, ਆ ਜਾ ਦੋਵੇਂ ਇੱਕ ਸਾਹ ਹੋਈਏ । ਕੋਸ਼ਿਸ਼ ਕਰੀਏ, ਘੁਲ਼ ਮਿਲ਼ ਜਾਈਏ, ਧੜਕਣ ਅੰਦਰ ਨਬਜ਼ ਪਰੋਈਏ । ਰੋਜ਼ ਉਡੀਕਣ ਬਿਖੜੇ ਪੈਂਡੇ, ਘੁੰਮਣ ਘੇਰ ਹਨ੍ਹੇਰੀਆਂ ਗਲੀਆਂ, ਡਰਦਿਆਂ ਨੂੰ ਇਹ ਹੋਰ ਡਰਾਵਣ, ਆ ਜਾ ਚਾਨਣ ਚਾਨਣ ਹੋਈਏ। ਗੁਰਭਜਨ ਗਿੱਲ



ਕੀ ਹੁੰਦੇ ਸੀ, ਕੀ ਬਣ ਚੱਲੇ, ਸੂਹੇ ਸੁਰਖ਼ ਗੁਲਾਬਾਂ ਵਾਲੇ।
ਉਲਟੇ ਰੁਖ਼ ਕਿਉਂ ਦਰਿਆ ਤੁਰ ਪਏ ਮੇਰੇ ਯਾਰ ਪੰਜਾਬਾਂ ਵਾਲੇ। ਆ ਓਇ ਮਿੱਤਰਾ,ਰਲ਼ ਕੇ ਲਾਈਏ ਹੋਕਾ,ਪਿੱਛੇ ਮੋੜ ਲਿਆਈਏ, ਭੰਨ ਬੋਤਲਾਂ ਘਰ ਘਰ ਉੱਸਰਨ ਏਥੇ ਬਾਰ ਕਿਤਾਬਾਂ ਵਾਲੇ। ਗੁਰਭਜਨ ਗਿੱਲ



ਆਹ ਫੜ ਸੂਰਜ ਮੱਥੇ ਜੜ ਲੈ ਅੰਬਰ ਵਿਚਲੇ ਚੰਨ ਸਿਤਾਰੇ।
ਨੂਰੋ ਨੂਰ ਚੁਫ਼ੇਰਾ ਕਰ ਦੇ, ਧਰਤੀ ਮਾਂ ਦੇ ਰਾਜ ਦੁਲਾਰੇ।
ਗਿਠਮੁਠੀਆਂ ਨੇ ਧਰਮ ਕਰਮ ਨੂੰ ਆਪਣੇ ਜੇਡ ਬਣਾ ਹੈ ਧਰਿਆ, ਜੀਵਨ ਸੇਧ, ਸਮਰਪਣ ਗੁੰਮਿਆ, ਲੁਕਦੇ ਫਿਰਦੇ ਸ਼ਬਦ ਵਿਚਾਰੇ।ਗੁਰਭਜਨ ਗਿੱਲ



ਯਾਰ ਪਿਆਰੇ ਜਦ ਤੁਰ ਜਾਂਦੇ, ਧਰਤੀ ਸੱਖਣੀ ਕਰ ਜਾਂਦੇ ਨੇ।
ਰੂਹ ਦੇ ਛਾਲੇ ਫਿੱਸਦੇ ਮਗਰੋਂ,ਉਸ ਤੋਂ ਪਹਿਲਾਂ ਭਰ ਜਾਂਦੇ ਨੇ।
ਅਗਨ ਭੇਟ ਜਿਸਮਾਂ ਨੂੰ ਕਰੀਏ,ਜਲ ਪ੍ਰਵਾਹੀਏ ਫਿਰ ਵੀ ਜ਼ਿੰਦਾ, ਰੂਹ ਦੀ ਨੁੱਕਰੇ ਰੋਜ਼ ਬੋਲਦੇ ,ਕੌਣ ਕਹੇ ਉਹ ਮਰ ਜਾਂਦੇ ਨੇ।ਗੁਰਭਜਨ ਗਿੱਲ



ਭਰਮ ਪਾਲਿਆ ਲਾਈਆਂ ਆਪਾਂ, ਕਾਗ਼ਜ਼ ਦੇ ਰਾਵਣ ਨੂੰ ਅੱਗਾਂ। ਰਾਮ ਰਾਜ ਦੀ ਜੈ ਜੈ ਕਰਦੇ,ਸੁੱਟਦੇ ਰਹੇ ਮੂੰਹ ਅੰਦਰੋਂ ਝੱਗਾਂ। ਇਹ ਤਾਂ ਕੇਵਲ ਧਰਮ ਜਾਲ ਸੀ ,ਨਾਟਕ ਚੇਟਕ ਸਿਰਫ਼ ਬਹਾਨਾ, ਖ਼ਤਰੇ ਵਿੱਚ ਨੇ ਪੁਸ਼ਤਾਂ ਤੋਂ ਹੀ, ਉੱਚੇ ਸਿਰ ਤੇ ਬੱਧੀਆਂ ਪੱਗਾਂ। ਗੁਰਭਜਨ ਗਿੱਲ



ਧੀਆਂ ਸੁਹਜ ਸਮਰਪਣ ਘਰ ਦਾ, ਸਹਿਜ ਸਬਰ ਸੰਤੋਖ ਸਲੀਕਾ। ਧਰਤੀ ਜਿੱਡਾ ਜਿਗਰਾ ਰੱਖਣਾ,ਦੱਸਦੀ ਹੈ ਮਾਂ ਜੀਣ ਤਰੀਕਾ। ਇੱਲਾਂ ਤੇ ਬਘਿਆੜਾਂ ਕੋਲੋਂ, ਸਾਬਤ ਕਦਮ ਬਚਾ ਸਕਦੇ ਨੇ, ਮੁਲਕਾਂ ਨਾਲ ਫ਼ਰਕ ਨਹੀਂ ਪੈਂਦਾ, ਭਾਰਤ ਹੋਵੇ ਜਾਂ ਅਮਰੀਕਾ।ਗੁਰਭਜਨ ਗਿੱਲ


ਅੱਖਾਂ ਖੋਲ੍ਹ ਤੂੰ ਵੇਖ ਪਿਆਰੇ ਲੱਗਿਆ ਹੈ ਰੰਗਾਂ ਦਾ ਮੇਲਾ।
ਫੁੱਲਾਂ ਨਾਲ ਗੁ਼ਫ਼ਤਗੂ ਕਰਕੇ, ਹੋ ਜਾਂਦਾ ਏ ਜਨਮ ਸੁਹੇਲਾ।
ਦਿਲ ਦੀ ਖਿੜਕੀ ਖੋਲ੍ਹ ਸੋਹਣਿਆਂ, ਸੱਜਰੀ ਹਵਾ ਜ਼ਰੂਰੀ
ਇਸਨੂੰ,ਅੱਜ ਨੂੰ ਅੱਜ ਹੀ ਮਾਣ ਲਿਆ ਕਰ,ਕੱਲ੍ਹ ਦਾ ਤਾਂ ਹੈ
ਨਾਮ ਕੁਵੇਲਾ। ਗੁਰਭਜਨ ਗਿੱਲ



ਆ ਨੀ ਜਿੰਦੇ,ਵਾਂਗ ਪੰਛੀਆਂ, ਅੰਬਰ ਨੂੰ ਹੱਥ ਲਾ ਕੇ ਆਈਏ।ਖੰਭਾਂ ਵਿੱਚ ਪਰਵਾਜ਼ ਬੀੜ ਕੇ ਪੌਣਾਂ ਨੂੰ ਗਲਵੱਕੜੀ ਪਾਈਏ। ਕੰਨ ਖੋਲ੍ਹ ਕੇ ਮੇਰੀ ਸੁਣ ਲੈ, ਰੁਕਿਆ ਪਾਣੀ ਵੀ ਬੁੱਸ ਜਾਂਦਾ,ਹੋਰ ਨਹੀਂ ਤਾਂ ਸ਼ਬਦ ਉਡਾਰੀ ਲਾ ਕੇ ਕਣ ਕਣ ਨੂੰ ਮਹਿਕਾਈਏ।ਗੁਰਭਜਨ ਗਿੱਲ



ਫ਼ਾਸਲਿਆਂ ਨੇ ਖਾ ਜਾਣਾ ਹੈ,ਆ ਜਾ ਆਪਣੇ ਕੋਲ ਖਲੋਈਏ। ਕਰਕੇ ਸੁਰਤ ਇਕਾਗਰ ਖ਼ੁਦ ਨੂੰ ਨਵੇਂ ਸਿਰੇ ਤੋਂ ਮੁੜ ਕੇ ਗੋਈਏ।ਜਿਹੜੇ ਬਹੁਤੀਆਂ ਜੱਫੀਆਂ ਪਾਉਂਦੇ, ਸਾਵਧਾਨ ਜੀ ਬਚ ਕੇ ਰਹਿਣਾ,ਰਿਸ਼ਤਿਆਂ ਦੀ ਸੰਵੇਦਨ ਸ਼ਕਤੀ, ਲੱਭੀਏ ਸਾਹਾਂ ਵਿੱਚ ਪਰੋਈਏ।ਗੁਰਭਜਨ ਗਿੱਲ




ਤੇਰੇ ਨਾਲ ਗੁਜ਼ਾਰੀਆਂ ਰਾਤਾਂ ਭੁੱਲਦੀਆਂ ਨਹੀਂ,ਧੁੱਪਾਂ ਛਾਵਾਂ ਤੇ ਬਰਸਾਤਾਂ ਭੁੱਲਦੀਆਂ ਨਹੀਂ। ਘਾਹ ਦੀ ਤਿੜ ਦੇ ਛੱਲੇ,ਛਾਪਾਂ, ਮੁੰਦਰੀਆਂ,ਵਡਮੁੱਲੀਆਂ ਉਹ ਅਜਬ ਸੁਗਾਤਾਂ ਭੁੱਲਦੀਆਂ ਨਹੀਂ। ਗੁਰਭਜਨ ਗਿੱਲ



ਗੁਲਦਸਤਾ ਇਹ ਧਰਤੀ ਮਾਂ ਨੇ ਆਪਣੇ ਹੱਥੀਂ ਆਪ ਬਣਾਇਆ। ਕਮ ਅਕਲੇ ਹਾਂ ਏਨਾ ਸੌਖਾ ਕਿੱਸਾ ਸਾਨੂੰ ਸਮਝ ਨਾ ਆਇਆ। ਇਹ ਕਹਿੰਦੇ ਨੇ ਕੱਲ੍ਹਿਉ ਕੱਲ੍ਹਿਉ, ਕਿਉਂ ਮਰ ਚੱਲੇ ਹੌਕੇ ਭਰਦੇ,ਕਿੰਨੀ ਸੋਹਣੀ ਹਸਤੀ ਉੱਸਰੇ,ਕਣ ਕਣ ਸਾਨੂੰ ਇਹ ਸਮਝਾਇਆ। ਗੁਰਭਜਨ ਗਿੱਲ




ਭਰਮ ਜਾਲ ਦੀ ਅਜਬ ਚਾਲ ਹੈ ਦੇਵੇ ਪਹਿਲਾਂ ਮਾਲ ਖ਼ਜ਼ਾਨਾ। ਪਰ ਇਸ ਬਦਲੇ ਸਾਥੋਂ ਖੋਹਵੇ,ਦਿਲ ਦਾ ਚੈਨ ਲਵੇ ਨਜ਼ਰਾਨਾ। ਸਮਝ ਪਵੇ ਨਾ ਮੱਕੜੀ ਨੂੰ ਫਿਰ, ਜਾਲਾ ਕੈਦ ਵਿਹਾਜੀ ਆਪੇ, ਜਦੋਂ ਗੁਆਚਣ ਖ਼ੁਸ਼ੀਆਂ ਖੇੜੇ,ਕੌਣ ਸੁਣੇ ਫਿਰ ਦਰਦ ਤਰਾਨਾ।ਗੁਰਭਜਨ ਗਿੱਲ


ਸ਼ਬਦਾਂ ਨੂੰ ਮੈਂ ਸਾਫ਼ ਕਿਹਾ ਹੈ, ਕਦੇ ਕਿਸੇ ਦਾ ਭਯ ਨਹੀਂ ਮੰਨਣਾ। ਕੂੜ ਦਾ ਭਾਂਡਾ ਵੇਖਦਿਆਂ ਹੀ ਚੌਂਕ ਚੁਰਸਤੇ ਦੇ ਵਿੱਚ ਭੰਨਣਾ। ਧਰਤੀ ਅੰਬਰ ਦੋਵੇਂ ਮੇਰੇ ਅੰਮੜੀ ਬਾਬਲ ਅੰਗ ਸੰਗ ਹਰ ਪਲ, ਫ਼ਰਜ਼ਾਂ ਵਾਂਗ ਵਿਚਰਨਾ ਹਰ ਥਾਂ, ਗ਼ਰਜ਼ਾਂ ਨਾਲ ਨਾ ਰੂਹ ਨੂੰ ਬੰਨ੍ਹਣਾ। ਗੁਰਭਜਨ ਗਿੱਲ



ਜੜ੍ਹਾਂ ਡੂੰਘੀਆਂ ਕਰਨ ਬਿਰਖ਼ ਜੋ ਅੰਬਰ ਨੂੰ ਹਨ ਖਹਿੰਦੇ।
ਵਧਣ ਬਰਾਬਰ ਉੱਪਰ ਥੱਲੇ, ਹਰ ਮੌਸਮ ਨੂੰ ਸਹਿੰਦੇ। ਥਾਂ ਥਾਂ
ਗਿਆਨ - ਕਿਤਾਬਾਂ ਖੜ੍ਹੀਆਂ, ਪੜ੍ਹ ਬਹਿ ਇਨ੍ਹਾਂ ਛਾਵੇਂ,
ਦਿਨ ਤੇ ਰਾਤ ਬਰਾਬਰ, ਭਾਵੇਂ ਸੂਰਜ ਚੜ੍ਹਦੇ ਲਹਿੰਦੇ।
ਗੁਰਭਜਨ ਗਿੱਲ



ਸਾਡਾ ਪੋਤਰਾ ਮਨਰਾਜ ਸਿੰਘ ਅੱਜ ਚੇਤਨਾ ਪ੍ਰਕਾਸ਼ਨ ਵੱਲੋਂ ਟੋਰੰਟੋ ਚ ਲੱਗੀ ਪੁਸਤਕ ਪ੍ਰਦਰਸ਼ਨੀ ਚੋਂ ਮੇਰੀਆਂ ਦੋ ਕਿਤਾਬਾਂ ਸਮੇਤ ਦਸ ਪੰਜਾਬੀ ਕਿਤਾਬਾਂ ਖ਼ਰੀਦ ਕੇ ਲਿਆਇਆ ਹੈ। ਆਸ ਜ਼ਿੰਦਾ ਹੈ, ਨਵੀਂ ਪੀੜ੍ਹੀ ਪ੍ਰਦੇਸਾਂ ‘ਚ ਜ਼ਬਾਨ ਦਾ ਝੰਡਾ ਨੀਵਾਂ ਨਹੀਂ ਹੋਣ ਦੇਵੇਗੀ। ਗੁਰਭਜਨ ਗਿੱਲ



ਜਿੱਤਣ ਖ਼ਾਤਰ ਸ਼ਰਤ ਜ਼ਰੂਰੀ ਨਿਸ਼ਚਤ ਸੇਧ ਨਿਸ਼ਾਨਾ ਹੋਵੇ।
ਲੋੜ ਪੈਣ ਤੇ ਹਰ ਪਲ ਤਤਪਰ ਸੀਸ ਤਲੀ ਨਜ਼ਰਾਨਾ ਹੋਵੇ।
ਦੋਚਿੱਤੀ ਦਾ ਡੰਗਿਆ ਬੰਦਾ ਭਟਕਣ ਭੰਵਰ ਵਿਚਾਲੇ ਘੁੰਮੇ,
ਸਬਰ ਸਿਦਕ ਸੰਤੋਖ ਸਮਰਪਣ ਅਸਲੀ ਮਾਲ-ਖ਼ਜ਼ਾਨਾ ਹੋਵੇ। ਗੁਰਭਜਨ ਗਿੱਲ



ਰੰਗ ਬਰੰਗੇ ਵਸਤਰ ਨੇ ਪਰ ਜ਼ਿੰਦਗੀ ਕਿਉਂ ਬਦਰੰਗ ਵੇ ਲੋਕਾ। ਚਾਵਾਂ ਨੂੰ ਦੱਸ ਕੌਣ ਮਸਲਦਾ, ਕਰਦਾ ਖੱਜਲ ਤੰਗ ਵੇ ਲੋਕਾ। ਹਰ ਸੱਸੀ ਦੇ ਪੈਰਾਂ ਥੱਲੇ ਅੱਜ ਵੀ ਤਪਦੀ ਰੇਤ ਥਲਾਂ ਦੀ, ਰਾਂਝੇ ਦੀ ਥਾਂ ਹੀਰ ਦੇ ਲੇਖੀਂ, ਹਰ ਥਾਂ ਖੇੜੇ ਝੰਗ ਵੇ ਲੋਕਾ। ਗੁਰਭਜਨ ਗਿੱਲ


ਧਰਤ ਬੇਗਾਨੀ, ਕੋਈ ਨਾ ਮੈਨੂੰ, ਲੈ ਕੇ ਨਾਮ ਬੁਲਾਵੇ । ਏਸੇ ਕਰਕੇ ਮਨ ਦਾ ਚੰਬਾ, ਖਿੜੇ ਨਹੀਂ, ਮੁਰਝਾਵੇ । ਖੁੱਲ੍ਹੀਆਂ ਡੁੱਲ੍ਹੀਆਂ ਸੜਕਾਂ ਏਥੇ, ਲੰਮ-ਸਲੰਮੇ ਪੈਂਡੇ, ਏਥੋਂ ਇਕ ਵੀ ਸੜਕ-ਸਲੇਟੀ, ਸਾਡੇ ਪਿੰਡ ਨਾ ਜਾਵੇ। ਗੁਰਭਜਨ ਗਿੱਲ


ਕਿੰਨੇ ਚੋਰ ਲੁਕਾਏ ਨੇ ਮੈਂ, ਮਨ ਮੰਦਰ ਦੀ ਬਾਰੀ ਅੰਦਰ ।
ਚੋਰ-ਸਿਪਾਹੀ ਲੁਕਣ ਮਚਾਈ, ਖੇਡਣ ਚਾਰ ਦੀਵਾਰੀ ਅੰਦਰ । ਦੋਧੇ ਵਸਤਰ ਉੱਜਲੇ ਚਿਹਰੇ, ਖੇਡ ਰਹੇ ਜੂਏ ਦੀ ਬਾਜ਼ੀ, ਲੋਕ ਰਾਜ ਦੇ ਪਰਦੇ ਉਹਲੇ, ਭਾਰੀ ਪਹਿਰੇਦਾਰੀ ਅੰਦਰ। ਗੁਰਭਜਨ ਗਿੱਲ



ਸਗਲ ਇਬਾਰਤ ਫੁੱਲਾਂ ਉੱਤੇ, ਮੈਂ ਇਹ ਵਾਂਗ ਤਰੇਲ ਨਾ ਡਿੱਠੀ। ਸੰਦਲੀ ਸਾਹਾਂ ਦੇ ਸੰਗ ਉਕਰੀ ,ਇਹ ਤਾਂ ਜਾਪੇ ਤੇਰੀ ਚਿੱਠੀ। ਇਸ ਤੋਂ ਸੁੱਚਾ ਵਰਕਾ ਹਾਲੇ ਬਣਿਆ ਹੀ ਨਾ ਧਰਤੀ ਉੱਤੇ, ਬਿਨ ਲਿਖਿਆਂ ਜੋ ਬਾਤ ਸੁਣਾਵੇ ,ਸ਼ਹਿਦ ਕਟੋਰੀ ਨਾਲੋਂ ਮਿੱਠੀ।ਗੁਰਭਜਨ ਗਿੱਲ



ਗਲਤੀ ਦੇ ਅਹਿਸਾਸ ਤੋਂ ਮਗਰੋਂ ਅਗਲਾ ਕਦਮ ਪਕੇਰਾ ਹੁੰਦੈ। ਜੇ ਇਹ ਸੋਚ ਸਲਾਮਤ ਰੱਖੋ ਰੌਸ਼ਨ ਚਾਰ ਚੁਫ਼ੇਰਾ ਹੁੰਦੈ। ਬੀਤੇ ਦਾ ਪਛਤਾਵਾ ਕਰਕੇ ਸਫ਼ਰ ਕਦੇ ਅੱਗੇ ਨਹੀਂ ਤੁਰਦਾ, ਸੂਰਜ ਅੱਗੇ ਰਾਤ ਟਿਕੇ ਨਾ ਅਗਲੀ ਭਲ਼ਕ ਸਵੇਰਾ ਹੁੰਦੈ। ਗੁਰਭਜਨ ਗਿੱਲ


ਹਨ੍ਹੇਰੀ ਰਾਤ ਅੰਦਰ ਵਸਤ ਦਾ ਸਾਇਆ ਨਹੀਂ ਹੁੰਦਾ। ਇਹਦਾ ਇਹ ਅਰਥ ਤਾਂ ਨਹੀਂ, ਓਸਦਾ ਚਿਹਰਾ ਨਹੀਂ ਹੁੰਦਾ। ਇਹ ਕੈਸੀ ਤਿਸ਼ਨਗੀ ਲੈ ਕੇ, ਥਲਾਂ ਵਿੱਚ ਪੌਣ ਹੈ ਫਿਰਦੀ, ਕਿਸੇ ਡਾਚੀ ਦਾ ਇੱਕੋ ਥਾਂ ਕਦੇ ਠਹਿਰਾਅ ਨਹੀਂ ਹੁੰਦਾ। ਗੁਰਭਜਨ ਗਿੱਲ



ਆਖੇਂ ਕਾਹਨੂੰ ਬਾਬਲ ਤੂੰ ਧੀਆਂ ਨੂੰ ਵਿਚਾਰੀਆਂ। ਚੰਨ ਉੱਤੇ ਪੈੜਾਂ ਪਾਈਆਂ, ਸਾਡੀਆਂ ਉਡਾਰੀਆਂ। ਪੁੱਤਰਾਂ ਨੂੰ ਪੁੱਚ ਪੁੱਚ, ਛੱਡ ਦੇ ਰਿਵਾਜ ਨੂੰ, ਕੁੱਖ ਵਿਚ ਖਾਣ ਸਾਨੂੰ ਰੁੱਤਾਂ ਟੁਣੇਹਾਰੀਆਂ। ਗੁਰਭਜਨ ਗਿੱਲ



ਕਦਮ ਕਦਮ ਤੇ ਰਹਿਮਤ ਕੀਤੀ, ਜ਼ਿੰਦਗੀ ਤੇਰਾ ਲੱਖ ਸ਼ੁਕਰਾਨਾ। ਮੇਰੇ ਵਰਗੇ ਬੇ ਗੁਣਿਆਂ ਨੂੰ ਅਕਲ ਅਜੇ ਵੀ ਨਾ ਇੱਕ ਆਨਾ। ਮਾਪਿਆਂ , ਭੈਣ ਭਰਾਵਾਂ, ਸੰਗਤ , ਜਿੱਦਾ ਘੜਿਆ,ਓਹੀ ਕੁਝ ਹਾਂ, ਜ਼ਾਤ ਔਕਾਤ ਲਿਖਾਵੇ ਜੋ ਕੁਝ, ਓਹੀ ਲਿਖਦੈ ਦਿਲ ਦੀਵਾਨਾ। ਗੁਰਭਜਨ ਗਿੱਲ



ਸਾਡਾ ਹੱਕ ਵੀ ਇਸ ਧਰਤੀ ਤੇ, ਪੁੱਤਰਾਂ ਜੇਡ ਬਰਾਬਰ ਹੈ।
ਕਿਉਂ ਗੁਰੂਆਂ ਦੀ ਧਰਤੀ ਉੱਤੇ, ਅੱਜ ਵੀ ਘੋਰ ਨਿਰਾਦਰ ਹੈ।
ਸ਼ਬਦ ਗੁਰੂ ਸਾਡਾ ਵੀ ਓਨਾ, ਸਾਡੇ ਹੱਥ ਕਿਤਾਬ ਦਿਉ।
ਵੇ ਵੀਰੋ! ਵੇ ਅੰਮੜੀ ਜਾਇਓ, ਸਾਨੂੰ ਤੁਰਤ ਹਿਸਾਬ ਦਿਉ।
ਗੁਰਭਜਨ ਗਿੱਲ



ਸੋਚਾਂ ਦੀ ਜੋ ਖ਼ੁਸ਼ਕ ਨਦੀ ਹੈ ਘਰ ਤੋਂ ਦਫ਼ਤਰ ਤੱਕ ਜਾਂਦੀ ਹੈ।
ਇੱਕ ਜ਼ੱਰੇ ਨੂੰ ਚੁੰਮ ਲਿਆ ਮੈਂ, ਦੁਸ਼ਮਣ ਕਾਇਨਾਤ ਬਣੀ ਹੈ।
ਏਸ ਸ਼ਹਿਰ ਹੀ ਫੁੱਲ ਖਿੜੇ ਸਨ, ਏਸ ਸ਼ਹਿਰ ਹੀ ਅੱਗ ਵਰ੍ਹੀ ਹੈ। ਤੂਫ਼ਾਨਾਂ ਨੂੰ ਚੇਤੇ ਕਰਕੇ, ਟਾਹਣੀ ਹੁਣ ਵੀ ਕੰਬ ਜਾਂਦੀ ਹੈ।
ਰਣਧੀਰ ਸਿੰਘ ਚੰਦ



ਘੁੰਮਣਘੇਰ ‘ਚ ਘਿਰ ਕੇ ਕਹੀਏ, ਜ਼ਿੰਦਗੀ ਤਾਂ ਜੰਜਾਲ ਜਹੀ ਹੈ। ਸਹਿਜਮਤੇ ਜੇ ਤੁਰੀਏ ਆਪਾਂ ਇਹ ਹੀ ਸਰਲ ਸਵਾਲ ਜਹੀ ਹੈ। ਨਜ਼ਰ, ਨਜ਼ਰੀਆ ਅੱਡਰੀ ਸ਼ੈ ਨੇ, ਸਮਝ ਪਵੇ ਤਾਂ ਮਸਲਾ ਹੱਲ ਹੈ, ਹਰ ਬੰਦੇ ਦੇ ਅੰਦਰ ਕਵਿਤਾ, ਧੜਕਣ ਸੁਰ ਤੇ ਤਾਲ ਜਹੀ ਹੈ।ਗੁਰਭਜਨ ਗਿੱਲ




ਸਾਥੋਂ ਪਹਿਲਾਂ ਹਰ ਦਾਣੇ ਦੀ, ਵੇਖ ਲਵੋ ਜੀ ਧਰਤੀ ਮਾਂ ਹੈ।
ਟੁੱਟਿਆਂ ਸਿੱਟਿਆਂ ਵਿਚਲੇ ਦਾਣਿਆਂ ਨੂੰ ਉੱਗਣ ਲਈ ਦੇਂਦੀ ਥਾਂ ਹੈ। ਫ਼ਰਜ਼ਾਂ ਦੀ ਥਾਂ ਗਰਜ਼ਾਂ ਬੱਧੇ, ਅਕਲੋਂ ਅੰਨ੍ਹੇ ਹੋ ਚੱਲੇ ਹਾਂ, ਸਗਲ ਸੰਭਾਲਣਹਾਰ ਮੇਦਨੀ ਅਤਿ ਸਤਿਕਾਰਤ ਤਾਂਹੀਉਂ ਨਾਂ ਹੈ। ਗੁਰਭਜਨ ਗਿੱਲ


ਤੇਰੀ ਮੇਰੀ ਰੂਹ ਦਾ ਚੰਬਾ ਖਿੜ ਕੇ ਜੱਗ ਮਹਿਕਾ ਸਕਦਾ ਹੈ।
ਧਰਤੀ ਬੁੱਕਲ ਬਣ ਸਕਦੀ ਹੈ, ਸੂਰਜ ਨੇੜੇ ਆ ਸਕਦਾ ਹੈ।
ਪੀਂਘ ਪਈ ਅਸਮਾਨੀ ਵਿਚਲੇ ਸੱਤੇ ਰੰਗ ਮੁਸਕਾਨ ਚ ਭਰ
ਲੈ, ਕੋਸ਼ਿਸ਼ ਕਰਕੇ ਵੇਖ ਜ਼ਰਾ ਤੂੰ, ਇਹ ਪਲ ਜੀਣ ਸਿਖਾ
ਸਕਦਾ ਹੈ। ਗੁਰਭਜਨ ਗਿੱਲ



ਜ਼ਿੰਦਗੀ ਵੇਖੋ ਏਸ ਤਰ੍ਹਾਂ ਕੁਝ ਜਿਉਂ ਦਰਿਆ ਦੇ ਵਗਦੇ ਪਾਣੀ। ਕਿਸੇ ਲਈ ਇਹ ਰੁਕਿਆ ਜਲ ਹੈ, ਕਿਸੇ ਲਈ ਇਹ ਰੂਹ ਦਾ ਹਾਣੀ। ਤਰਨਾ ਤੁਰਨਾ ਦੋਵੇਂ ਜ਼ਿੰਦਗੀ ਬੈਠੇ ਰਹਿਣਾ ਮੌਤ ਬਰਾਬਰ, ਡੁੱਬ ਜਾਵੇ ਤਾਂ ਮੌਤ ਬਰਾਬਰ,ਸਮਝ ਲਵੇ ਇਹ ਸਗਲ ਕਹਾਣੀ। ਗੁਰਭਜਨ ਗਿੱਲ




ਅਸੀਂ ਆਈ ਤੇ ਜੇ ਆ ਗਏ, ਤਾਂ ਬੁਰਿਆਂ ਦੇ ਘਰ ਤੱਕ ਜਾਵਾਂਗੇ। ਇਹ ਜਾਨ ਬਚਾ ਕੇ ਕੀਹ ਰੱਖਣੀ, ਫਿਰ ਪੈਰ ਪਿਛਾਂਹ ਨਾ ਪਾਵਾਂਗੇ। ਤੂੰ ਧਰਮ ਦੇ ਨਾਂ ਤੇ ਲੋਕਾਂ ਨੂੰ, ਭੜਕਾਉਂਦਾ ਏ, ਤੜਫਾਉਂਦਾ ਏਂ, ਧਰਤੀ ਨਹੀਂ ਤੈਨੂੰ ਥਾਂ ਦੇਣੀ, ਜਦ ਲੋਕਾਂ ਨੂੰ ਸਮਝਾਵਾਂਗੇ। ਗੁਰਭਜਨ ਗਿੱਲ



ਪੁੱਤਰ ਵੀ ਜੇ ਘਰ ਦੀ ਸ਼ਕਤੀ, ਧੀਆਂ ਵੀ ਅਣਮੁੱਲਾ ਗਹਿਣਾ। ਧਰਤੀ ਜੇਡਾ ਜਿਗਰਾ ਰੱਖਣ, ਸਬਰ ਸਿਦਕ ਵਿੱਚ ਹਰ ਪਲ ਰਹਿਣਾ। ਮੇਰੀ ਇਹ ਅਸੀਸ ਨੀ ਧੀਏ,ਤੈਨੂੰ ਸੋਹਣੇ ਰੱਬ ਦੀਆਂ ਰੱਖਾਂ, ਰਹਿਮਤਾਂ ਨਾਲ ਭਰੇਂ ਤੂੰ ਝੋਲੀ, ਦਾਦਾ ਦਾਦੀ ਸਭ ਦਾ ਕਹਿਣਾ। ਗੁਰਭਜਨ ਗਿੱਲ



ਕਿਲ੍ਹਾ ਰਾਏਪੁਰ (ਲੁਧਿਆਣਾ) ‘ਚ ਮੇਰੇ ਪੁੱਤਰ ਪੁਨੀਤ ਦੇ ਮਾਮਾ ਜੀ ਦੀ ਪੋਤਰੀ ਰਹਿਤ ਕੌਰ ਗਰੇਵਾਲ ਦੇ ਜਨਮ ਦੀ ਖ਼ੁਸ਼ੀ ਦਾ ਪਾਠ ਤੇ ਲੋਹੜੀ ਸੀ। ਮੈਂ ਰਹਿਤ ਨੂੰ ਗੋਦੀ ਚੁੱਕਿਆ ਤਾਂ ਮੇਰੀ ਪੋਤਰੀ ਅਸੀਸ ਦੂਜੇ ਪਾਸੇ ਆ ਬੈਠੀ। ਪਿਆਰ ਕਬਜ਼ਾ ਵੀ ਹੁੰਦਾ ਹੈ। ਮੈਂ ਮਹਿਸੂਸਿਆ। ਗੁਰਭਜਨ ਗਿੱਲ


ਵੇਖ ਕਿਵੇਂ ਤੂੰ ਸੂਰਜ ਚੜ੍ਹਦਾ
ਚੜ੍ਹਦਾ ਬਾਰ ਮ ਬਾਰ
ਤੂੰ ਕਿਉਂ ਢੇਰੀ ਢਾਹ ਕੇ ਬੈਠਾ
ਨ੍ਹੇਰ ਦੀ ਬੁੱਕਲ ਮਾਰ
ਗੁਰਭਜਨ ਗਿੱਲ



ਅੱਥਰੂ ਅੰਦਰ ਇੱਕੋ ਵੇਲੇ ਖ਼ੁਸ਼ੀਆਂ ਗ਼ਮੀਆਂ ਵਹਿਣ ਬਰਾਬਰ। ਜ਼ਿੰਦਗੀ ਨੂੰ ਸਮਤੋਲ ਚ ਰੱਖਿਓ, ਹਰ ਪਲ ਸਾਨੂੰ ਕਹਿਣ ਬਰਾਬਰ। ਦਿਲ ਨੂੰ ਸਿੱਧੀ ਜੀਭ ਨਾ ਹੁੰਦੀ,ਤਾਂ ਹੀ ਅੱਖੀਆਂ ਬੋਲਦੀਆਂ ਨੇ, ਤਨ ਤੇ ਮਨ ਦੇ ਸਗਲ ਥਪੇੜੇ,ਸਾਥੋਂ ਪਹਿਲਾਂ ਸਹਿਣ ਬਰਾਬਰ। ਗੁਰਭਜਨ ਗਿੱਲ



ਦਿਨ ਚੜ੍ਹਦੇ ਤੋਂ ਅਸਤਣ ਤੀਕਰ ਸ਼ਬਦ ਨੇ ਭਾਵੇਂ ਸਾਥੀ ਸੰਗੀ। ਕਲਮ ਦਵਾਤ ਸਿਆਹੀ ਤੋਂ ਬਿਨ ਮੈਂ ਤੈਥੋਂ ਕੋਈ ਚੀਜ਼ ਨਾ ਮੰਗੀ। ਧਰਤੀ ਕਾਗਦ ਅੰਬਰ ਤੀਕਰ ਇੱਕੋ ਵਰਕਾ ਲਿਖਣਾ ਚਾਹਾਂ, ਏਸੇ ਤਲਬ ਤ੍ਰਿਸ਼ਨਾ ਮੇਰੀ ਜਾਨ ਹਮੇਸ਼ਾਂ ਸੂਲੀ ਟੰਗੀ। ਗੁਰਭਜਨ ਗਿੱਲ



ਮੈਂ ਤੁਰਦਾਂ ਬੇਫਿਕਰਾ ਹੋ ਕੇ ਪੁਰਖ਼ਿਆਂ ਦੱਸੇ ਮਾਰਗ ਉੱਤੇ।
ਕਦੇ ਨਹੀਂ ਇਹ ਲੱਗਿਆ ਮੈਨੂੰ ਵੱਡ ਵਡੇਰੇ ਕਬਰੀਂ ਸੁੱਤੇ।
ਬਾਪੂ ਜੀ ਸੀ ਅਕਸਰ ਕਹਿੰਦੇ, ਬੁਰੇ ਸਮੇਂ ਤੋਂ ਨਹੀਂ
ਘਬਰਾਉਣਾ,ਵਕਤ ਸਵਾਰੀ ਬਣ ਜਾਂਦਾ ਜੇ ਮਾਰ ਪਲਾਕੀ
ਚੜ੍ਹ ਜੋ ਉੱਤੇ। ਗੁਰਭਜਨ ਗਿੱਲ



ਜੇਕਰ ਮੰਡੀ ਵਿੱਚ ਨਹੀਂ ਵਿਕਦਾ, ਮੈਨੂੰ ਇਸ ਦੀ ਸ਼ਰਮ ਨਹੀਂ ਹੈ। ਹਰ ਹੱਟੀ ਤੇ ਹਰ ਪਲ ਵਿਕਣਾ, ਇਹ ਬੰਦੇ ਦਾ ਧਰਮ ਨਹੀਂ ਹੈ। ਮੇਰੇ ਇਸ਼ਟ ਸਿਖਾਇਆ ਮੈਨੂੰ, ਛਾਬੇ ਅੰਦਰ ਨਹੀਂ ਤੂੰ ਬਹਿਣਾ, ਰੂਹ ਤੇ ਭਾਰ ਪੁਆ ਕੇ ਜੀਣਾ,ਇਹ ਬੰਦੇ ਦਾ ਕਰਮ ਨਹੀਂ ਹੈ। ਗੁਰਭਜਨ ਗਿੱਲ

ਸਿੱਖੋ ਚੱਜ ਆਚਾਰ ਦੋਸਤੋ,ਵਹਿੰਦੀ ਹੋਈ ਜਲਧਾਰ ਦੇ ਕੋਲੋਂ।
ਤੋਰ ਮਟਕਣੀ ਤੁਰਨਾ ਜਾਣੋ ,ਨਦੀਆਂ ਦੀ ਰਫ਼ਤਾਰ ਦੇ ਕੋਲੋਂ।
ਹਰ ਮੁਸ਼ਕਿਲ 'ਚੋਂ ਕਿੱਦਾਂ ਲੰਘਣਾ,ਪੁੱਛ ਲਉ ਪੌਣ ਪੁਰੇ ਦੀ ਕੋਲੋਂ, ਪਰ ਆਪਣਾ ਰਾਹ ਆਪੇ ਲੱਭਿਉ,ਨਾ ਪੁੱਛਿਉ ਮੰਝਧਾਰ ਦੇ ਕੋਲੋਂ। ਗੁਰਭਜਨ ਗਿੱਲ



ਵੇ ਪੁੱਤਰੋ ਵੇ ਜੀਣ ਜੋਗਿਓ, ਲਾਜ ਧਰਮ ਨੂੰ ਲੱਗ ਨਾ ਜਾਵੇ।
ਰਣ ਭੂਮੀ ਵਿੱਚ ਜੋ ਵੀ ਖੁੰਝਿਆ,ਪਛਤਾਉਂਦੇ ਹੀ ਉਮਰ ਲੰਘਾਵੇ। ਜੇ ਆਖੋ ਤਾਂ ਆ ਜਾਂਦੀ ਹਾਂ,ਮਾਂ ਭਾਗੋ ਦੀ ਵਾਰਿਸ ਹਾਂ ਮੈਂ, ਰਲ਼ ਮਿਲ਼ ਕੇ ਹੀ ਹਿੱਲਣੇ ਬੱਚਿਉ,ਡਾਢੇ ਰਾਜ ਤਖ਼ਤ ਦੇ ਪਾਵੇ। ਗੁਰਭਜਨ ਗਿੱਲ




ਖ਼ੁਸ਼ੀਆਂ ਖੇੜੇ ਘਰ ਨਾ ਪਰਤੇ,ਮੁੱਕਿਆ ਨਾ ਬਨਵਾਸ ਅਜੇ ਵੀ। ਜੰਮ ਕੇ ਜ਼ੁਲਮ ਕਰੇ ਜਰਵਾਣਾ, ਛੁੱਟਣ ਦੀ ਨਾ ਆਸ ਅਜੇ ਵੀ। ਨਾਲ ਹਨ੍ਹੇਰ ਲੜਾਈ ਸਾਡੀ, ਮੁੱਕਣ ਤੀਕ ਜਗਣ ਦਾ ਵਾਅਦਾ, ਇਸ ਮਿੱਟੀ ਦੇ ਦੀਵੇ ਅੰਦਰ ਮੇਰਾ ਹੈ ਵਿਸ਼ਵਾਸ ਅਜੇ ਵੀ। ਗੁਰਭਜਨ ਗਿੱਲ



ਬੜੇ ਬਣਾ ਲਏ ਧਰਤੀ ਉੱਤੇ ਗੁਰ ਘਰ ਗਿਰਜੇ ਮਸਜਿਦ ਮੰਦਰ।ਮਰੇ ਨਾ ਸਾਥੋਂ ਸਾਰਿਆਂ ਕੋਲੋਂ ਦਿਲ ਵਿਚਲਾ ਸ਼ੈਤਾਨੀ ਬੰਦਰ।ਗਾਜਰ ਮੂਲੀ ਵਾਂਗ ਕੁਤਰੀਏ ਸੂਹੇ ਸੁਪਨਿਆਂ ਵਾਲੇ ਬੰਦੇ,ਵੇਖੋ! ਆਹ ਕੀ ਰੁੜ੍ਹਿਆ ਜਾਂਦਾ ਦਰਦਾਂ ਦੇ ਦਰਿਆ ਦੇ ਅੰਦਰ।ਗੁਰਭਜਨ ਗਿੱਲ


ਫ਼ਲ ਫੁੱਲਾਂ ਦੀ ਸ਼ਾਨ ਉਦੋਂ ਤੱਕ ਜਦ ਤੱਕ ਅੰਗ ਸੰਗ ਪੱਤ ਹਰਿਆਲੇ।ਵੇਖ ਕਿਵੇਂ ਤੇਰੇ ਸਿਰ ਛਤਰੀ ਉੱਚੇ ਬਿਰਖ਼ ਮੁਹੱਬਤਾਂ ਵਾਲੇ। ਪੈਰਾਂ ਹੇਠ ਵਿਛੀ ਹੈ ਧਰਤੀ ਘਾਹ ਦੀਆਂ ਨਰਮ ਮਖ਼ਮਲੀ ਦਰੀਆਂ, ਬਲਿਹਾਰੀ
ਲਿਖੀਆਂ ਕਵਿਤਾਵਾਂ, ਪੜ੍ਹਦੇ ਵਿਰਲੇ ਕਰਮਾਂ ਵਾਲੇ।...
ਗੁਰਭਜਨ ਗਿੱਲ


ਮਨ ਦੀ ਅਦਲ ਕਚਹਿਰੀ ਅੰਦਰ ਏਸ ਤਰ੍ਹਾ ਇਨਸਾਫ਼ ਕਰ ਦਿਉ। ਦਿਲ ਤੇ ਪਈਆਂ ਕਾਲ਼ੀਆਂ ਲੀਕਾਂ ਸੌਣ ਤੋਂ ਪਹਿਲਾਂ ਸਾਫ਼ ਕਰ ਦਿਉ। ਦੂਸਰਿਆਂ ਦਾ ਜ਼ਹਿਰ-
ਵਤੀਰਾ,ਖਾ ਜਾਵੇਗਾ ਰੂਹ ਦਾ ਰੇਸ਼ਮ, ਕੌੜ ਨਾ ਬੰਨ੍ਹਿਉਂ ਪੋਟਲੀਆਂ ਵਿੱਚ ਕਮ ਅਕਲਾਂ ਨੂੰ ਮਾਫ਼ ਕਰ ਦਿਉ।...



ਇਹ ਗੱਲ ਪੱਕੀ ਪੱਲੇ ਬੰਨ੍ਹੋ ਰਿਸ਼ਤਿਆਂ ਦਾ ਬਾਜ਼ਾਰ ਨਾ ਹੁੰਦਾ।ਕਦੇ ਧੂੰਏਂ ਦੇ ਬੱਦਲਾਂ ਵਿੱਚੋਂ ਵਰ੍ਹਦਾ ਮੋਹਲੇਧਾਰ ਨਾ ਹੁੰਦਾ।ਅੰਬਰ ਦੀ ਸਤਰੰਗੀ ਅੰਦਰ ਪੱਕੇ ਰੰਗ ਕਦੇ ਨਾ ਟਿਕਦੇ,ਕਾਲ਼ੀ ਐਨਕ ਹੱਥ ਦਸਤਾਨੇ ਫਾਸਲਿਆਂ ਵਿੱਚ ਪਿਆਰ ਨਾ ਹੁੰਦਾ।ਗੁਰਭਜਨ ਗਿੱਲ



ਗੁਲਦਸਤਾ ਤਾਂ ਦੇ ਚੱਲਿਆ ਹੈਂ ਮਿਲਣ ਲਈ ਵੀ ਆਇਆ ਕਰ ਤੂੰ।
ਦਿਲ ਨਹੀਂ ਭਰਦਾ ਰਸਮੀਂ ਹੋਇਆਂ ਨੰਗੇ ਮੂੰਹ ਮਿਲ ਜਾਇਆ ਕਰ ਤੂੰ।ਦਿਲ ਤੋਂ ਦਿਲ ਨੂੰ ਸੜਕ ਬਣਾ ਕੇ ਆਇਆ ਜਾਇਆ ਕਰੀਏ ਸਿੱਧੇ,
ਦੇਖ ਦਿਖਾਵਾ ਭਰਮ ਛਲਾਵਾ ਵਿੰਗ ਵਲ਼ ਨਾ ਹੀ ਪਾਇਆ ਕਰ ਤੂੰ।

ਗੁਰਭਜਨ ਗਿੱਲ



ਉੱਡਿਆ ਫਿਰਦੈਂ ਬੱਦਲਾਂ ਵਾਂਗੂੰ, ਹਿਰਨਾਂ ਦੇ ਸਿੰਗਾਂ ਤੇ ਚੜ੍ਹ ਕੇ।
ਜਦੋਂ ਮੁਸੀਬਤ ਦਰ ਖੜਕਾਵੇ, ਬਹਿ ਜਾਂਦਾ ਏਂ ਅੰਦਰ ਵੜ ਕੇ।
ਢੇਰੀ ਢਾਹ ਨਾ ਬਹਿ ਜਾਇਆ ਕਰ, ਹਿੰਮਤ ਕਰ ਲੈ ਸ਼ੇਰ
ਜਵਾਨਾ, ਜ਼ਿੰਦਗੀ ਤਾਂ ਸੰਗਰਾਮ ਦਾ ਨਾਂ ਹੈ,ਵੇਖ ਜ਼ਰਾ ਇਤਿਹਾਸ
ਨੂੰ ਪੜ੍ਹ ਕੇ। ਗੁਰਭਜਨ ਗਿੱਲ


ਰੱਬਾ ਰੱਬਾ
ਇਹ ਕੰਮ ਕਰ।
ਸਭ ਧਰਤੀ ਨੂੰ,
ਜਿਉਂਦੀ ਕਰ।
ਮਨ ਚੋਂ ਨਿਕਲੇ
ਜ਼ਹਿਰੀ ਡਰ।
ਖ਼ੁਸ਼ੀਆਂ ਨਾਲ
ਝੋਲੀਆਂ ਭਰ।
ਅਸੀਸ


ਕਵਣੇ ਨੀ ਕਵਣੇ
ਖੂਨ ਪਸੀਨਾ ਸਾਡਾ ਪੀਵੇਂ,
ਰਹੇਂ ਤੂੰ ਸੇਠ ਦੀ ਧਵਣੇ।
ਸਿਦਕ ਅਸਾਡਾ ਪਰਖੇਂ ਭਾਵੇਂ,
ਫਿਰ ਤੁਰੀਏ ਹਿੱਕ ਤਣ ਕੇ।
-ਗੁਰਭਜਨ ਗਿੱਲ

ਨਾ ਘਬਰਾ ਤੂੰ,ਫਿਰ ਕੀ ਹੋਇਆ, ਸ਼ਾਮ ਢਲੀ ਤੇ ਸੂਰਜ ਚੱਲਿਆ।
ਇਸਨੇ ਆਪਣਾ ਸਫ਼ਰ ਮੁਕਾ ਕੇ, ਹੋਰ ਦਿਸ਼ਾ ਦਾ ਰਸਤਾ ਮੱਲਿਆ।
ਵੰਡ ਗਿਐ ਫੁੱਲਾਂ ਨੂੰ ਮਹਿਕਾਂ, ਰਸਵੰਤੇ ਫ਼ਲ ਫ਼ਸਲੀਂ ਦਾਣੇ,
ਆਖ ਗਿਐ ਉਹ ਸਾਂਝ ਦੇ ਵੇਲ਼ੇ, ਕੱਲ੍ਹ ਸਵੇਰੇ ਆਊਂ ਧੱਲਿਆ।
ਗੁਰਭਜਨ ਗਿੱਲ



ਜਾਗ ਪੈਣ ਧਰਤੀ ਦੇ ਵਾਰਿਸ, ਹੱਥ ਲੈ ਪਰਚਮ ਸੂਹੇ ਰੰਗ ਦੇ। ਹਾਕਮ ,ਹੁਕਮ,ਹਕੂਮਤ ਸਾਥੋਂ, ਫੇਰ ਦੋਬਾਰਾ ਰੱਤ ਨੇ ਮੰਗਦੇ। ਜਦ ਤੀਕਰ ਮਨ ਵੰਡਿਆ ਵੰਡਿਆ, ਏਕੇ ਦਾ ਪੱਲਾ ਨਹੀਂ ਫੜ੍ਹਦੇ, ਇਹ ਨਾ ਭੁੱਲਿਓ, ਸਦਾ ਸੂਰਮੇ , ਤਖ਼ਤ ਰਹਿਣਗੇ ਸੂਲੀ ਟੰਗਦੇ। ਗੁਰਭਜਨ ਗਿੱਲ




ਬਾਗਬਾਨ! ਤੂੰ ਇਹ ਕੀ ਕੀਤਾ, ਹੋ ਗਏ ਸਾਰੇ ਫੁੱਲ ਉਦਾਸੇ। ਇੱਕ ਦੂਜੇ ਨੂੰ ਆਖ ਰਹੇ ਨੇ, ਜਾਈਏ ਜੀ ਹੁਣ ਕਿਹੜੇ ਪਾਸੇ। ਅੱਜ ਤੇਰੇ ਹੱਥ ਹੁਕਮ, ਹਕੂਮਤ, ਵਤਨ ਤੇਰੀ ਜਾਗੀਰ ਨਹੀਂ ਹੈ, ਤੇਰੀ ਨੀਂਦ ਹਰਾਮ ਕਰਨਗੇ, ਖੜਕ ਪਏ ਨੇ ਖ਼ਾਲੀ ਕਾਸੇ। ਗੁਰਭਜਨ ਗਿੱਲ


ਤੇਰੇ ਵਤਨ ਪਿਆਰੇ ਮਿੱਤਰਾ, ਅੰਬਰੀਂ ਪੀਂਘ ਪਈ ਸਤਰੰਗੀ। ਜੀਵੋ ,ਜਾਗੋ ਖ਼ੁਸ਼ੀਆਂ ਮਾਣੋ,ਤੂੰ ਤੇ ਤੇਰੇ ਸਾਰੇ ਸੰਗੀ। ਸਾਡੇ ਪਿੰਡ ਤਾਂ ਪੈਲੀ ਬੰਨੇ, ਖ਼ਤਰੇ ਹੇਠ ਪਨੀਰੀ ਸਾਰੀ, ਬੇਨਸਲਾਂ ਨੇ ਜਿੰਦ ਅਸਾਡੀ, ਜੀਂਦੇ ਜੀ ਹੀ ਸੂਲੀ ਟੰਗੀ। ਗੁਰਭਜਨ ਗਿੱਲ



ਹਰ ਪਲ ਸਿੱਖਣਾ ਬਹੁਤ ਜ਼ਰੂਰੀ, ਜ਼ਿੰਦਗੀ ਜੋ ਵੀ ਸਬਕ ਪੜ੍ਹਾਵੇ। ਹਰ ਇੱਕ ਕਦਮ ਕਿਤਾਬ ਦੇ ਵਰਗਾ,ਜੇਕਰ ਬੰਦਾ ਪੜ੍ਹਨਾ ਚਾਹਵੇ। ਅੱਖਾਂ ਮੀਟ ਗੁਜ਼ਾਰਾ ਕਰਕੇ, ਦਿਨ ਕਟੀਏ ਤਾਂ ਬਣ ਸਕਦੇ ਨੇ, ਤਖ਼ਤ ਨਹੀਂ ਬਣ ਸਕਦੇ ਉਹ ਜੋ,ਰਹਿੰਦੇ ਨੇ ਪਾਵੇ ਦੇ ਪਾਵੇ। ਗੁਰਭਜਨ ਗਿੱਲ


ਜੇਕਰ ਵਿਦਿਆ ਵਰਤੀ ਹੀ ਨਾ, ਕਿਹੜੇ ਕੰਮ ਕਿਤਾਬਾਂ
ਪੜ੍ਹੀਆਂ। ਬੋਝ ਢੋਂਦਿਆਂ ਉਮਰ ਗੁਜ਼ਾਰੀ, ਟੁੱਟੀਆਂ ਨਾ
ਜੰਜ਼ੀਰਾਂ,ਕੜੀਆਂ। ਹੇ ਗਿਆਨੀ ਵਿਗਿਆਨੀ ਵੀਰਾ,
ਝਾਤੀ ਮਾਰ ਕਦੇ ਮਨ ਅੰਦਰ, ਵਕਤ ਖਲੋਤਾ ਫੜ੍ਹਦਾ ਕਿਉਂ
ਨਹੀਂ, ਵਾਹੋਦਾਹੀ ਭੱਜਣ ਘੜੀਆਂ। ਗੁਰਭਜਨ ਗਿੱਲ



ਇੱਕ ਦੂਜੇ ਦੇ ਸਾਹੀਂ ਹਾਜ਼ਰ, ਜਿਵੇਂ ਮੁਹੱਬਤ ਸਿਰ ਚੜ੍ਹ ਬੋਲੇ।
ਰੰਗਾਂ ਨੂੰ ਖ਼ੁਸ਼ਬੋਈ ਜੀਕੂੰ, ਮਾਣੇ ਪਰ,ਮੂੰਹੋਂ ਨਾ ਬੋਲੇ। ਮਾਲਾ
ਅੰਦਰ ਤੰਦ ਸਬੂਤੀ ਰੱਖਣਾ ਬਹੁਤ ਜ਼ਰੂਰੀ ਮਿੱਤਰੋ, ਖਿੱਲਰ
ਹੀ ਨਾ ਜਾਵਣ ਮਣਕੇ ਵੇਖਿਉ ਇਹ ਵਿਸ਼ਵਾਸ ਨਾ ਡੋਲੇ।
ਗੁਰਭਜਨ ਗਿੱਲ


ਚਿਰ ਹੋਇਆ ਇਕ ਖੰਭ ਟੁੱਟਿਆ ਸੀ ,
ਇੰਨ ਸੱਗਦਾ ਸਿਵੇਂ ਮੇਰਾ ਹੀ ਹੈ।
ਗੁਰਭਜਨ ਗਿੱਲ


ਭਰਮ ਪਾਲਿਆ ਲਾਈਆਂ ਆਪਾਂ, ਕਾਗ਼ਜ਼ ਦੇ ਰਾਵਣ ਨੂੰ ਅੱਗਾਂ। ਰਾਮ ਰਾਜ ਦੀ ਜੈ ਜੈ ਕਰਦੇ,ਸੁੱਟਦੇ ਰਹੇ ਮੂੰਹ ਅੰਦਰੋਂ ਝੱਗਾਂ। ਇਹ ਤਾਂ ਕੇਵਲ ਧਰਮ ਜਾਲ ਸੀ ,ਨਾਟਕ ਚੇਟਕ ਸਿਰਫ਼ ਬਹਾਨਾ, ਖ਼ਤਰੇ ਵਿੱਚ ਨੇ ਪੁਸ਼ਤਾਂ ਤੋਂ ਹੀ, ਉੱਚੇ ਸਿਰ ਤੇ ਬੱਧੀਆਂ ਪੱਗਾਂ। ਗੁਰਭਜਨ ਗਿੱਲ



ਸਾਡੇ ਕੋਲ ਗੁਆਉਣ ਲਈ ਕੱਖ ਨਾ, ਰੱਜੇ ਲੋਕੀਂ ਮਰ ਚੱਲੇ ਨੇ। ਨਾ ਹੱਸਦੇ ਨਾ ਰੋਂਦੇ ਖੁੱਲ੍ਹ ਕੇ, ਏਨੇ ਵੀ ਕਿਉਂ ਡਰ ਚੱਲੇ ਨੇ। ਸੁਣਿਐ! ਵੱਖਰੇ ਕਮਰੇ ਸਭ ਦੇ, ਇੱਕ ਦੂਜੇ ਤੋਂ ਰੱਖਦੇ ਦੂਰੀ, ਬੰਦ ਮਕਾਨਾਂ ਵਾਲੇ ਕੈਦੀ, ਕਿਉਂ ਕਹਿੰਦੇ ਉਹ ਘਰ ਚੱਲੇ ਨੇ। ਗੁਰਭਜਨ ਗਿੱਲ

ਨਾ ਘਬਰਾ ਤੂੰ,ਫਿਰ ਕੀ ਹੋਇਆ, ਸ਼ਾਮ ਢਲੀ ਤੇ ਸੂਰਜ ਚੱਲਿਆ।
ਇਸਨੇ ਆਪਣਾ ਸਫ਼ਰ ਮੁਕਾ ਕੇ, ਹੋਰ ਦਿਸ਼ਾ ਦਾ ਰਸਤਾ ਮੱਲਿਆ।
ਵੰਡ ਗਿਐ ਫੁੱਲਾਂ ਨੂੰ ਮਹਿਕਾਂ, ਰਸਵੰਤੇ ਫ਼ਲ ਫ਼ਸਲੀਂ ਦਾਵੇ,
ਆਖ ਗਿਐ ਉਹ ਸਾਵ ਦੇ ਵੇਲ਼ੇ, ਕੱਲ੍ਹ ਸਵੇਰੇ ਆਉਂ ਧੱਲਿਆ।
ਗੁਰਭਸਾਨ ਗਿੱਲ




ਚਿੜੀਆਂ ਪਾਲਣ ਆਪਣੇ ਬੱਚੇ ਬਹਿ ਕੰਡਿਆਲ਼ੀ ਥੋਰ੍ਹ ਦੀ ਟਾਹਣੀ।ਜ਼ਿੰਦਗੀ ਲਗਪਗ ਮਿਲਦੀ ਜੁਲਦੀ ਤੇਰੀ ਮੇਰੀ ਦਰਦ ਕਹਾਣੀ।ਨਵਯੁਗ ਅੰਦਰ ਖ਼ੁਦਗ਼ਰਜ਼ੀ ਦੀ ਅਮਰਵੇਲ ਦਾ ਰਾਜਭਾਗ ਹੈ,ਮੰਡੀ ਅੰਦਰ ਰੱਤ ਨੂੰ ਛੱਡੋ ਦੁੱਧ ਤੋਂ ਮਹਿੰਗਾ ਵਿਕਦਾ ਪਾਣੀ।ਗੁਰਭਜਨ ਗਿੱਲ



ਧੁੱਪਾਂ ਵੀ ਉਦਾਸ ਏਥੇ ਛਾਵਾਂ ਵੀ ਉਦਾਸ ਨੇ। ਰੱਬ ਦੀਆਂ ਰਹਿਮਤਾਂ ਲਈ ਕੁਝ ਬੰਦੇ ਖ਼ਾਸ ਨੇ। ਤੇਰੇ ਘਰ ਨਿੱਤ ਤਾਹੀਓਂ ਹੁੰਦੀਆਂ ਬਰ਼ਗਾਵਤਾਂ, ਘੜ੍ਹਦਾ ਕਾਨੂੰਨ ਜੋ ਤੂੰ, ਵੱਡਿਆਂ ਨੂੰ ਰਾਸ ਨੇ। ਗੁਰਭਜਨ ਗਿੱਲ


ਦਿਲ ਦੀ ਬਾਤ ਲਬਾਂ ਤੇ ਆਵੇ,ਚੁੱਪ ਨਾ ਬੈਠੀਂ ਕਹਿ ਜਾਵੀਂ।
ਦੂਸਰਿਆਂ ਦੇ ਮਗਰ ਤੁਰਦਿਆਂ ਆਪ ਨਾ ਪਿੱਛੇ ਰਹਿ ਜਾਵੀਂ।
ਤੇਰੀ ਆਸ ਤੇ ਜੱਗ ਜਿਉਂਦਾ ਹੈ, ਜੈਕਾਰੇ ਦੀ ਜੂਨ ਪਵੀਂ,
ਮਿਲਣਗੀਆਂ ਰਾਹਾਂ ਵਿੱਚ ਛਾਵਾਂ, ਧੁੱਪੇਂ ਡਰ ਨਾ ਬਹਿ ਜਾਵੀਂ।
ਗੁਰਭਜਨ ਗਿੱਲ





ਦਿਲ ਦੀ ਧਾਤ ਲਧਾਂ ਤੇ ਆਵੇ,ਚੁੱਪ ਨਾ ਬੈਠੀਂ
ਕਹਿ ਜਾਵੀਂ।
ਦੂਸਰਿਆਂ ਦੇ ਮਗਰ ਤੁਰਦਿਆਂ ਆਪ ਨਾ ਪਿੱਛੇ
ਰਹਿ ਜਾਵੀਂ।
ਤੇਰੀ ਆਸ ਤੇ ਸੱਜਾ ਜਿਉਂਦਾ ਹੈ, ਸੈਕਾਰੇ ਦੀ
ਸੂਲ ਪਵੀਂ,
ਸਿਲਹਗੀਆਂ ਰਾਹਾਂ ਵਿੱਚ ਛਾਵਾਂ, ਧੁੱਪੇ ਛਹ ਨਾ
ਬਹਿ ਜਾਵੀਂ।
ਗੁਰਭਜਨ ਗਿੱਲ



ਸੁਪਨ ਕਿਆਰੀ ਬੀਜਣ ਖ਼ਾਤਰ, ਰੂਹ ਨੂੰ
ਵੱਤਰ ਕਰੀਏ।
ਦੂਸਰਿਆਂ ਲਈ ਖ਼ੈਰਾਂ ਮੰਗੀਏ, ਕਦੇ
ਨਾ ਹੌਕਾ ਭਰੀਏ।
ਸਜ ਦੇ ਵਿਹੜੇ ਕਿਰਸਿਹੀਆਂ ਲਈ
ਵਿਤਕਰਿਆਂ ਤੋਂ ਬਚੀਏ,
ਨਾਲ ਸਮੁੰਦਰ ਸੋਕਰ ਸਿਸਣਾ ਦਿਲ ਨੂੰ
ਦਰਿਆ ਕਰੀਏ।
ਗੁਰਭਜਨ ਗਿੱਲ


ਫੁੱਲ ਤਾਂ ਦੇਣ ਸੁਨੇਹਾ ਆਇਐ, ਮੇਰੇ ਵਾਂਗੂੰ ਖਿੜਿਆ ਕਰ ਤੂੰ।
ਰੂਹ ਨੂੰ ਕੱਲਰ ਕਰ ਬੈਠੇਂਗਾ ਬੇ ਮਤਲਬ ਨਾ ਚਿੜਿਆ ਕਰ ਤੂੰ।
ਹਾੜ੍ਹ ਸਿਆਲੇ ਸਰਦੀ ਗਰਮੀ ਲੁਕਦਾ ਫਿਰਦੈਂ ਚੋਰਾਂ ਵਾਂਗੂੰ,
ਨਾਲ ਮੁਸੀਬਤ ਮਰਦਾਂ ਵਾਗੂੰ, ਨੰਗੇ ਧੜ ਵੀ ਭਿੜਿਆ ਕਰ ਤੂੰ।
ਗੁਰਭਜਨ ਗਿੱਲ






ਫੁੱਲ ਕਲੀਆਂ ਖ਼ੁਸ਼ਬੋਈਆਂ ਬੀਜਾਂ,ਪੱਲੇ ਪਵੇ ਕੰਗਾਲੀ। ਰੱਬ ਤੋਂ ਪਹਿਲਾਂ ਮੇਰੇ ਦਰ ਤੇ ਹਰ ਇੱਕ ਭਗਤ ਸਵਾਲੀ। ਦੇਵਤਿਆਂ ਦੇ ਪੈਰੀਂ ਫੁੱਲ ਧਰ,ਪਾਲਣਹਾਰਾ ਭੁੱਲਣ,ਹਰ ਯੁਗ ਅੰਦਰ ਮਿੱਟੀ ਬਣਿਆ ਮੈਂ ਮਾਲੀ ਦਾ ਮਾਲੀ। ਗੁਰਭਜਨ ਗਿੱਲ



ਸੂਰਜ ਵਰਗਾ ਮੁੱਖ ਜੇ ਹੋਵੇ, ਉਹ ਰੁਸ਼ਨਾਈ ਕਰ ਨਹੀਂ ਸਕਦਾ। ਮਿੱਟੀ ਤੇ ਪੱਥਰ ਦਾ ਬੁੱਤ ਵੀ ਦਰਦ ਨਿਵਾਰਨ ਕਰ ਨਹੀਂ ਸਕਦਾ। ਬਿਜਲੀ ਵਾਂਗ ਕੜਕਦੈਂ ਏਨਾ, ਬਹਿ ਬੱਦਲਾਂ ਦੇ ਪੱਲ੍ਹੂ ਓਹਲੇ, ਹੋਰ ਕਿਸੇ ਨੂੰ ਦਈਂ ਡਰਾਵਾ, ਤੇਰੇ ਤੋਂ ਮੈਂ ਡਰ ਨਹੀਂ ਸਕਦਾ। ਗੁਰਭਜਨ ਗਿੱਲ




ਫੁੱਲ ਤਾਂ ਦੇਣ ਸੁਨੇਹਾ ਆਇਐ, ਮੇਰੇ ਵਾਂਗੂੰ ਖਿੜਿਆ ਕਰ ਤੂੰ।
ਰੂਹ ਨੂੰ ਕੱਲਰ ਕਰ ਬੈਠੇਂਗਾ ਬੇ ਮਤਲਬ ਨਾ ਚਿੜਿਆ ਕਰ ਤੂੰ।
ਹਾੜ੍ਹ ਸਿਆਲੇ ਸਰਦੀ ਗਰਮੀ ਲੁਕਦਾ ਫਿਰਦੈਂ ਚੋਰਾਂ ਵਾਂਗੂੰ,
ਨਾਲ ਮੁਸੀਬਤ ਮਰਦਾਂ ਵਾਗੂੰ, ਨੰਗੇ ਧੜ ਵੀ ਭਿੜਿਆ ਕਰ ਤੂੰ।
ਗੁਰਭਜਨ ਗਿੱਲ



ਡੋਲ ਰਿਹਾ ਕਿਉਂ ਮੇਰੇ ਹੁੰਦਿਆਂ, ਤੇਰਾ ਦੀਨ ਈਮਾਨ ਬਾਬਲਾ।
ਪੈਰਾਂ ਥੱਲੇ ਮਾਂ ਧਰਤੀ ਹੈ, ਸਿਰ ਛਤਰੀ ਅਸਮਾਨ ਬਾਬਲਾ। ਮੈਂ
ਤੇਰੀ ਅੱਖ ਵਿੱਚੋਂ ਪੜ੍ਹਿਆ,ਦਰਦ ਇਬਾਰਤ ਅੰਦਰ ਲਿਖਿਆ,
ਅਗਨ ਲਗਨ ਦੀ ਸ਼ਕਤੀ ਵਰਗੀ ਮੈਂ ਵੀ ਹਾਂ ਇਨਸਾਨ
ਬਾਬਲਾ। ਗੁਰਭਜਨ ਗਿੱਲ



ਸ਼ਬਦ ਗੁਰੂ ਦੀ ਸ਼ਕਤੀ ਤਿੰਨੇ,ਸੇਵਾ ਸਿਮਰਨ ਅਤੇ ਸ਼ਹਾਦਤ।
ਦਮ ਦਮ,ਪਲ ਪਲ,ਅੰਗ ਸੰਗ ਰੱਖਣਾ, ਸ਼ਬਦ ਸਾਧਨਾ ਪਾਉ
ਆਦਤ। ਕਰਮਭੂਮ ਵਿੱਚ ਜੇ ਨਾ ਅੱਪੜੇ, ਜਨਮ ਅਕਾਰਥ ਰਹਿ
ਜਾਵੇਗਾ, ਬਗਲ ਸਮਾਧੀ ਲਾਉਣ ਸ਼ਿਕਾਰੀ, ਜਗਤ ਦਿਖਾਵਾ,
ਕਹਿਣ ਇਬਾਦਤ। ਗੁਰਭਜਨ ਗਿੱਲ



ਵਕਤ ਸਵਾਰੀ ਕਰਦੇ ਜਣਿਆ,ਵਾਗ ਸਮੇਂ ਦੀ ਕੱਸ ਤੇ ਫੜਨਾ। ਤੂੰ ਹੀ ਇਸ ਦੇ ਨਕਸ਼ ਨਵੇਲੇ ਹਿੰਮਤ ਕਰਕੇ ਹੱਥੀਂ ਘੜਨਾ। ਵੇਖੀਂ ਕਿਧਰੇ ਕੰਨੀ ਇਸਦੀ ਢਿੱਲੀ ਛੱਡ ਕੇ ਬਹਿ ਪਛਤਾਵੇਂ,ਅੱਥਰੇ ਘੋੜੇ ਮਾਰ ਪਲਾਕੀ, ਸੌਖਾ ਨਾ ਮਗਰੋਂ ਫਿਰ ਚੜ੍ਹਨਾ। ਗੁਰਭਜਨ ਗਿੱਲ



ਕੱਚੇ ਰਾਹ ਨਾ ਭੁੱਲੀਂ ਭੁੱਲ ਕੇ ਪੈੜਾਂ ਤੇ ਪਗਡੰਡੀਆਂ ਵੀਰਾ।
ਕੰਕਰੀਟ ਤੇ ਪੱਕੀਆਂ ਸੜਕਾਂ ਵਰਗਾ ਏਥੇ ਜਗਤ ਰਵੀਰਾ।
ਅੱਖੀਆਂ ਉੱਤੇ ਕਾਲ਼ੀ ਐਨਕ, ਹੱਥਾਂ ਉੱਪਰ ਪਾ ਦਸਤਾਨੇ,
ਕੌਡੀਉਂ ਖੋਟਾ ਹੋ ਚੱਲਿਆ ਹੈ, ਮਾਨਸ ਜਨਮ ਅਮੋਲਕ ਹੀਰਾ।
ਗੁਰਭਜਨ ਗਿੱਲ


ਕਿੰਨੇ ਸਬਕ ਕਿਤਾਬਾਂ ਤੋਂ ਬਿਨ ਥਾਂ ਥਾਂ ਉੱਗਦੇ ਪੜ੍ਹਨਾ ਸਿੱਖੀਏ।
ਵੇਖ ਤਰੱਕੀ ਹੋਰ ਕਿਸੇ ਦੀ ਬਿਨ ਮਤਲਬ ਨਾ ਸੜ੍ਹਨਾ ਸਿੱਖੀਏ।
ਆਪਣੀ ਅੱਗ ਵਿੱਚ ਆਪੇ ਸੜ੍ਹਿਆਂ ਸਿਰਫ਼ ਸਵਾਹ ਹੀ ਪੱਲੇ
ਪੈਂਦੀ,ਫੁੱਲਾਂ ਵਾਂਗੂੰ ਧਰਤੀ ਉੱਗੀਏ, ਖੇੜੇ ਤੀਕਰ ਚੜ੍ਹਨਾ ਸਿਖੀਏ।
ਗੁਰਭਜਨ ਗਿੱਲ

ਥੋੜ੍ਹਿਆਂ ਦੇ ਹੀ ਹਿੱਸੇ ਆਉਂਦਾ, ਰੰਗ ਖ਼ੁਸ਼ਬੋਈ ਖੇੜਾ ਵੰਡਦੇ।
ਕੈਂਚੀ ਵਾਂਗ ਕੁਤਰਦੇ ਬਹੁਤੇ, ਸੂਈ ਬਣ ਕੇ ਕਦੇ ਨਾ ਗੰਢਦੇ । ਹੇ
ਮਨ ਮੇਰੇ! ਕੋਸ਼ਿਸ਼ ਕਰ ਤੂੰ,ਮਹਿਕ ਪਰੁੱਚੀ ਬਣ ਜਾ, ਲੀਰਾਂ ਵਾਂਗ
ਨਾ ਖਿੱਲਰ ਜਾਵੀਂ, ਸੂਈ ਜੋੜੇ ਬਹੁਤਾ ਹੰਢਦੇ। ਗੁਰਭਜਨ ਗਿੱਲ



ਲੋਕਾਂ ਦਾ ਫਨਕਾਰ ਆਖਦਾ, ਤੂੰਬੀ ਦੀ ਟੁਣਕਾਰ ਬਚਾਉ।
ਦੁਸ਼ਮਣ ਕਾਂਜੀ ਘੋਲ਼ ਨਾ ਜਾਏ, ਸ਼ਬਦਾਂ ਦਾ ਸੰਸਾਰ ਬਚਾਉ।
ਇੱਕ ਪਲ ਦੀ ਅਲਗਰਜ਼ੀ ਸਾਨੂੰ ਸਦੀਆਂ ਪਿੱਛੇ ਧੱਕ ਸਕਦੀ ਹੈ,
ਧਰਤੀ ਪੁੱਤਰੋ ਵਕਤ ਸੰਭਾਲ਼ੋ ਆਪਣਾ ਸੱਭਿਆਚਾਰ ਬਚਾਉ।

ਗੁਰਭਜਨ ਗਿੱਲ


ਚਤੁਰ ਬਾਜ਼ਾਰ ਕਿਵੇਂ ਹੱਥ ਰੰਗੇ, ਤੈਨੂੰ ਮੈਨੂੰ ਸਾਰ ਨਹੀਂ ਹੈ।
ਚਾਵਾਂ ਦੀ ਮੰਡੀ ਦੇ ਅੰਦਰ ਖ਼ੁਸ਼ੀਆਂ ਦਾ ਦਰਬਾਰ ਨਹੀਂ ਹੈ।
ਸਰਬ ਗੋਪੀਆਂ ਟੋਲਦੀਆਂ ਨੇ,ਆਪੋ ਆਪਣੇ ਕ੍ਰਿਸ਼ਨ ਮੁਰਾਰੀ,
ਹੋਲੀ ਮਗਰੋਂ ਸਾਡੇ ਖ਼ਾਤਰ ਹਰ ਦਿਨ ਕਿਉਂ ਤਿਉਹਾਰ ਨਹੀਂ ਹੈ।
ਗੁਰਭਜਨ ਗਿੱਲ



ਪੱਤੀ ਪੱਤੀ ਅੰਦਰ ਕਾਦਰ, ਕਿਸ ਵੇਲ਼ੇ ਰੰਗ ਧਰ ਜਾਂਦਾ ਹੈ।
ਸਾਡੇ ਸੁੱਤਿਆਂ ਰਸੀਆ ਵੇਖੋ ਫ਼ਲ ਅੰਦਰ ਰਸ ਭਰ ਜਾਂਦਾ ਹੈ।
ਧਰਤੀ ਸੂਰਜ ਪੌਣ ਤੇ ਪਾਣੀ,ਖੇਡ ਖਿਡਾਵੇ ਹਰ ਦਿਨ ਹਰ ਪਲ,
ਕਿਉਂ ਵਣਜਾਰਾ ਦਿਨ ਚੜ੍ਹਦੇ ਹੀ ਟਾਹਣੀ ਸੁੰਨੀ ਕਰ ਜਾਂਦਾ ਹੈ।
ਗੁਰਭਜਨ ਗਿੱਲ



ਦਰਿਆ ਕੰਢੇ ਬਹਿਣ ਲਈ ਤਾਂ ਪੱਥਰਾਂ ਤੋਂ ਬਿਨ ਕੌਣ ਸਹਾਰਾ।
ਸੋਚਦਿਆਂ ਹੀ ਪਿਘਲ ਗਿਆ ਹੈ ਦਿਲ ਸੀ ਪੱਥਰ ਚੋਖ਼ਾ ਭਾਰਾ।
ਹਰ ਇਕ ਵਸਤ ਟਿਕਾਣੇ ਸਿਰ ਹੈ,ਸਾਨੂੰ ਪਾਣੀ ਨੇ ਸਮਝਾਇਆ,
ਨੈਣਾਂ ਆਲ਼ ਦੁਆਲ਼ੇ ਵੀ ਤਾਂ ਤਲਖ਼ ਸਮੁੰਦਰ ਕਿੰਨਾ ਖ਼ਾਰਾ।
ਗੁਰਭਜਨ ਗਿੱਲ



ਚਿਤਰ ਬਣਾਉਣੇ, ਗੀਤ ਸੁਣਾਉਣੇ,ਧਰਤੀ ਮਾਂ ਦੇ ਵੱਖਰੇ ਢੰਗ ਨੇ।
ਇਸ ਦੀ ਡੱਬੀ ਅੰਦਰ ਤਾਂ ਬਣੀ ਗਿਣਨੋਂ ਬਾਹਰੇ ਸੋਹਣੇ ਰੰਗ ਨੇ।
ਫ਼ਲ ਬਣਦੀ, ਖਿੜਦੀ ਫੁੱਲ ਬਣ ਕੇ, ਬਿਰਖ਼ ਸ਼ਿੰਗਾਰੇ ਸਾਡੀ ਖ਼ਾਤਰ, ਅੱਖੀਆਂ ਖੋਲ੍ਹੋ,ਜਾਣੋ,ਮਾਣੋ,ਬਲਿਹਾਰੀ ਸਾਡੇ ਅੰਗ ਸੰਗ ਨੇ। ਗੁਰਭਜਨ ਗਿੱਲ



ਸਮਿਆਂ ਦੀ ਅੱਖ ਪਰਖਣ ਵਾਲੇ, ਸਦਾ ਸਿਆਣੇ ਸੱਚ ਕਹਿੰਦੇ ਨੇ। ਦੁਸ਼ਮਣ ਦੀ ਉਹ ਕਰਨ ਹਮਾਇਤ, ਮੁਸ਼ਕਿਲ ਵਿੱਚ ਜੋ ਚੁੱਪ ਰਹਿੰਦੇ ਨੇ। ਵਹਿੰਦੇ ਪਾਣੀ ਨਾਲ ਹਮੇਸ਼ਾਂ ਲਾਸ਼ਾਂ ਤਰਦੀਆਂ ਬਹੁਤ ਵੇਖੀਆਂ, ਮਰਦ ਸਬੂਤੇ ਚੜ੍ਹਦੇ ਪਾਣੀ ਨਾਲ ਹਮੇਸ਼ਾਂ ਹੀ ਖਹਿੰਦੇ ਨੇ। ਗੁਰਭਜਨ ਗਿੱਲ



ਘੁੱਟ ਕੇ ਵਾਗਾਂ ਫੜ ਕੇ ਰੱਖਿਉ,ਪੈਰਾਂ ਹੇਠ ਨੇ ਅੱਥਰੇ ਘੋੜੇ।
ਚੌਕਸ ਰਹਿ ਕੇ ਦੌੜ ਦੌੜਦੇ, ਏਸ ਨਸਲ ਦੇ ਬੰਦੇ ਥੋੜੇ।
ਬਹੁਤਾ ਤਾੜੀਮਾਰ ਜ਼ਮਾਨਾ,ਨਾਲ ਜੇਤੂਆਂ ਦਮ ਭਰਦਾ ਹੈ,
ਪਰ ਮੇਰਾ ਗੁਰ ਉਸ ਤੇ ਰਾਜ਼ੀ, ਵਾਗ ਸਮੇਂ ਦੀ ਜਿਹੜਾ ਮੋੜੇ।
ਗੁਰਭਜਨ ਗਿੱਲ



ਫੁੱਲਾਂ ਦੀ ਵਣਜਾਰਨ ਕੁੜੀਏ, ਖ਼ੁਸ਼ੀਆਂ ਦੀ ਇਹ ਖਾਰੀ ਦੇ ਦੇ। ਨਿਰਛਲ ਮਨ 'ਚੋਂ ਨਿੱਤਰੀ ਜਿਹੜੀ ਇਹ ਮੁਸਕਾਨ ਉਧਾਰੀ ਦੇ ਦੇ। ਏਸ ਬਾਜ਼ਾਰ 'ਚ ਤੈਨੂੰ ਵੀ ਤਾਂ ਕਦਰਦਾਨ ਨਹੀਂ ਮਿਲਣੇ ਬੀਬਾ, ਗੀਤ,ਗ਼ਜ਼ਲ,ਕਵਿਤਾਵਾਂ ਖ਼ਾਤਰ,ਕੁਝ ਕੁ ਪਲ ਕਰਤਾਰੀ ਦੇ ਦੇ। ਗੁਰਭਜਨ ਗਿੱਲ







ਹੋਰ ਕਿਸੇ ਤੋਂ ਮੰਗਣ ਨਾਲੋਂ ਚੰਗਾ ਹੈ ਖ਼ੁਦ ਕੋਲੋਂ ਮੰਗੀਏ।
ਆਸ ਬੇਗਾਨੀ ਬੈਠ ਬੈਠ ਕੇ, ਕਿਉਂ ਮਨ ਆਪਣਾ ਸੂਲੀ ਟੰਗੀਏ।
ਤੇਰੇ ਅੰਦਰ ਕੀ ਕੁਝ ਬੰਦਿਆ,ਮਾਣਕ ਮੋਤੀਆਂ ਵਰਗੇ ਸੁਪਨੇ,
ਇਹ ਮਾਸੂਮ ਰੇਸ਼ਮੀ ਧਾਗੇ, ਫੁਲਕਾਰੀ ਲਈ ਰੂਹ ਵਿੱਚ ਰੰਗੀਏ।
ਗੁਰਭਜਨ ਗਿੱਲ



ਹੇ ਧਰਤੀ ਦੇ ਜਾਇਉ ! ਜਾਗੋ, ਸਾਜ਼ਾਂ ਨਾਲ ਆਵਾਜ਼ ਮਿਲਾਉ।
ਰਾਗ ਨਾਦ ਸ਼ਬਦਾਂ ਦੀ ਸੰਗਤ, ਭਾਗਾਂ ਵਾਲਿਉ, ਰੂਹ ਤ੍ਰਿਪਤਾਉ।
ਰਾਵੀ ਪਾਰ ਬਾਰ ਦੇ ਢੋਲੇ, ਮਾਝੇ ਦੀ ਸੱਦ, ਹੇਕ ਮਾਲਵਾ, ਦੇਸ
ਦੋਆਬਾ, ਸਣੇ ਪੁਆਧਾ,ਮਨ ਮੰਦਰ ਵਿੱਚ ਜੋਤ ਜਗਾਉ।
ਗੁਰਭਜਨ ਗਿੱਲ



ਵਿੱਚ ਦੀ ਵਾਲ ਨਾ ਲੰਘ ਸਕਦਾ ਹੈ ਦੋਸਤੀਆਂ ਦਾ ਰੰਗ ਕਮਾਲ।
ਦੁਨੀਆਂ ਤੋਂ ਹੈ ਵੱਖਰੀ ਦੁਨੀਆਂ,ਦੋ ਦਿਲ ਧੜਕਣ ਇੱਕੋ ਚਾਲ।
ਲੋਚੀ ਤੇ ਮਨਜਿੰਦਰ ਦੋਵੇਂ ਫੁੱਲਾਂ ਵਿੱਚ ਖ਼ੁਸ਼ਬੋਈ ਜੀਕੂੰ,
ਇੱਕ ਦੂਜੇ ਵਿਸ਼ਵਾਸ ਸਹਾਰੇ, ਵੇਖੋ ਕਿੰਨੇ ਮਾਲੋ ਮਾਲ।
ਗੁਰਭਜਨ ਗਿੱਲ


ਥੋੜ੍ਹਿਆਂ ਦੇ ਹੀ ਹਿੱਸੇ ਆਉਂਦਾ, ਰੰਗ ਖ਼ੁਸ਼ਬੋਈ ਖੇੜਾ ਵੰਡਦੇ।
ਕੈਂਚੀ ਵਾਂਗ ਕੁਤਰਦੇ ਬਹੁਤੇ, ਸੂਈ ਬਣ ਕੇ ਕਦੇ ਨਾ ਗੰਢਦੇ ।
ਹੇ ਮਨ ਮੇਰੇ! ਕੋਸ਼ਿਸ਼ ਕਰ ਤੂੰ,ਮਹਿਕ ਪਰੁੱਚੀ ਟਾਹਣੀ ਬਣ ਜਾ,
ਲੀਰਾਂ ਵਾਂਗ ਨਾ ਖਿੱਲਰ ਜਾਵੀਂ, ਸੂਈ ਜੋੜੇ ਬਹੁਤਾ ਹੰਢਦੇ।
ਗੁਰਭਜਨ ਗਿੱਲ


ਗੁਰੂਆਂ ਪੀਰਾਂ ਇਹ ਸਮਝਾਇਆ, ਜ਼ਿੰਦਗੀ ਹੈ ਰੰਗਾਂ ਦਾ ਮੇਲਾ।
ਇੱਕ ਦੂਜੇ ਦੀ ਪੀੜ ਪਛਾਣੋ, ਬੋਲੋ ਜਦ ਬੋਲਣ ਦਾ ਵੇਲਾ।
ਸਦਾ ਭਲਾ ਸਰਬੱਤ ਦਾ ਮੰਗੋ, ਦੀਨ ਦੁਖੀ ਦਾ ਦਰਦ ਨਿਵਾਰੋ,
ਸੈਂ, ਮੇਰੀ ਨੂੰ ਮਾਰ ਮੁਕਾਉ, ਜੇ ਚਾਹੁੰਦੇ ਹੋ ਜਨਮ ਸੁਹੇਲਾ।
ਗੁਰਭਜਨ ਗਿੱਲ



ਤਨ ਤੇ ਮਨ ਦੀ ਸ਼ਕਤੀ ਰਲ਼ ਕੇ,ਹਰ ਮੰਜ਼ਿਲ ਨੂੰ ਸਰ ਕਰਦੀ ਹੈ।
ਦਯਾ ਦ੍ਰਿਸ਼ਟੀ ਰੂਹ ਦਾ ਗਹਿਣਾ, ਖ਼ੁਸ਼ਕ ਦਿਲਾਂ ਨੂੰ ਤਰ ਕਰਦੀ ਹੈ। ਨਾਲ ਮੁਹੱਬਤ ਸੱਚੇ ਦਿਲ ਤੋਂ,ਜੇ ਚਾਵਾਂ ਨੂੰ ਸਿੰਜਦੇ ਰਹੀਏ,
ਜੀਭ ਤੋਂ ਆਖੀ ਬਾਤ ਉਦੋਂ ਫਿਰ,ਦੂਜੇ ਦੇ ਦਿਲ ਘਰ ਕਰਦੀ ਹੈ।
ਗੁਰਭਜਨ ਗਿੱਲ




ਵਕਤ ਦੇ ਅੱਥਰੇ ਘੋੜ੍ਹਿਆਂ ਉੱਪਰ ਕਰਦੇ ਲਾਲ ਸਵਾਰੀ। ਗੁਰ ਕੇ ਨਗਰ ਆਨੰਦਪੁਰੀ ਵਿੱਚ ਇਹ ਨੇ ਪਲ ਕਰਤਾਰੀ। ਹੋਰਾਂ ਦੀ ਹੋਲੀ ਪਰ ਸਾਡਾ ਹੋਲਾ ਜੱਗ ਤੋਂ ਨਿਆਰਾ, ਅੰਬਰ ਤੀਕ ਛਿੜ੍ਹਕਦੀ ਕੇਸਰ ਵਿਰਸੇ ਦੀ ਪਿਚਕਾਰੀ। ਗੁਰਭਜਨ ਗਿੱਲ

CELLONE 10:01 AM 64%






ਦੂਸਰਿਆਂ ਦੀ ਨਕਲ ਕਰਦਿਆਂ ਆਪਣਾ ਅਸਲ ਗੁਆ ਨਾ ਬਹਿਣਾ। ਇਹ ਪਛਤਾਵਾ ਰਹਿੰਦੀ ਉਮਰਾ,ਮਗਰੋਂ ਫਿਰ ਮਗਰੋਂ ਨਹੀਂ ਲਹਿਣਾ। ਆਪਣੀ ਰੂਹ ਦੀ ਦਰਦ ਬਿਆਨੀ, ਹੋਰ ਕਿਸੇ ਨੇ ਕੀ ਕਰਨੀ ਹੈ, ਮਨ ਤੰਦੂਰ ਤੁਹਾਡਾ ਤਪਿਆਂ,ਸੇਕ ਕਿਸੇ ਵੀ ਹੋਰ ਨਾ ਸਹਿਣਾ। ਗੁਰਭਜਨ ਗਿੱਲ





ਦਿਲ ਮੇਰਾ ਵੀ ਪਿੱਪਲੀ ਦੇ ਪੱਤ ਵਾਂਗੂੰ ਅੱਜ ਕੱਲ੍ਹ ਡੋਲਦਾ ਰਹਿੰਦੈ। ਸ਼ਬਦ ਪਵੇ ਨਾ ਪੱਲੇ ਮੇਰੇ, ਖ਼ਵਰੇ ਕੀ ਕੁਝ ਬੋਲਦਾ ਰਹਿੰਦੈ। ਤੂੰ ਹੀ ਸੁਣ ਨੀ ਜਿੰਦੇ ਆ ਕੇ, ਸ਼ਾਇਦ ਤੈਨੂੰ ਢੂੰਡ ਰਿਹਾ ਏ, ਮੈਨੂੰ ਲੱਗਦੈ ਭੁੱਬਲ ਵਿੱਚੋਂ ਇਹ ਚੰਗਿਆੜੇ ਫ਼ੋਲਦਾ ਰਹਿੰਦੈ।
ਗੁਰਭਜਨ ਗਿੱਲ



ਨਾ ਮੌਸਮ ਨਾ ਤਲਖ਼ ਸਮੁੰਦਰ ਬਦਲ ਸਕਾਂ ਮੈਂ ਤਰਲੇ ਕਰਕੇ।
ਤਰ ਸਕਦਾ ਹਾਂ ਇਸ ਦੀ ਹਿੱਕ ਤੇ, ਬਹਿਣਾ ਨਹੀਂ ਮੈਂ ਇਸ ਤੋਂ ਡਰ ਕੇ। ਲਹਿਰਾਂ ਤੇ ਤੂਫ਼ਾਨ ਹਮੇਸ਼ਾਂ ਆਉਂਦੇ ਸਾਡੀ ਹਿੰਮਤ ਪਰਖ਼ਣ,
ਹਰ ਮੁਸ਼ਕਿਲ ਵੰਗਾਰਾਂਗਾ ਮੈਂ, ਇਹ ਵੀ ਸਿਤਮ ਕਰੇ ਜੀ ਭਰ ਕੇ।
ਗੁਰਭਜਨ ਗਿੱਲ



ਧਰਤੀ ਧਰਮ ਧਰਾਤਲ ਗਿਰਵੀ, ਜਿਸਮ ਨੀਲਾਮ,ਵਿਕਾਊ ਰੱਬ ਹੈ। ਅਸਲੀ ਗੱਲ ਤਾਂ ਏਸੇ ਕਰਕੇ ਸਾਡੀਆਂ ਸੋਚਾਂ ਦੇ ਵਿੱਚ ਡੱਬ ਹੈ। ਬਗਲ ਸਮਾਧੀ ਲਾ ਕੇ ਬਹਿੰਦੇ, ਮੱਛੀਆਂ ਲਈ ਨੇਤਾ,ਅਭਿਨੇਤਾ, ਮਾਛੀ ਵੀ ਤਾਂ ਨਾਲ ਰਲ਼ੇ ਨੇ, ਸੱਚ ਪੁੱਛੋ ਤਾਂ ਏਹੀ ਯੱਭ ਹੈ। ਗੁਰਭਜਨ ਗਿੱਲ



ਰੁੱਖਾਂ ਮੁੱਢ ਆਰੀ ਤੇ ਬਣਾਈ ਜਾਉ ਆਲ੍ਹਣੇ। ਚਿੜੀਆਂ ਨੇ ਬੋਟ ਹੁਣ ਏਥੇ ਨਹੀਂਉਂ ਪਾਲਣੇ। ਪੰਛੀ ਪਰਿੰਦੇ ਚਾਹੁਣ ਰੁੱਖਾਂ ਦੀਆਂ ਟਾਹਣੀਆਂ, ਧਰਤੀ ਦੇ ਪੁੱਤ ਰੁੱਖ, ਸਿੱਖ ਲਉ ਸੰਭਾਲ਼ਣੇ।
ਗੁਰਭਜਨ ਗਿੱਲ





ਅੱਧ ਖਿੜੀਆਂ ਡੰਡੀਆਂ ਨੇ ਪਿੱਛੇ,ਸੁਰਖ਼ ਗੁਲਾਬ ਅਜੇ ਇੱਕ ਖਿੜਿਆ। ਹੱਕ ਸੱਚ ਦੀ ਰਖਵਾਲੀ ਖ਼ਾਤਰ,ਕੁੱਲ ਮੁਲਖਈਆ ਤਾਂ ਨਹੀਂ ਭਿੜਿਆ। ਤਾਜ ਤਖ਼ਤ ਨੂੰ ਭਰਮ ਰਹੇ ਨਾ, ਡੋਡੀਆਂ ਨੂੰ ਉਹ ਭੋਰ ਦਏਗਾ, ਲੋਕ ਸ਼ਕਤੀਆਂ ਅੱਗੇ ਅੱਜ ਤੱਕ, ਓਹ ਹੀ ਝੁਕਿਆ ਜੋ ਵੀ ਤਿੜਿਆ। ਗੁਰਭਜਨ ਗਿੱਲ




ਘਾੜ੍ਹੇ ਦੇ ਹੱਥ ਲੱਗਣੋਂ ਪਹਿਲਾ, ਹਰ ਹੀਰਾ ਹੀ ਹੁੰਦਾ ਪੱਥਰ।
ਬਹੁਤੇ ਲੋਕੀਂ ਸਮਝਣ ਨਾ ਇਹ ਮਾਣਕ ਮੋਤੀ ਅੱਖ ਦੇ ਅੱਥਰ।
ਰੋ ਰੋ ਉਮਰ ਗੁਜ਼ਾਰਨ ਵਾਲੇ, ਸਮਿਆਂ ਦਾ ਸ਼ੀਸ਼ਾ ਨਾ ਵੇਖਣ,
ਮੁਸ਼ਕਿਲ ਪਲ ਦੇ ਆਉਣ ਤੋਂ ਪਹਿਲਾਂ ਤੁਰਤ ਵਿਛਾ ਕੇ ਬੈਠਣ
ਸੱਥਰ। ਗੁਰਭਜਨ ਗਿੱਲ



ਹਰ ਪਲ ਮਾਨਣਯੋਗ ਦੋਸਤੋ ਦੁੱਖ ਤੇ ਸੁਖ ਜ਼ਿੰਦਗੀ ਦੇ ਪਹੀਏ।ਹਰ ਧਰਤੀ ਦੀ ਬੁੱਕਲ ਮਾਣੋ, ਹੱਸ ਗੁਜ਼ਾਰੀਏ ਜਿੱਥੇ ਰਹੀਏ।ਰੋਂਦਿਆਂ ਅੱਜ ਤੱਕ ਰਾਤ ਨਾ ਮੁੱਕੀ ਇਹ ਸੂਤਰ ਜੇ ਪੱਲੇ ਬੰਨ੍ਹੀਏ, ਘੁੱਟਿਆ ਵੱਟਿਆ ਮਨ ਸਮਝਾਈਏ, ਸਭ ਦੀ ਸੁਣੀਏ ਸਭ ਨੂੰ ਕਹੀਏ। ਗੁਰਭਜਨ ਗਿੱਲ



ਸੂਰਜ ਵੀ ਤੂੰ ਚੀਰ ਲਿਆ ਹੈ, ਮੈਂ ਅੱਧੇ ਨੂੰ ਕੀ ਕਰਨਾ ਹੈ। ਇੱਕੋ ਬਾਂਹ ਦੇ ਨਾਲ ਭਲਾ ਮੈਂ, ਅਗਨ ਸਮੁੰਦਰ ਕਿੰਜ ਤਰਨਾ ਹੈ। ਤੇਰੀ ਨੀਤੀ ਵਿੱਚ ਬਦਨੀਤੀ, ਤੂੰ ਵੇਚੇਂਗਾ ਸਾਨੂੰ ਕਿਰਨਾਂ, ਫੇਰ ਕਹੇਂਗਾ, ਮੈਂ ਦੱਸਾਂਗਾ, ਕਿਸ ਬੰਦੇ ਨੇ ਕਿੰਜ ਮਰਨਾ ਹੈ। ਗੁਰਭਜਨ ਗਿੱਲ



ਕਿਹੜੇ ਰਾਹੀਂ ਪੈ ਗਈ ਜਿੰਦੇ, ਲੱਗਦਾ ਤੇਰੀ ਸੋਚ ਭ੍ਰਿਸ਼ਟੀ।
ਕਰਮਭੂਮ ਤੇਰੀ ਜੇ ਚਾਹੇਂ,ਬਣ ਸਕਦੀ ਹੈ ਕੁੱਲ ਸ੍ਰਿਸ਼ਟੀ।

ਆਪਣੇ ਤੀਕਰ ਸੀਮਤ ਹੋ ਕੇ ਬਹਿ ਨਾ ਲਾ ਕੇ ਬਗਲ
ਸਮਾਧੀ, ਸਗਲ ਦ੍ਰਿਸ਼ ਹੀ ਬਦਲ ਜਾਣ ਜੇ ਬੰਦਾ ਬਦਲੇ
ਆਪ ਦ੍ਰਿਸ਼ਟੀ। ਗੁਰਭਜਨ ਗਿੱਲ


ਚੱਲ ਚੱਲ ਲਾਖਿਆ ਓ ਤੱਤਾ ਤੱਤਾ ਬੱਗਿਆ। ਤੈਨੂੰ ਮੈਨੂੰ
ਮੇਟਣੇ ਲਈ ਕਿੰਨਾ ਜ਼ੋਰ ਲੱਗਿਆ। ਵੇਖ ਤੂੰ ਦਲਾਲਾਂ
ਜਿਹੜਾ ਬੈਠ ਕੀਤਾ ਫ਼ੈਸਲਾ, ਕਿਵੇਂ ਪਰਵਾਨ ਕਰਾਂ,
ਦੁੱਲਿਆ ਓ ਜੱਗਿਆ। ਗੁਰਭਜਨ ਗਿੱਲ


ਥਾਲੀ ਵਿੱਚ ਪਰੋਸ ਕੇ ਜਿਸਨੂੰ ਰਹਿਮਤ ਦੇਵੇ ਜ਼ਿੰਦਗੀ
ਮੱਖਣਾ। ਸਾਰੀ ਉਮਰ ਗੰਡੋਆ ਰਹਿੰਦੈ, ਰੀੜ੍ਹ ਦੀ ਹੱਡੀ ਤੋਂ
ਬਿਨ ਸੱਖਣਾ। ਜ਼ਿੰਦਗੀ ਤਾਂ ਸੰਘਰਸ਼ ਦਾ ਨਾਂ ਹੈ, ਦੁੱਖ ਸੁਖ
ਘਾੜ੍ਹਤ ਘੜ੍ਹਦੈ ਬੰਦਿਆ, ਮੌਕਾ ਮਿਲੇ ਪਲਾਕੀ ਮਾਰੀਂ,
ਵਕਤ ਸਵਾਰੀ ਨਿਸ਼ਚਾ ਰੱਖਣਾ। ਗੁਰਭਜਨ ਗਿੱਲ





ਘੁੰਮਣਘੇਰ 'ਚ ਘਿਰ ਕੇ ਕਹੀਏ, ਜ਼ਿੰਦਗੀ ਤਾਂ ਜੰਜਾਲ ਜਹੀ ਹੈ। ਸਹਿਜਮਤੇ ਜੇ ਤੁਰੀਏ ਆਪਾਂ ਇਹ ਹੀ ਸਰਲ ਸਵਾਲ ਜਹੀ ਹੈ। ਨਜ਼ਰ, ਨਜ਼ਰੀਆ ਅੱਡਰੀ ਸ਼ੈ ਨੇ, ਸਮਝ ਪਵੇ ਤਾਂ ਮਸਲਾ ਹੱਲ ਹੈ, ਹਰ ਬੰਦੇ ਦੇ ਅੰਦਰ ਕਵਿਤਾ, ਧੜਕਣ ਸੁਰ ਤੇ ਤਾਲ ਜਹੀ ਹੈ। ਗੁਰਭਜਨ ਗਿੱਲ


ਜੇ ਕਰਨਾ ਵਿਸ਼ਵਾਸ ਤਾਂ ਪਹਿਲਾਂ,ਬਹੁਤ ਜ਼ਰੂਰੀ ਦੁਨੀਆਂ ਪੜ੍ਹਿਉ। ਚਮਕਣਹਾਰ ਮੁਲੰਮਾ ਮੰਡੀ, ਸੋਚ ਸਮਝ ਕੇ ਉਂਗਲੀ ਫੜਿਉ। ਰਾਤੋ ਰਾਤ ਅਮੀਰੀ ਮਾਰਗ, 'ਨੇਰ੍ਹ ਗੁ਼ਫ਼ਾ ਅੰਦਰ ਨੂੰ ਜਾਵੇ, ਛਾਲਾਂ ਮਾਰਨ ਵਾਲੇ ਡਿੱਗਦੇ,ਪੌੜੀ ਪੌੜੀ ਕਰਕੇ ਚੜ੍ਹਿਉ। ਗੁਰਭਜਨ ਗਿੱਲ



ਰੁੱਖਾਂ ਮੁੱਢ ਆਰੀ ਤੇ ਬਣਾਈ ਜਾਉ ਆਲ੍ਹਣੇ। ਚਿੜੀਆਂ ਨੇ ਬੋਟ ਹੁਣ ਏਥੇ ਨਹੀਂਉਂ ਪਾਲਣੇ। ਪੰਛੀ ਪਰਿੰਦੇ ਚਾਹੁਣ ਰੁੱਖਾਂ ਦੀਆਂ ਟਾਹਣੀਆਂ, ਧਰਤੀ ਦੇ ਪੁੱਤ ਰੁੱਖ, ਸਿੱਖ ਲਉ ਸੰਭਾਲ਼ਣੇ।
ਗੁਰਭਜਨ ਗਿੱਲ



ਬੁੱਧ ਮਰ ਗਿਆ ਕਹਿੰਦਾ ਕਹਿੰਦਾ, ਬੰਦਿਆ ਓਇ ਤੂੰ ਬਦਲ ਦ੍ਰਿਸ਼ਟੀ। ਨਜ਼ਰ ਨਜ਼ਰੀਆ ਨਿਸ਼ਚਤ ਕਰਦੈ, ਚਾਰ ਚੁਫ਼ੇਰੇ ਸਗਲ ਸ੍ਰਿਸ਼ਟੀ। ਬਦੀਆਂ ਸਿਰ ਬਦਕਾਰ ਹਮੇਸ਼ਾਂ, ਕੁਰਸੀ ਦਾ ਸੱਚ ਵੱਡਾ ਮੰਨੇ, ਆਸ ਕਿਵੇਂ ਚੰਗੇ ਦੀ ਉਸ ਤੋਂ, ਜਿਸ ਦੀ ਹੋਵੇ ਸੋਚ ਭ੍ਰਿਸ਼ਟੀ। ਗੁਰਭਜਨ ਗਿੱਲ




ਬੜੇ ਬਣਾ ਲਏ ਧਰਤੀ ਉੱਤੇ ਗੁਰ ਘਰ ਗਿਰਜੇ ਮਸਜਿਦ ਮੰਦਰ।ਮਰੇ ਨਾ ਸਾਥੋਂ ਸਾਰਿਆਂ ਕੋਲੋਂ ਦਿਲ ਵਿਚਲਾ ਸ਼ੈਤਾਨੀ ਬੰਦਰ।ਗਾਜਰ ਮੂਲੀ ਵਾਂਗ ਕੁਤਰੀਏ ਸੂਹੇ ਸੁਪਨਿਆਂ ਵਾਲੇ ਬੰਦੇ,ਵੇਖੋ! ਆਹ ਕੀ ਰੁੜ੍ਹਿਆ ਜਾਂਦਾ ਦਰਦਾਂ ਦੇ ਦਰਿਆ ਦੇ ਅੰਦਰ।ਗੁਰਭਜਨ ਗਿੱਲ



ਤੇਰੀ ਮੇਰੀ ਰੂਹ ਦਾ ਚੰਬਾ ਖਿੜ ਕੇ ਜੱਗ ਮਹਿਕਾ ਸਕਦਾ ਹੈ।
ਧਰਤੀ ਬੁੱਕਲ ਬਣ ਸਕਦੀ ਹੈ, ਸੂਰਜ ਨੇੜੇ ਆ ਸਕਦਾ ਹੈ। ਪੀਂਘ ਪਈ ਅਸਮਾਨੀ ਵਿਚਲੇ ਸੱਤੇ ਰੰਗ ਮੁਸਕਾਨ ਚ ਭਰ ਲੈ, ਕੋਸ਼ਿਸ਼ ਕਰਕੇ ਵੇਖ ਜ਼ਰਾ ਤੂੰ, ਇਹ ਪਲ ਜੀਣ ਸਿਖਾ ਸਕਦਾ ਹੈ।
ਗੁਰਭਜਨ ਗਿੱਲ




ਸੁਰ ਤੇ ਸ਼ਬਦ ਸੁਮੇਲ ਵੇਖ ਲਉ, ਬਗਲਗੀਰ ਕਿੰਜ ਹੋਏ। ਕੜ੍ਹ ਕੜ੍ਹ ਦੋਵੇਂ ਕਾੜ੍ਹਨੀਆਂ ਵਿੱਚ ਖੰਡ ਖੀਰ ਹੁਣ ਹੋਏ। ਮੰਦੀ ਨਜ਼ਰ ਕਦੇ ਨਾ ਲੱਗੇ ਮੇਰੇ ਵੀਰਾਂ ਤਾਈਂ, ਕੁੱਲ ਆਲਮ ਤੇ ਗੁਰ ਉਪਦੇਸਣ, ਜੱਗ ਰੁਸ਼ਨਾਈ ਹੋਏ। ਗੁਰਭਜਨ ਗਿੱਲ


ਬਿਰਖ ਬੂਟਿਆਂ ਦੱਸਿਆ ਮੈਨੂੰ, ਹਰ ਮੌਸਮ ਵਿੱਚ ਫੁੱਲ ਨਹੀਂ ਖਿੜ੍ਹਦੇ। ਤਾਕਤਵਰ ਹੰਕਾਰ ਦੇ ਡੰਗੇ, ਐਵੇਂ ਫਿਰਦੇ ਹਰ ਪਲ ਤਿੜ੍ਹਦੇ। ਕਾਦਰ ਲਿਖੀ ਕਿਤਾਬ ਪਿਆਰੀ,ਵਰਕਾ ਵਰਕਾ ਖ਼ੁਦ ਸਮਝ੍ਹਾਵੇ, ਬੰਦਿਆ! ਬੰਦਾ ਬਣ ਕੇ ਰਹਿ ਤੂੰ, ਪਸ਼ੂ ਹਮੇਸ਼ਾਂ ਰਹਿੰਦੇ ਭਿੜ੍ਹਦੇ। ਗੁਰਭਜਨ ਗਿੱਲ


ਸ਼ੋਰ ਚੁਫ਼ੇਰੇ ਮਰ ਚੱਲੇ ਹੋ, ਚੁੱਪ ਦੀ ‘ਵਾਜ਼ ਕਦੇ ਨਹੀਂ ਸੁਣਦੇ।
ਆਪਣਾ ਆਪ ਗੁਆਚ ਗਿਆ ਹੈ ਖ਼ੁਰ ਚੱਲੇ ਹੋਰਾਂ ਨੂੰ ਪੁਣਦੇ।
ਲੱਗਿਆ ਹੈ ਦੀਵਾਰ ਦੇ ਉੱਤੇ ਆਦਮ ਕੱਦ ਤੋਂ ਵੱਡਾ ਸ਼ੀਸ਼ਾ,
ਵਕਤ ਵੇਖਦਾ ਰੋਜ਼ ਦਿਹਾੜੀ, ਕੀ ਫਿਰਦੇ ਹੋ ਤਾਣੇ ਬੁਣਦੇ।
ਗੁਰਭਜਨ ਗਿੱਲ



ਮੈਂ ਫੁੱਲਾਂ ਨੂੰ ਜਦ ਵੀ ਮਿਲਦਾਂ, ਤੇਰੇ ਨਕਸ਼ ਨਿਹਾਰਦਾ ਰਹਿੰਦਾਂ।
‘ਵਾਜ਼ ਨਾ ਭਾਵੇਂ ਸੰਘੋਂ ਨਿਕਲੇ, ਪਰ ਮੈਂ ਟਾਹਰਾਂ ਮਾਰਦਾ ਰਹਿੰਦਾਂ।
ਤੇਰੇ ਤੀਕ ਪੁਕਾਰ ਨਾ ਪਹੁੰਚੇ, ਫਿਰ ਕੀ ਹੋਇਆ ਚੱਲ ਉਹ ਜਾਣੇਂ,
ਮੈਂ ਤਾਂ ਆਪਣੇ ਸਿਰ ਤੋਂ ਕਰਜ਼ਾ ਜੋ ਪੁੱਗਦਾ ਹੈ ਤਾਰਦਾ ਰਹਿੰਦਾਂ।
ਗੁਰਭਜਨ ਗਿੱਲ



ਸੌਣ ਤੋਂ ਪਹਿਲਾਂ ਰੋਜ਼ ਰਾਤ ਨੂੰ ਮਨ ਦੀ ਆਪ ਕਚਹਿਰੀ ਲਾਈਏ।
ਚੰਗਾ ਮਾੜਾ ਜੋ ਕੁਝ ਕੀਤਾ, ਨਿਰਖ਼ ਪਰਖ਼ ਕੇ ਮਨ ਸਮਝਾਈਏ।
ਹੋਰ ਕਿਸੇ ਨੂੰ ਕਿਉਂ ਪੁੱਛਦੇ ਹਾਂ,ਕਿਹੜਾ ਸਾਨੂੰ ਕੀ ਕਹਿੰਦਾ ਹੈ,
ਰੂਹ ਤੋਂ ਕਾਹਦੀ ਪਰਦਾਦਾਰੀ, ਆਪਣਾ ਘਰ ਹੈ ਆਈਏ ਜਾਈਏ। ਗੁਰਭਜਨ ਗਿੱਲ



ਹਰ ਯੁਗ ਅੰਦਰ ਸੂਲੀ ਚੜ੍ਹਦਾ ਹੱਕ ਸੱਚ ਲਈ ਮਰੀਅਮ ਦਾ ਜਾਇਆ। ਏਸੇ ਕਰਕੇ ਗ਼ਰਜ਼ਾਂ ਮਾਰਿਆਂ ਆਪਣਾ ਆਪਣਾ ਫ਼ਰਜ਼ ਭੁਲਾਇਆ। ਹਰ ਵਰਕਾ ਇਤਿਹਾਸ ਦਾ ਪੜ੍ਹ ਲਉ, ਹਰਫ਼ ਹਰਫ਼ ਇਹ ਕੂਕ ਪੁਕਾਰੇ, ਵਾਰਸ ਉਸ ਦੀ ਛਾਂ ਨੂੰ ਮਾਨਣ, ਪੁਰਖ਼ਿਆਂ ਜੋ ਵੀ ਬੂਟਾ ਲਾਇਆ। ਗੁਰਭਜਨ ਗਿੱਲ



ਲੱਖ ਵਾਰੀ ਸਮਝਾਇਆ ਤੈਨੂੰ ਸੂਰਜ ਹੈ ਅਗਨੀ ਦਾ ਗੋਲ਼ਾ।
ਚੌਵੀ ਘੰਟੇ ਭੱਜਾ ਫਿਰਦਾ ਏਧਰ ਓਧਰ ਲੈ ਕੇ ਝੋਲਾ। ਚਾਨਣ
ਵੰਡਦਾ,ਹਿੱਸੇ ਆਉਂਦਾ,ਹਰ ਧਰਤੀ ਤੇ ਘਰ ਘਰ ਜਾ ਕੇ,
ਥੈਲੀਸ਼ਾਹਾ! ਇਸ ਤੋਂ ਸਿੱਖ ਲੈ, ਹੋਇਆ ਫਿਰਦੈਂ ਅੰਨ੍ਹਾ ਬੋਲ਼ਾ।

ਗੁਰਭਜਨ ਗਿੱਲ



ਯਾਰ ਪਿਆਰੇ ਜਦ ਤੁਰ ਜਾਂਦੇ, ਧਰਤੀ ਸੱਖਣੀ ਕਰ ਜਾਂਦੇ ਨੇ।
ਰੂਹ ਦੇ ਛਾਲੇ ਫਿੱਸਦੇ ਮਗਰੋਂ,ਉਸ ਤੋਂ ਪਹਿਲਾਂ ਭਰ ਜਾਂਦੇ ਨੇ।
ਅਗਨ ਭੇਟ ਜਿਸਮਾਂ ਨੂੰ ਕਰੀਏ,ਜਲ ਪ੍ਰਵਾਹੀਏ ਫਿਰ ਵੀ ਜ਼ਿੰਦਾ,
ਰੂਹ ਦੀ ਨੁੱਕਰੇ ਰੋਜ਼ ਬੋਲਦੇ ,ਕੌਣ ਕਹੇ ਉਹ ਮਰ ਜਾਂਦੇ ਨੇ।
ਗੁਰਭਜਨ ਗਿੱਲ


ਬਾਗ ਬਗੀਚੇ ਅੰਦਰ ਖਿੜਦੇ, ਫੁੱਲ ਨੇ ਰੰਗ ਬਰੰਗੇ। ਅਜਬ ਲਲਾਰੀ ਜੰਮ ਪਏ ਨੇ, ਅਕਲੋਂ ਭੁੱਖੇ ਨੰਗੇ। ਆਖ ਰਹੇ ਨੇ ਧਰਤੀ ਮਾਂ ਨੂੰ ਇੱਕ ਰੰਗ ਹੋ ਜਾ ਸਾਰੀ,ਜੰਗਲ ਬੇਲੇ, ਬਾਗ ਬਗੀਚੇ ਸਾਰੇ ਸੂਲੀ ਟੰਗੇ। ਗੁਰਭਜਨ ਗਿੱਲ



ਬੰਜਰ ਧਰਤੀ ਚਾਰ ਚੁਫ਼ੇਰੇ ਉੱਗਿਆ ਹੈ ਵਿਸ਼ਵਾਸ ਦਾ ਬੂਟਾ।
ਬੀਜੋਂ ਬਿਰਖ਼ ਇਵੇਂ ਹੀ ਬਣਦਾ, ਹੋਵੇ ਸਮਰੱਥ ਆਸ ਦਾ ਬੂਟਾ।
ਏਥੇ ਕੁਝ ਵੀ ਹੋ ਨਹੀਂ ਸਕਦਾ, ਮਨ ਮੇਰੇ ਇਹ ਕਦੇ ਨਾ ਸੋਚੀਂ,
ਬੇਗਮਪੁਰਾ ਵਸਾ ਸਕਦਾ ਹੈ, ਦਿੱਲੀ ਮੁੱਢ ਇਤਿਹਾਸ ਦਾ ਬੂਟਾ।
ਗੁਰਭਜਨ ਗਿੱਲ



ਪੱਤਿਆਂ ਤੇ ਬਲਿਹਾਰੀ ਲਿਖਦਾ,ਉਸ ਨੂੰ ਅੱਖਰ ਅੱਖਰ ਪੜ੍ਹੀਏ।
ਸ਼ਬਦ ਸ਼ਬਦ ਪੌੜੀ ਦਰ ਪੌੜੀ,ਸੁਰਤਿ ਸਰੂਰ ਚੁਬਾਰੇ ਚੜ੍ਹੀਏ।
ਧਰਤੀ ਸੂਰਜ ਰਲ਼ ਮਿਲ ਸਿਰਜਣ ਸਾਡੀ ਖ਼ਾਤਰ ਵਣ ਤ੍ਰਿਣ ਮੇਲਾ,ਕਾਦਰ ਦੀ ਕੁਦਰਤ ਨੂੰ ਆਉ, ਰੂਹ ਵਿੱਚ ਵਾਂਗ ਨਗੀਨੇ ਜੜ੍ਹੀਏ। ਗੁਰਭਜਨ ਗਿੱਲ।ਫੋਟੋ: ਸੁਭਾਸ਼ ਦੁੱਗਲ



ਤਰੇਲ ਦੇ ਮੋਤੀ ਲਿਸ਼ਕ ਰਹੇ ਨੇ ਟਾਹਣੀ ਟਾਹਣੀ ਬਣ ਕੇ ਜਲ ਕਣ।ਸਾਗਰ ਤਪਿਆ ਅੰਬਰੀਂ ਪਹੁੰਚੇ ਸੀਤਲ ਹੋ ਕੇ ਬਿਰਖ਼ੀਂ ਲਮਕਣ।ਇਹ ਅੱਥਰੂ ਨੇ ਪ੍ਰਕਿਰਤੀ ਦੇ ਨੇਤਰ ਖੋਲ੍ਹੋ ਦਰਦ ਪਛਾਣੋ,ਇੱਕ ਤੁਪਕੇ ਵਿੱਚ ਕੀ ਕੁਝ ਬੋਲੇ ਦਮ ਦਮ ਬੋਲੇ ਇਸ 'ਚੋਂ ਕਣ ਕਣ।ਗੁਰਭਜਨ ਗਿੱਲ, ਫੋਟੋ: ਹਰਪਾਲ ਸਿੰਘ ਨਾਮਧਾਰੀ



ਕਿਉਂ ਮਹਿਲਾਂ ਦਾ ਮਾਣ ਕਰੇਂ ਤੂੰ, ਰੁੱਖ ਬਿਜੜੇ ਦਾ ਘਰ ਹੁੰਦਾ ਹੈ।
ਤੀਲੇ ਬੁਣੇ ਬਣਾਉਣ ਦੇ ਵੇਲੇ ਟੁੱਟ ਨਾ ਜਾਵੇ ਡਰ ਹੁੰਦਾ ਹੈ। ਓਸ
ਬਿਰਖ਼ ਜੜ੍ਹ ਆਰੀ ਫੇਰੇਂ,ਆਪਣੇ ਬੂਹੇ ਬਾਰੀਆਂ ਖ਼ਾਤਰ, ਉਸ ਦੀ
ਥਾਂ ਤੇ ਬਹਿ ਕੇ ਸੋਚੀਂ, ਸਦਮਾ ਕਿੱਦਾਂ ਜਰ ਹੁੰਦਾ ਹੈ।
ਗੁਰਭਜਨ ਗਿੱਲ



ਪਿਆਰ ਦਾ ਰਿਸ਼ਤਾ ਇੰਜ ਨਿਭਾਉ,ਜਿਉਂ ਸਾਹਾਂ ਵਿਚਕਾਰ ਫ਼ਾਸਲਾ।
ਇੱਕੋ ਸਾਹ ,ਹਾਹੀ ਵੀ ਇੱਕੋ,
ਕਿਉਂ ਧਰਦਾ ਤਕਰਾਰ ਫ਼ਾਸਲਾ।
ਅਸਮ ਚੈਨ ਦੀਆਂ ਫ਼ਸਲਾਂ ਮੌਸਵ,ਧਰਤੀ ਨਿੱਤ ਕਰਦੀ ਅਰਦਾਸਾਂ,
ਰੂਹ ਤੋਂ ਰੂਹ ਤੱਕ ਪਹੁੰਚਣ ਖ਼ਾਤਰ, ਕਿਉਂ ਕੰਡਿਆਲ਼ੀ ਤਾਰ ਫ਼ਾਸਲਾ।
— ਗੁਰਭਸਰ ਗਿੱਲ



ਕਿੱਥੋਂ ਤੁਰ ਕੇ ਕਿੱਥੇ ਪਹੁੰਚੇ ਗਮਸ਼ੇ ਦੇ ਵਿੱਚ ਦੂਣੇ ਸਾਈਏ।
ਸੜ੍ਹ ਨੂੰ ਕੱਟੀਏ,ਬੌਣਾ ਕਰੀਏ ਆਪਣੇ ਵਰਗਾ ਵਿਰਖ਼ ਬਣਾਈਏ।
ਕਰ ਧਰਤੀ ਤੋਂ ਤੋੜ ਵਿਛੋੜਾ,ਤਪਦੇ ਥਪਦੇ ਸੱਭੀਏ ਛਾਵਾਂ,
ਧਰਿਆਰੀ ਦਾ ਕੁਦਰਤ ਵਾਸਾ,ਗਾਈਏ ਪਰ ਨਾ ਅਮਸ਼ ਕਮਾਈਏ।
ਗੁਰਭਸਨ ਗਿੱਲ


ਅੰਧਰ ਤੀਕਰ ਪੌੜੀ ਧਣਦੇ
ਧਿਰਖ਼ ਸੁਹੱਧਤਾ ਵਾਸ੍ਹੇ।

ਚੰਨ ਤੇ ਸੂਰਜ ਧੁੱਕਣ ਧਰਿੰਦੇ
ਚਾਨਣ ਦੇਣ ਦੁਆਸ੍ਹੇ।

ਆਰੀ ਚੀਰਨ ਵਾਸ਼ੀ ਸੈ ਕੇ,
ਆ ਗਏ ਨੇ ਵਣਜਾਰੇ ,

ਕੁਰਸੀ ਘਾੜ੍ਹੇ ਨਾਣ ਸਿਸੇ ਨੇ,
ਦੋਹਾਂ ਦੇ ਦਿਣ ਕਾਸ਼੍ਹੇ।

ਗੁਰਭਜਨ ਗਿੱਲ


ਕਣਕੇ ਸਾਡੇ ਖੇਤ ਪਲੇਂ ਤੂੰ,ਤੁਰ ਜੇਂ ਸੇਠ ਦੀ ਬਣ ਕੇ। ਸਾਡੇ ਪੱਲੇ ਤੂੜੀ ਰਹਿ ਜੇ, ਕਿੰਜ ਤੁਰੀਏ ਹਿੱਕ ਤਣ ਕੇ। ਗਲ ਵਿੱਚ ਫਾਹੀ ਫ਼ਰਜ਼ ਤੇ ਪੈਰੀਂ ਕਰਜ਼ ਜੰਜ਼ੀਰੀ ਛਣਕੇ। ਦਿਲ ਵਿੱਚ ਰੀਝ ਬੜੀ, ਕਦੋਂ ਰਹੇਂਗੀ ਤੂੰ ਸਾਡੀ ਬਣਕੇ। ਗੁਰਭਜਨ ਗਿੱਲ



ਅਨਘੜ ਪੱਥਰ ਵਾਂਗ ਪਿਆ ਸਾਂ, ਮੈਂ ਵੀ ਹੀਰਾ ਬਣਨਾ ਚਾਹਿਆ। ਖ਼ੁਦ ਨੂੰ ਆਪ ਤਰਾਸ਼ ਨਾ ਸਕਿਆ, ਕਲਾਕਾਰ ਨਾ ਛਿੱਲਿਆ ਲਾਹਿਆ। ਹੀਰਾ ਜਨਮ ਗੁਆਚ ਗਿਆ ਹੈ, ਐਵੇਂ ਮਿੱਟੀ ਘੱਟਾ ਫੱਕਦੇ, ਧਰਤ ਆਕਾਸ਼, ਪਾਤਾਲ ਬੜਾ ਕੁਝ, ਅੱਖ ਪਲਕਾਰੇ ਅੰਦਰ ਗਾਹਿਆ। ਗੁਰਭਜਨ ਗਿੱਲ

ਲੋਰੀ



ਮਾਏ ਨੀ ਅਣਜੰਮੀ ਧੀ ਨੂੰ, ਆਪਣੇ ਨਾਲੋਂ ਵਿੱਛੜੇ ਜੀਅ ਨੂੰ,
ਜਾਂਦੀ ਵਾਰੀ ਮਾਏ ਨੀ ਇੱਕ ਲੋਰੀ ਦੇ ਦੇ।
ਬਾਬਲ ਤੋਂ ਭਾਵੇਂ ਚੋਰੀ ਨੀ ਇੱਕ ਲੋਰੀ ਦੇ ਦੇ।

ਮੰਨਿਆ ਤੇਰੇ ਘਰ ਵਿਚ ਵਧ ਗਏ, ਧੀਆਂ ਵਾਲੇ ਗੁੱਡੀ-ਪਟੋਲੇ।
ਤੇਰੇ ਦਿਲ ਦਾ ਹਾਉਕਾ ਨੀ ਮੈਂ, ਸੁਣਦੀ ਰਹੀ ਆਂ ਤੇਰੇ ਓਹਲੇ।
ਮੈਨੂੰ ਮਾਰ ਮੁਕਾਉਣ ਦੀ ਗੱਲ ਕਿਉਂ, ਬਾਬਲ ਪਹਿਲਾਂ ਤੋਰੀ।
ਨੀ ਇੱਕ ਲੋਰੀ ਦੇ ਦੇ ....।


ਮਾਏ ਨੀ ਤੇਰੀ ਗੋਦੀ ਅੰਦਰ, ਬੈਠਣ ਨੂੰ ਮੇਰਾ ਜੀਅ ਕਰਦਾ ਸੀ।
ਬਾਬਲ ਦੀ ਤਿਊੜੀ ਨੂੰ ਤੱਕ ਕੇ, ਹਰ ਵਾਰੀ ਮੇਰਾ ਜੀਅ ਡਰਦਾ ਸੀ।
ਧੀਆਂ ਬਣ ਕੇ ਜੰਮਣਾ ਏਥੇ, ਕਿਉਂ ਬਣ ਗਈ ਕਮਜ਼ੋਰੀ,
ਨੀ ਇੱਕ ਲੋਰੀ ਦੇ ਦੇ ....।

ਮਾਏ ਨੀ ਮੇਰੀ ਨਾਨੀ ਦੇ ਘਰ, ਤੂੰ ਵੀ ਸੀ ਕਦੇ ਧੀ ਬਣ ਜੰਮੀ।
ਕੁੱਖ ਵਿੱਚ ਕਤਲ ਕਰਾਵਣ ਵਾਲੀ, ਕਿਉਂ ਮੰਨੀ ਤੂੰ ਗੱਲ ਨਿਕੰਮੀ।
ਵੀਰਾ ਲੱਭਦੀ ਲੱਭਦੀ ਹੋ ਗਈ, ਰੂਹ ਮਮਤਾ ਤੋਂ ਕੋਰੀ?
ਨੀ ਇੱਕ ਲੋਰੀ ਦੇ ਦੇ ....।



- ਪ੍ਰੋ: ਗੁਰਭਜਨ ਸਿੰਘ ਗਿੱਲ
gurbhajansinghgill@gmail.com

ਹਸਪਤਾਲ ਦੇ ਕਮਰੇ ਅੰਦਰ, ਪਈਆਂ ਨੇ ਜੋ ਅਜਬ ਮਸ਼ੀਨਾਂ।
ਪੁੱਤਰਾਂ ਨੂੰ ਇਹ ਕੁਝ ਨਾ ਆਖਣ, ਸਾਡੇ ਲਈ ਕਿਉਂ ਬਣਨ ਸੰਗੀਨਾਂ।
ਡਾਕਟਰਾਂ ਚਹੁੰ ਸਿੱਕਿਆਂ ਖਾਤਰ, ਕੱਟੀ ਜੀਵਨ-ਡੋਰੀ,
ਨੀ ਇੱਕ ਲੋਰੀ ਦੇ ਦੇ ....।



ਧੀ ਤਿਤਲੀ ਨੂੰ ਮਸਲਣ ਵੇਲੇ, ਚੁੱਪ ਖੜ੍ਹੇ ਕਿਉਂ ਧਰਮਾਂ ਵਾਲੇ,
ਗੂੰਗੇ ਬੋਲੇ ਹੋ ਗਏ ਸਾਰੇ, ਨੱਕ ਨਮੂਜਾਂ ਸ਼ਰਮਾਂ ਵਾਲੇ।
ਬਿਨ ਡੋਲੀ ਤੋਂ ਧਰਮੀ ਮਾਪਿਆਂ, ਕਿੱਧਰ ਨੂੰ ਧੀ ਤੋਰੀ।
ਨੀ ਇੱਕ ਲੋਰੀ ਦੇ ਦੇ ....।

ਸੁੱਤਿਆਂ ਲਈ ਸੌ ਯਤਨ ਵਸੀਲੇ, ਜਾਗਦਿਆਂ ਨੂੰ ਕਿਵੇਂ ਜਗਾਵਾਂ?
ਰੱਖੜੀ ਦੀ ਤੰਦ ਖ਼ਤਰੇ ਵਿੱਚ ਹੈ, ਚੁੱਪ ਨੇ ਕੁੱਲ ਧਰਤੀ ਦੀਆਂ ਮਾਵਾਂ।
ਅੰਮੜੀਏ! ਮੈਨੂੰ ਗੁੜ੍ਹਤੀ ਦੀ ਥਾਂ, ਦੇਹ ਨਾ ਜ਼ਹਿਰ-ਕਟੋਰੀ,
ਨੀ ਇੱਕ ਲੋਰੀ ਦੇ ਦੇ ....।



ਰੋਜ਼ ਸੋਚਦਾਂ ਫੁੱਲਾਂ ਵਿੱਚੋਂ, ਤੁਰ ਗਈ ਹੈ ਖ਼ੁਸ਼ਬੋਈ ਕਿੱਥੇ।
ਸਾਥੋਂ ਮਹਿਕ ਗੁਆਚੀ ਕਿੱਦਾਂ, ਸਾਥੋਂ ਗਲਤੀ ਹੋਈ ਕਿੱਥੇ।
ਮਧੂ ਮੱਖੀਆਂ,ਤਿਤਲੀ ਤੇ ਭੰਵਰੇ, ਹੁਣ ਗੁੰਜਾਰ ਕਿਉਂ ਨਹੀਂ ਪਾਉਂਦੇ, ਰੌਣਕ ਬਾਗ ਬਗੀਚੇ ਵਾਲੀ, ਦੱਸਿਉ ਜੀ ਇਹ ਸੋਈ ਕਿੱਥੇ। ਗੁਰਭਜਨ ਗਿੱਲ



ਧੀ ਪੁੱਤ ਪਾਲਣ, ਸਦਾ ਸੰਭਾਲਣ, ਜੇਕਰ ਉਸਦੀ ਆਸ ਦਾ ਬੂਟਾ। ਧਰਤੀ ਮਾਂ ਵੀ ਸਦਾ ਸੰਭਾਲੇ, ਅਣਖ਼ੀਲੇ ਇਤਿਹਾਸ ਦਾ ਬੂਟਾ। ਹੋਰ ਜਗ੍ਹਾ ਜ਼ਰਖੇਜ਼ ਨਾ ਕੋਈ, ਜਿੱਥੇ ਹੈ ਇਹ ਜੜ੍ਹ ਲਾ ਸਕਦਾ, ਦਿਲ ਦੀ ਮਿੱਟੀ ਵੱਤਰ ਕਰ ਲਓ, ਜੇ ਲਾਉਣਾ ਵਿਸ਼ਵਾਸ ਦਾ ਬੂਟਾ। ਗੁਰਭਜਨ ਗਿੱਲ



ਦਿਸਦਾ ਨਹੀਂ ਪਰ ਮਹਿਕ ਵਾਂਗੂੰ ਨਾਲ ਨਾਲ ਹੈ । ਮੈਨੂੰ ਵੀ ਓਸ ਸਖ਼ਸ਼ ਦੀ, ਸਦੀਆਂ ਤੋਂ ਭਾਲ ਹੈ । ਜਿੱਤਾਂ ਤਾਂ ਇਹ ਹੈ ਜਿੱਤਦਾ, ਹਾਰਾਂ ਤਾਂ ਹਾਰਦਾ, ਮੇਰਾ ਹਮੇਸ਼ਾਂ ਸਾਹਮਣਾ, ਸ਼ੀਸ਼ੇ ਦੇ ਨਾਲ ਹੈ । ਗੁਰਭਜਨ ਗਿੱਲ


ਮਨ ਖਿੜਦਾ ਹੈ ਏਸ ਤਰ੍ਹਾਂ ਹੀ ਹੱਸਿਆ ਕਰ, ਮੁਸਕਾਇਆ ਕਰ ਤੂੰ। ਸੋਚਾਂ ਦੇ ਦਰਿਆ ਵਿੱਚ ਹਰ ਦਮ, ਗੋਤੇ ਹੀ ਨਾ ਖਾਇਆ ਕਰ ਤੂੰ। ਤੇਰੇ ਅੰਦਰ ਕਿੰਨੇ ਸਾਗਰ ਮਾਣਕ ਮੋਤੀ ਹੋਰ ਬੜਾ ਕੁਝ, ਬਾਜ਼ ਵਾਂਗਰਾਂ ਧਰਤੀਉਂ ਅੰਬਰ ਸੂਰਜ ਤੱਕ ਵੀ ਜਾਇਆ ਕਰ ਤੂੰ। ਗੁਰਭਜਨ ਗਿੱਲ




ਦਿਨ ਚੜ੍ਹਦੇ ਹੀ ਵੇਖ ਲਿਆ ਮੈਂ ਪੀਲਾ ਭੂਕ ਗੁਲਾਬ ਦਾ ਚਿਹਰਾ। ਸਾਡਾ ਖ਼ੂਨ ਕਸ਼ੀਦ ਕੇ ਪੀਤਾ, ਤਾਂਹੀਉਂ ਸੁਰਖ਼ ਜਨਾਬ ਦਾ ਚਿਹਰਾ। ਨੀਤੀ ਵਿੱਚ ਬਦਨੀਤੀ ਪਾਕੇ, ਸਾਡਾ ਵਤਨ ਵਿਕਾਊ ਨਾ ਕਰ, ਸਾਵਧਾਨ ਹੋ! ਵੇਖ ਕਿਵੇਂ ਅੱਜ, ਭਖ਼ਿਆ ਦੇਸ ਪੰਜਾਬ ਦਾ ਚਿਹਰਾ। ਗੁਰਭਜਨ ਗਿੱਲ




ਹਰ ਪਲ ਭਟਕਣ ਬਹੁਤੇ ਲੋਕੀਂ, ਸਾਨੂੰ ਕਿਧਰੇ ਨਾਂ ਮਿਲ ਜਾਵੇ। ਸਾਰੀ ਉਮਰ ਉਡੀਕਣ ਬੈਠੇ,ਸਿਰ ਜੋਗੀ ਹੀ ਛਾਂ ਮਿਲ ਜਾਵੇ। ਪਰ ਜਿੰਨ੍ਹਾਂ ਵਿੱਚ ਨਿਸ਼ਚਾ, ਹਿੰਮਤ,ਬਿਲਕੁਲ ਵੱਖਰੇ ਰੰਗ 'ਚ ਰਹਿੰਦੇ, ਉੱਗਣ ਵੇਲੇ ਉੱਗ ਪੈਂਦੇ ਨੇ, ਜਦ ਜੜ੍ਹ ਜੋਗੀ ਥਾਂ ਮਿਲ ਜਾਵੇ। ਗੁਰਭਜਨ ਗਿੱਲ



ਸ਼ਹਿਰ ਖਾਮੋਸ਼ ਦੇ ਬੂਹੇ ਬੰਦ ਨੇ, ਮੂੰਹ ਵਿਚ ਜਿਵੇਂ ਜ਼ਬਾਨ ਨਹੀਂ ਹੈ । ਇੰਜ ਕਿਉਂ ਲੱਗਦੈ, ਏਸ ਨਗਰ ਦੇ ਬਿਰਖ਼ਾਂ ਵਿੱਚ ਵੀ ਜਾਨ ਨਹੀਂ ਹੈ । ਪੈਰ ਪੈਰ ਤੇ ਬਹੁਤ ਖ਼ੁਦਾ ਨੇ, ਪੱਥਰਾਂ ਵਾਲੀ ਜੂਨ ਪਏ ਜੋ, ਬੜ੍ਹੀਆਂ ਭੀੜਾਂ ਚਾਰ ਚੁਫ਼ੇਰੇ, ਇੱਕ ਵੀ ਤਾਂ ਇਨਸਾਨ ਨਹੀਂ ਹੈ। ਗੁਰਭਜਨ ਗਿੱਲ



ਤਨ ਦੀ ਭਟਕਣ, ਮਨ ਦੀ ਅਟਕਣ, ਸਾਬਤ ਕਦਮ ਅਡੋਲ ਰਹੇ । ਅਕਲ ਦੀ ਸੰਗਲੀ, ਫੜ ਲੈ ਘੁੱਟਕੇ, ਖਿਸਕੇ ਨਾ ਇਹ ਕੋਲ ਰਹੇ । ਹਰ ਮੰਜ਼ਿਲ ਹੀ ਖ਼ੁਦ ਸਿਰਨਾਵਾਂ ਦੱਸ ਦੇਂਦੀ ਹੈ ਪਾਂਧੀ ਨੂੰ, ਪਰਪੱਕ ਨਿਸ਼ਚਾ ਹੋਵੇ ਜੇਕਰ ਪੈਰਾਂ ਵਿੱਚ ਸਮਤੋਲ ਰਹੇ । ਗੁਰਭਜਨ ਗਿੱਲ



ਗੁਆਚੀ ਕਿਰਪਾਨ

ਗੁਰਭਸਾਨ ਗਿੱਲ

ਦੱਸਿਉ ਸ਼ਰਾ!
ਉਹ ਕਿਰਪਾਨ ਕਿੱਥੇ ਹੈ?
ਸੋ ਸਭਾਉ ਦੇ ਮੈਦਾਨ ਵਿੱਚ
ਸ਼ਹੀਦ ਹੋਣ ਲੱਗਿਆਂ
ਸ਼ਾਮ ਸਿੰਘ ਅਟਾਰੀ ਵਾਲਾ
ਫੜ੍ਹ ਗਿਆ ਸੀ।
ਕਿੱਥੇ ਗੁਆ ਬੈਠੇ ਹੋ,
ਹੁਣ ਤਲਵਾਰ ਚੁੱਕੀ ਫਿਰਦੇ ਹੋ?
ਇਸ ਵਿੱਚ ਕਿਰਪਾਲੂ ਦੀ
ਕਿਰਪਾ ਹਾਜ਼ਰ ਨਹੀਂ।
ਜਾਦ ਰੱਖਿਉ!
ਉਸ ਨੇ ਇਹ ਤੇਗ
ਸਾਨੂੰ ਪੁੱਤਰਾਂ ਨੂੰ ਸੌਂਪ ਕੇ ਕੁਝ ਕਿਹਾ ਸੀ।
ਪਰ ਅਸੀਂ ਵਿਸਾਰ ਦਿੱਤਾ ਹੈ
ਸੂਰਮੇ ਦਾ ਉਹ ਆਖ਼ਰੀ ਸੰਦੇਸ਼।

ਫਰੰਗੀ ਫਿਰ ਦਨਦਨਾਉਂਦਾ ਹੈ।
ਭੇਸ ਧਦਲ ਧਦਲ ਆਉਂਦਾ ਹੈ।
ਰੂਪਏ ਸਰਾਤਏ ਵਿਖਾਲ ਵਿਖਾਲ
ਭਰਮ ਜਾਲ ਚ ਫਾਹੁੰਦਾ ਹੈ।
ਸਾਡਾ ਮਨ ਭਰਮਾਉਂਦਾ ਹੈ।
ਕਰਦਾ ਕੁਝ ਹੋਰ,
ਕੁਝ ਹੋਰ ਸੁਣਾਉਂਦਾ ਹੈ।

ਸਾਵਧਾਨ!
ਤੀਸਰੀ ਸ਼ਾਤ ਹੁਣ
ਕਿਸੇ ਵਲਾਇਤੋਂ ਨਹੀਂ ਆਈ,
ਸੱਤ ਸਮੁੰਦਰ ਚੀਰ ਕੇ,
ਆਪਣੇ ਹੀ ਵਤਨ ਚ ਉੱਗ ਪਈ ਹੈ।
ਸਾਵਧਾਨ!
ਅਸਾਂ ਫ਼ਸਲ ਚੋਂ
ਨਦੀਨ ਪੁੱਟਦੇ ਤਾਂ ਸੁਣਦੇ ਸੀ,
ਇਹ ਨਵੇਂ ਸਾਥੀ
ਨਦੀਨ ਚੋਂ ਫ਼ਸਲ ਪੁੱਟ ਰਹੇ ਹਨ।

ਧਰਤੀ-ਧਰਮ ਨਿਭਾਉਣ ਲਈ,
ਕਿਰਪਾਨ ਖੱਭ ਕੇ ਦਿਉ!
ਸਭਾਉ ਚ ਅਟਾਰੀਏ ਦਾ
ਦਿੱਤਾ ਸੁਨੇਹਾ ਸਿਰੇ ਚਾੜ੍ਹਨਾ ਹੈ।
ਕੁਰਸੀ ਥੱਲੇ ਨਹੀਂ ਲੁਕਣਾ
ਸੂਰਮੇ ਵਾਂਗ ਦਹਾੜਨਾ ਹੈ।

ਸੰਪਰਕ: 98726 31199



ਸੜਕ ਦੇ ਕੰਢੇ , ਖਿੜਿਆ ਵੇਖੋ,ਅੱਕ ਦਾ ਬੂਟਾ ਟਹਿਕ ਰਿਹਾ ਹੈ। ਸਭ ਕੁਝ ਹੁੰਦਿਆਂ ਸੁੰਦਿਆ ਬੰਦਾ, ਖਾਂਦਾ ਪੀਂਦਾ ਸਹਿਕ ਰਿਹਾ ਹੈ। ਕੁਦਰਤ ਸਬਕ ਪੜ੍ਹਾਵੇ, ਪੜ੍ਹ ਲਉ ਵਰਕਾ ਵਰਕਾ ਜਿੱਥੋਂ ਲੱਭਦੈ, ਤਰਿਆ ਓਹੀ ਜਿਸਨੇ ਪੜ੍ਹਿਆ, ਕਣ ਕਣ ਤਾਂਹੀਉਂ ਮਹਿਕ ਰਿਹਾ ਹੈ। ਗੁਰਭਜਨ ਗਿੱਲ



ਸਿਰ ਤੇ ਲੈ ਬੱਦਲਾਂ ਦੀ ਚੁੰਨੀ, ਆ ਅੰਬਰ ਵਿੱਚ ਪੀਂਘ ਚੜ੍ਹਾਈਏ। ਅਨਹਦ ਨਾਦ ਵਜਾਈਏ ਰੂਹ ਦਾ, ਪੌਣਾਂ ਨੂੰ ਗਲਵੱਕੜੀ ਪਾਈਏ। ਜੇ ਬਦਰੰਗਾ ਮੌਸਮ ਚੰਦਰਾ, ਸਾਹੀਂ ਬੇਵਿਸ਼ਵਾਸੀ ਘੋਲ਼ੇ, ਆਪਣੇ ਰੰਗ ਦੀ ਡੱਬੀ ਵਿੱਚੋਂ ਇੱਕ ਦੋ ਬੁਰਸ਼ ਅਸੀਂ ਵੀ ਲਾਈਏ। ਗੁਰਭਜਨ ਗਿੱਲ



ਮਿਲਦਿਆਂ ਤੈਨੂੰ ਮੇਰਾ ਕੈਸਾ ਮੁਕੱਦਰ ਹੋ ਗਿਆ । ਪਿਆਰ ਕਤਰਾ ਮਿਲ ਗਿਆ, ਮੈਂ ਵੀ ਸਮੁੰਦਰ ਹੋ ਗਿਆ । ਮੇਰਿਆਂ ਖ਼੍ਵਾਬਾਂ ਚ ਤੂੰ ਜਾਂ ਰਾਤ ਰਾਣੀ ਮਹਿਕਦੀ, ਮੇਰੇ ਚਾਅ ਦਾ ਕੱਦ ਵੀ ਤੇਰੇ ਬਰਾਬਰ ਹੋ ਗਿਆ। ਗੁਰਭਜਨ ਗਿੱਲ





ਸਮਝ ਕਿਓਂ ਨਹੀਂ ਪੈਂਦੀ ਤੈਨੂੰ,ਜ਼ਿੰਦਗੀ ਤਾਂ ਅਹਿਸਾਸ ਕਟੋਰਾ। ਦਿਲ ਦੀ ਦੌਲਤ ਖ਼ਰਚ ਲਿਆ ਕਰ ਕਿਣਕਾ ਕਿਣਕਾ ਭੋਰਾ ਭੋਰਾ। ਮੁੜ ਆਉਂਦੀ ਹੈ ਜੇਕਰ ਆਪਾਂ ਵੰਡ ਦੇਈਏ ਕਣ ਕਣ ਖ਼ੁਸ਼ਬੋਈ,ਫਿਰ ਕਿਓਂ ਰੱਖੀਏ ਇਹ ਅਣਲਿਖਿਆ,ਦਿਲ ਤਖ਼ਤੀ ਦਾ ਮੱਥਾ ਕੋਰਾ। ਗੁਰਭਜਨ ਗਿੱਲ






ਤੈਨੂੰ ਜੇ ਦਸਤਾਰ ਵੀ ਸਿਰ ਤੇ ਭਾਰੀ ਹੈ। ਸਮਝ, ਪ੍ਰਾਹੁਣੀ ਫਿਰ ਤੇਰੀ ਸਰਦਾਰੀ ਹੈ। ਜੇ ਤੇਰਾ ਮੂੰਹ ਦੁਖੇ ਪੰਜਾਬੀ ਬੋਲਦਿਆਂ, ਸਮਝ ਲਿਆ ਕਰ ਜੜ੍ਹ ਤੇ ਫਿਰਦੀ ਆਰੀ ਹੈ। ਗੁਰਭਜਨ ਗਿੱਲ





ਰੰਗ ਤੇ ਖ਼ੁਸ਼ਬੂ ਦਾ ਰਿਸ਼ਤਾ, ਜਿਸ ਤਰ੍ਹਾਂ ਫੁੱਲਾਂ ਦੇ ਨਾਲ। ਮੈਂ ਬਰਾਬਰ ਤੁਰ ਰਿਹਾ ਹਾਂ, ਵੇਖ, ਤੇਰੇ ਨਾਲ ਨਾਲ। ਹੱਦ ਨਾ ਸਰਹੱਦ ਰੋਕੇ, ਮਹਿਕ -ਬੁੱਲਾ ਜਿਸਮਹੀਣ, ਨਾ ਕਰੇ ਮਹਿਸੂਸ ਮੈਨੂੰ, ਹੈ ਭਲਾ ਕਿਸ ਦੀ ਮਜ਼ਾਲ। ਗੁਰਭਜਨ ਗਿੱਲ



ਸਿਖ਼ਰ ਪਹਾੜੋਂ ਚਸ਼ਮੇ ਫੁੱਟ ਕੇ, ਤੁਰਦੇ ਜਿਉਂ ਦਰਿਆ ਦੇ ਪਾਣੀ। ਨਿੱਖੜ਼ਨ ਲੱਗਿਆਂ ਇਹ ਵੀ ਉੱਛਲਣ ਸੌਖੇ ਤਾਂ ਨਹੀਂ ਛੱਡਣੇ ਹਾਣੀ। ਧਰਤ ਮੈਦਾਨੀ ਸਹਿਜ ਸਿਖਾਵੇ,, ਵਗਣਾ ਸਿੰਜਣਾ ਤੇ ਕੰਮ ਆਉਣਾ, ਪਰ ਮਨ ਮੇਰੇ ਸਮਝ਼ੇਂ ਕਿਉਂ ਨਾ, ਏਹੀ ਗੱਲ ਦੱਸਦੀ ਏ ਬਾਣੀ। ਗੁਰਭਜਨ ਗਿੱਲ



ਰੰਗ ਤੇ ਖ਼ੁਸ਼ਬੂ ਦਾ ਰਿਸ਼ਤਾ, ਜਿਸ ਤਰ੍ਹਾਂ ਫੁੱਲਾਂ ਦੇ ਨਾਲ!
ਮੈਂ ਬਰਾਬਰ ਤੁਰ ਰਿਹਾ ਹਾਂ, ਵੇਖ ਤੇਰੇ ਨਾਲ ਨਾਲ!
ਹੱਦ ਨਾ ਸਰਹੱਦ ਰੋ ਕੇ, ਮਹਿਕ-ਬੁੱਲਾਂ ਜਿਸਮ ਹੀਣ,
ਨਾ ਕਰੇ ਮਹਿਸੂਸ ਮੈਨੂੰ, ਹੈ ਭਲਾ ਕਿਸ ਦੀ ਮਜ਼ਾਲ।
ਗੁਰਭਜਨ ਗਿੱਲ


ਦਿਲ ਦਾ ਨਕਸ਼ਾ ਵੇਖ ਲਵੋ ਜੀ, ਥੋਹਰ ਦੇ ਕੰਡੇ ਗਾਮਲੇ
ਅੰਦਰ। ਏਸੇ ਦਿਲ ਨੂੰ ਆਖੀ ਜਾਂਦੇ ਏਹੀ ਮਸਜਿਦ ਏਹੀ
ਮੰਦਰ। ਪਤਾ ਨਹੀਂ ਕਿੱਧਰ ਨੂੰ ਤੁਰ ਪਏ, ਧਰਮ ਕਰਮ ਦੇ
ਇਹ ਰਖਵਾਲੇ, ਨਾਚ ਨਚਾਉਂਦੇ ਤੈਨੂੰ ਮੈਨੂੰ, ਏਸ ਨਸਲ ਦੇ
ਅਜਬ ਕਲੰਦਰ। ਗੁਰਭਜਨ ਗਿੱਲ



ਧੌਣ ਤੇ ਅੱਡੀ ਨੱਪ ਕੇ ਰੱਖਿਉ, ਜਿਹੜੇ ਨਾਗਾਂ ਸਾਨੂੰ ਡੰਗਿਆ। ਇਨ੍ਹਾਂ ਦੀ ਦਹਿਸ਼ਤ ਨੇ ਪਹਿਲਾਂ ਸਦੀਆਂ ਤੋਂ ਹੀ ਸੂਲ਼ੀ ਟੰਗਿਆ। ਪਤਾ ਨਹੀਂ ਜੀ ਇਹ ਜ਼ਹਿਰੀਲੇ, ਜਨਮ ਜ਼ਾਤ ਸਾਡੇ ਕਿਉਂ ਵੈਰੀ, ਭਾਵੇਂ ਜਦ ਵੀ ਪਹਿਲਾਂ ਵੀ ਟੱਕਰੇ ਮਰਦਿਆਂ ਨੇ ਪਾਣੀ ਨਹੀਂ ਮੰਗਿਆ। ਗੁਰਭਜਨ ਗਿੱਲ


ਕੁਦਰਤ ਦੇ ਘਰ ਕਿੰਨਾ ਕੁਝ ਹੈ, ਸੂਰਤ ਸ਼ਕਲਾਂ ਵੰਨ ਸੁਵੰਨੀਆਂ। ਇੱਕੋ ਫੁੱਲ ਵਿੱਚ ਰੰਗ ਖ਼ੁਸ਼ਬੋਈ ਕਾਦਰ ਨੇ ਸਭ ਸੋਚ ਕੇ ਬੰਨ੍ਹੀਆਂ। ਹਰ ਬੂਟੇ ਦੀ ਆਪਣੀ ਖ਼ਸਲਤ,ਜਿਹੜੇ ਸਮਝਣ ਮਹਿਕਾਂ ਮਾਨਣ,ਬਾਗਾਂ ਵਿੱਚ ਵੀ ਤੁਰਨਾ ਪੈਂਦੈ, ਸੋਚ, ਸਮਝ ਸੰਕੋਚ ਕੇ ਕੰਨੀਆਂ। ਗੁਰਭਜਨ ਗਿੱਲ





ਜੇਕਰ ਚੰਨ ਦੀ ਰੀਝ ਦਿਲੇ ਵਿੱਚ ਰਾਤ ਹਨ੍ਹੇਰੀ ਹੌਕੇ ਭਰ ਨਾ ।
ਜੇ ਹੈ ਸੁਰਖ਼ ਗੁਲਾਬ ਤਮੰਨਾ, ਕੰਡਿਆਂ ਤੋਂ ਤੂੰ ਸੱਜਣਾ ਡਰ ਨਾ।
ਮੇਰੀ ਗੱਲ ਨੂੰ ਪੱਲੇ ਬੰਨ੍ਹ ਲੈ, ਕੰਮ ਆਵੇਗੀ ਉਮਰਾ ਸਾਰੀ,
ਪਿਆਰ ਕਰਨ ਦੀ ਤਾਂਘ ਜੇ ਤੈਨੂੰ, ਰੂਹ ਆਪਣੀ ਤੋਂ ਪਰਦੇ ਕਰ ਨਾ। ਗੁਰਭਜਨ ਗਿੱਲ



ਮਨ ਮੰਦਰ ਦੀ ਟੱਲੀ ਨੂੰ, ਟੁਣਕਾਰ ਲਿਆ ਹੈ । ਰੂਹ ਨੂੰ ਮੁਕਤ ਕਰਾ ਕੇ, ਭਾਰ ਉਤਾਰ ਲਿਆ ਹੈ । ਜਿੱਥੇ ਕਦਮ ਅਗਾਂਹ ਨੂੰ ਪੁੱਟਿਆਂ, ਧੂੜਾਂ ਉੱਡਣ, ਹੁਣ ਮੈਂ ਖ਼ੁਦ ਨੂੰ ਕਿਣਕੇ ਤੋਂ ਵਿਸਥਾਰ ਲਿਆ ਹੈ ।ਗੁਰਭਜਨ ਗਿੱਲ



ਰਾਤੀਂ ਬਹਿ ਕੇ ਖ਼ਤ ਲਿਖਿਆ ਕਰ, ਉੱਠ ਸਵੇਰੇ ਪੜ੍ਹਿਆ ਕਰ। 'ਵਾ ਦੇ ਘੋੜੇ ਚੜ੍ਹ ਕੇ ਐਵੇਂ, ਬੱਚਿਆਂ ਵਾਂਗ ਨਾ ਲੜਿਆ ਕਰ। ਅੱਭੜਵਾਹੇ ਉੱਠ ਬਹਿੰਦਾ ਏ, ਨਾ ਤੁਰਿਆ ਕਰ ਸੁਪਨੇ ਵਿਚ, ਟੀਸੀ ਤੇ ਅੱਪੜਨ ਲਈ ਵੀਰਾ, ਪੌੜੀ ਪੌੜੀ ਚੜ੍ਹਿਆ ਕਰ। ਗੁਰਭਜਨ ਗਿੱਲ





ਸਬਰ ਸਿਦਕ ਸੰਤੋਖ ਸਮਰਪਣ, ਸੁਹਜ ਸਲੀਕਾ ਸ਼ਾਮਿਲ ਕਰ ਦੇ । ਮਹਿੰਗੇ ਮੁੱਲ ਦੇ ਮਾਣਕ-ਮੋਤੀ, ਭਰ ਭਰ ਮੁੱਠੀਆਂ ਝੋਲੀ ਭਰ ਦੇ । ਬਹੁਤ ਦਿਨਾਂ ਤੋਂ ਗੱਲ ਨਹੀਂ ਹੋਈ, ਨਬਜ਼ ਖਲੋਤੀ ਹੋਵੇ ਜੀਕਣ, ਮਿੱਟੀ ਦਾ ਬੁੱਤ ਬੋਲਣ ਲਾ ਦੇ, ਮਾਰ ਆਵਾਜ਼ ਜਿਉਂਦਾ ਕਰ ਦੇ। ਗੁਰਭਜਨ ਗਿੱਲ



ਮਾਂ ਧਰਤੀ, ਜਣਨੀ, ਮਾਂ ਬੋਲੀ, ਜਿੱਸਰਾਂ ਆਪਾਂ ਭੁੱਲ ਚੱਲੇ ਆਂ । ਕੱਲ੍ਹ ਦੀ ਛੱਡੋ, ਅੱਜ ਹੀ ਆਪਾਂ ਕੱਖਾਂ ਵਾਂਗਰ ਰੁ਼ਲ ਚੱਲੇ ਆਂ । ਸਿਰ ਸੀ ਭਾਰੀ ਜ਼ੁੰਮੇਵਾਰੀ, ਖਿਸਕਦਿਆਂ ਗੰਢ ਖਿਸਕੀ ਐਸੀ, ਵਿੱਚ ਦਰਿਆ ਦੇ, ਤੂੜ਼ੀ ਦੀ ਪੰਡ ਵਾਂਗ ਭਰਾਓ ਖੁੱਲ੍ਹ ਚੱਲੇ ਆਂ। ਗੁਰਭਜਨ ਗਿੱਲ


ਪਿਆਰ ਮੁਹੱਬਤ ਜਿੱਥੋਂ ਮਿਲਦਾ, ਚੁੱਪ ਕਰਕੇ ਲੈ ਲਈਏ।
ਸਣੇ ਵਿਆਜ ਮੋੜਨਾ ਸਿੱਖੀਏ, ਖਾ ਪੀ ਕੇ ਨਾ ਬਹੀਏ।
ਪਸ਼ੂ,ਪਰਿੰਦੇ, ਕੁੱਲ ਪ੍ਰਕਿਰਤੀ, ਹਰ ਪਲ ਦੇਂਦੀ ਲੈਂਦੀ, ਇਸ
ਥਾਂ ਤੇ ਨਾ ਚੱਲਦੇ ਤੇਰੇ ਖੋਟੇ ਨੋਟ ਰੁਪਈਏ। ਗੁਰਭਜਨ ਗਿੱਲ


ਰੰਗ ਰਾਗ ਤੇ ਸ਼ਬਦ ਮੁਕੰਮਲ ਜ਼ਿੰਦਗੀ ਅੰਦਰ ਰੰਗ ਭਰਦੇ
ਨੇ। ਇਨ੍ਹਾਂ ਤੋਂ ਬਿਨ ਰੂਹ ਦੇ ਪੰਛੀ ਗਗਨ ਉਡਾਰੀ ਕਦ ਭਰਦੇ
ਨੇ। ਪਰ ਸਾਡੀ ਤਾਂ ਧਰਤ ਬਰਾਨੀ ਤੇ ਕਲਰਾਠੀ ਬੀਜ ਨਾ
ਪੁੰਗਰੇ, ਰੋਟੀ ਦੀ ਜੰਗ ਲੜ੍ਹਦਿਆਂ ਏਥੇ ਸੁਪਨ ਕਰੋੜ੍ਹਾਂ ਨਿੱਤ
ਮਰਦੇ ਨੇ। ਗੁਰਭਜਨ ਗਿੱਲ



ਡੋਰ ਨਾ ਬੰਨ੍ਹੀਂ ਕਦੇ ਮੇਰੇ ਪਰਾਂ ਨੂੰ। ਜਾਣ ਦੇਹ ਮੈਂ ਪਾਰ ਕਰਨਾ ਸਾਗਰਾਂ ਨੂੰ। ਪਾਲਤੂ ਤਾਰੀਖ਼ ਨਾ ਹੁੰਦੀ ਕਦੇ ਵੀ, ਕੌਣ ਦੇਵੇ ਸਬਕ ਹੁਣ ਇਹ ਕਾਫ਼ਰਾਂ ਨੂੰ। ਗੁਰਭਜਨ ਗਿੱਲ। ਰੇਖਾਂਕਣ: ਅਸੀਸ ਕੌਰ ਗਿੱਲ



ਦਿਸਦਾ ਨਹੀਂ ਪਰ ਮਹਿਕ ਵਾਂਗੂੰ ਨਾਲ ਨਾਲ ਹੈ । ਮੈਨੂੰ ਵੀ ਓਸ ਸਖ਼ਸ਼ ਦੀ, ਸਦੀਆਂ ਤੋਂ ਭਾਲ ਹੈ । ਜਿੱਤਾਂ ਤਾਂ ਇਹ ਹੈ ਜਿੱਤਦਾ, ਹਾਰਾਂ ਤਾਂ ਹਾਰਦਾ, ਮੇਰਾ ਹਮੇਸ਼ਾਂ ਸਾਹਮਣਾ, ਸ਼ੀਸ਼ੇ ਦੇ ਨਾਲ ਹੈ। ਗੁਰਭਜਨ ਗਿੱਲ



ਘੁੰਮਣਘੇਰ 'ਚ ਘਿਰ ਕੇ ਕਹੀਏ, ਜ਼ਿੰਦਗੀ ਤਾਂ ਜੰਜਾਲ ਜਹੀ ਹੈ। ਸਹਿਜਮਤੇ ਜੇ ਤੁਰੀਏ ਆਪਾਂ ਇਹ ਹੀ ਸਰਲ ਸਵਾਲ ਜਹੀ ਹੈ। ਨਜ਼ਰ, ਨਜ਼ਰੀਆ ਅੱਡਰੀ ਸ਼ੈ ਨੇ, ਸਮਝ ਪਵੇ ਤਾਂ ਮਸਲਾ ਹੱਲ ਹੈ, ਹਰ ਬੰਦੇ ਦੇ ਅੰਦਰ ਕਵਿਤਾ, ਧੜਕਣ ਸੁਰ ਤੇ ਤਾਲ ਜਹੀ ਹੈ। ਗੁਰਭਜਨ ਗਿੱਲ



ਵੇਖ ਲਵੋ ਇਹ ਮੋਮ ਤੇ ਬੱਤੀ, ਜਦ ਕਿਧਰੇ ਵੀ ਰਲ਼ ਕੇ ਜਗਦੇ। ਪਿਘਲੇ ਗੂੜ੍ਹ ਹਨੇਰਾ ਬਿਨਸੇ, ਚਾਨਣ ਦੇ ਦਰਿਆ ਨੇ ਵਗਦੇ। ਸ਼ਬਦ ਗੁਆਚੇ ਅੱਖਰ ਅੱਖਰ, ਨੈਣੀਂ ਜੋਤ ਬਣਨ ਤੇ ਬੋਲਣ, ਅਰਥਾਂ ਤੀਕ ਪੁਚਾਵੀਂ ਸਾਨੂੰ, ਰੱਖ ਸਦਾ ਜੀਵਨ ਵਿੱਚ ਦਗਦੇ। ਗੁਰਭਜਨ ਗਿੱਲ


ਇੱਕੋ ਵਿਹੜੇ ਚੋਗ ਚੁਗਦੀਆਂ ਚਿੜੀਆਂ ਰੰਗ ਬਰੰਗੀਆਂ
ਨੇ। ਸੋਚਦੀਆਂ, ਇੱਕ ਸ਼ਿਕਰੇ ਨੇ ਕਿਉਂ, ਜਾਨਾਂ ਸੂਲੀ
ਟੰਗੀਆਂ ਨੇ। ਅਪਣੇ ਤਨ ਦੀ ਰਾਖੀ ਲਈ ਜੇ ਚੁੰਝਾਂ ਹੀ
ਕੰਮ ਆਈਆਂ ਨਾ, ਫਿਰ ਤਾਂ ਐਸ ਹਯਾਤੀ ਨਾਲੋਂ, ਸੱਜਣੋਂ
ਮੌਤਾਂ ਚੰਗੀਆਂ ਨੇ। ਗੁਰਭਜਨ ਗਿੱਲ



ਮੈਂ ਸਤਰੰਗੀ ਪੀਂਘ ਚੜ੍ਹਾਈ, ਅੰਬਰ ਤੀਕ ਹੁਲਾਰੇ ਮਿਲ ਗਏ । ਰਾਤ ਦੀ ਬੁੱਕਲ ਵਿੱਚੋਂ ਤਾਂਹੀਓਂ, ਕੁਝ ਜੁਗਨੂੰ ਕੁਝ ਤਾਰੇ ਮਿਲ ਗਏ । ਭਟਕਣ ਦਾ ਵੀ ਰੂਪ ਬਦਲਿਆ, ਖ਼ੁਸ਼ਬੂ ਦਾ ਜਦ ਸਾਥ ਮਿਲ ਗਿਆ, ਤੂੰ ਮੈਂ ਮਨ ਦੀ ਧਰਤ ਫ਼ਰੋਲੀ, ਵਿੱਚੋਂ ਯਾਰ ਪਿਆਰੇ ਮਿਲ ਗਏ। ਗੁਰਭਜਨ ਗਿੱਲ



ਕਿਉਂ ਮਾਸੂਮ ਤਿਤਲੀਆਂ ਮਾਰੇਂ ਰੱਖ ਕੇ ਰੂਹ ਤੇ ਪਹਿਰੇਦਾਰੀ। ਦਿਲ ਦੀ ਸੁਣਨਾ, ਦਿਲ ਨੂੰ ਕਹਿਣਾ ਮੈਂ ਤਾਂ ਸਮਝਾਂ ਜ਼ਿੰਮੇਵਾਰੀ। ਹੁਣ ਏਦਾਂ ਮਹਿਸੂਸ ਕਰ ਰਿਹਾਂ,ਐਵੇਂ ਚਿੱਠੀਆਂ ਪਾਈ ਜਾਵਾਂ, ਅੰਦਰੋਂ ਬਾਹਰੋਂ ਜਿਸ ਘਰ ਜੰਦਰੇ, ਓਥੇ ਮੈਂ ਘੰਟੀ ਕਿਉਂ ਮਾਰੀ। ਗੁਰਭਜਨ ਗਿੱਲ


ਹਮਕਦਮ ਹੋਇਆ ਮੈਂ ਕਾਹਦਾ ਦੋ ਕੁ ਪਲ ਖ਼ੁਸ਼ਬੂ ਦੇ
ਨਾਲ। ਉਮਰ ਭਰ ਰਹਿਣੀ ਹੈ ਹੁਣ ਤਾਂ ਨਰਗਸੀ ਫੁੱਲਾਂ ਦੀ
ਭਾਲ। ਸੁਰਖ਼ ਫੁੱਲਾਂ ਨਾਲ ਭਰ ਜਾਏਗੀ ਇਕ ਦਿਨ
ਵੇਖਣਾ, ਮੈਂ ਹੁਣੇ ਜੋ ਲਾ ਕੇ ਹਟਿਆਂ ਸੁਪਨਿਆਂ ਦੀ ਸਬਜ਼
ਡਾਲ। ਗੁਰਭਜਨ ਗਿੱਲ




ਜ਼ਿੰਦਗੀ ਨਾ ਰੰਗਾਂ ਦੀ ਗ਼ੁਲਾਮ ਮੇਰੇ ਸਿੱਤਰਾ ਓ, ਜ਼ਿੰਦਗੀ ਨਾ ਰੰਗਾਂ ਦੀ ਗ਼ੁਲਾਮ । ਕਿਸੇ ਨੂੰ ਸਵੇਰ ਪਹਿਰ ਨੇਰ੍ਹ ਚੰਗਾ ਲੱਗਦਾ ਏ, ਕਿਸੇ ਨੂੰ ਸੰਧੂਰੀ ਹੋਈ ਸ਼ਾਮ । ਕੱਚਿਆਂ ਬਨੇਰਿਆਂ ਨੂੰ ਪੋਚ ਪੋਚ ਰੱਖਦੇ ਹਾਂ, ਜਿਥੇ ਬਹਿੰਦੇ ਘੁੱਗੀਆਂ ਤੇ ਮੋਰ, ਪੱਕਿਆਂ ਮਕਾਨਾਂ ਵਾਲੇ ਕੱਚ ਟੋਟੇ ਗੱਡਦੇ ਨੇ, ਪੰਛੀ ਨਾ ਕਰਨ ਆਰਾਮ। ਗੁਰਭਜਨ ਗਿੱਲ


ਕਿੰਨੇ ਫੁੱਲ ਜ਼ਮੀਨ ਤੇ ਕਿਰ ਗਏ, ਬਿਰਖ਼ ਕਦੇ ਪਛਤਾਉਂਦਾ ਨਹੀਂਓਂ। ਮਾਂ ਦੇ ਕੋਲੋਂ ਲੈਂਦਾ ਦੇਂਦਾ,ਤਾਂ ਹੀ ਤਾਂ ਘਬਰਾਉਂਦਾ ਨਹੀਂਓਂ। ਹਰ ਮੌਸਮ ਵਿੱਚ ਨਵੇਂ ਸ਼ਗੂ਼ਫ਼ੇ, ਪੱਤਰ, ਫੁੱਲ , ਫ਼ਲਾਂ ਦੇ ਗੁੱਛੇ, ਸਰਲ ਸਬਕ ਕਿਓਂ ਤੈਨੂੰ ਮੈਨੂੰ, ਸਮਝ ਕਦੇ ਵੀ ਆਉਂਦਾ ਨਹੀਂਓਂ। ਗੁਰਭਜਨ ਗਿੱਲ



ਉਹ ਤਾਂ ਕੇਵਲ ਚੋਲ਼ਾ ਬਦਲੇ, ਕੌਣ ਕਹੇ ਮਾਂ ਮਰ ਜਾਂਦੀ ਹੈ। ਪੁੱਤਰ ਧੀਆਂ ਅੰਦਰ ਉਹ ਤਾਂ, ਆਪਣਾ ਸਭ ਕੁਝ ਧਰ ਜਾਂਦੀ ਹੈ। ਮਹਿਕ ਸਦੀਵੀ, ਮੋਹ ਦੀਆਂ ਤੰਦਾਂ, ਮਮਤਾ ਮੂਰਤ ਰੂਪ ਬਦਲਦੀ, ਕਿੰਨੇ ਮਹਿੰਗੇ ਅਸਲ ਖ਼ਜ਼ਾਨੇ, ਦੇ ਕੇ ਝੋਲੀ ਭਰ ਜਾਂਦੀ ਹੈ। ਗੁਰਭਜਨ ਗਿੱਲ



ਜਦ ਵੀ ਤੱਕਿਆ ਤੇ ਇੰਜ ਲੱਗਿਆ ਮੇਰੇ ਚਾਰ ਚੁਫ਼ੇਰੇ ਖ਼ੁਸ਼ਬੂ। ਜਾਗਦਿਆਂ ਤੇ ਸੁੱਤਿਆਂ ਖ਼ੁਸ਼ਬੂ, ਮਹਿਕੇ ਸ਼ਾਮ ਸਵੇਰੇ ਖ਼ੁਸ਼ਬੂ। ਹੱਸੇ ਲੱਗਦਾ ਫੁੱਲ ਕਿਰਦੇ ਨੇ, ਸਾਰੀ ਧਰਤੀ ਭਰ ਚੱਲੀ ਹੈ, ਕੋਸੀ ਧੁੱਪ ਸਿਆਲ ਦੀ ਜਿੱਸਰਾਂ, ਚੜ੍ਹ ਕੇ ਖੜ੍ਹੀ ਬਨੇਰੇ ਖ਼ੁਸ਼ਬੂ। ਗੁਰਭਜਨ ਗਿੱਲ




ਦੂਰ ਦੇਸ ਪਰਦੇਸੋਂ ਹੁਣ ਤੂੰ, ਸੱਜਰੀ ਜਹੀ ਮੁਸਕਾਨ ਭੇਜ ਦੇ। ਦਿਲ ਦੀ ਧੜਕਣ ਖ਼ਾਤਰ ਹੁਣ ਤੂੰ, ਕੁਝ ਤੇ ਮੇਰੀ ਜਾਨ ਭੇਜ ਦੇ। ਸੁੱਤਿਆਂ ਲੰਮੀ ਰਾਤ ਨਾ ਲੰਘਦੀ, ਨਾਗਣ ਵਾਂਗੂੰ ਰਹਿੰਦੀ ਡੰਗਦੀ, ਸੂਰਜ ਵਰਗਾ ਸੂਹਾ ਸੁਪਨਾ, ਇੱਕ ਅੱਧ ਤੇ ਮਹਿਮਾਨ ਭੇਜ ਦੇ। ਗੁਰਭਜਨ ਗਿੱਲ


ਏਸ ਤਰ੍ਹਾਂ ਹੀ ਹਰ ਘਰ ਟਹਿਕਣ ਫੁੱਲ ਪੱਤੀਆਂ
ਖ਼ੁਸ਼ਬੋਈਆਂ। ਮੱਥੇ ਦੇ ਵਿੱਚ ਸੋਚਾਂ ਪੁੰਗਰਨ ,ਨਵੀਆਂ
ਸਦਾ ਨਰੋਈਆਂ। ਧਰਤ ,ਧਰੇਕਾਂ ,ਧੀਆਂ ਤਿੰਨੇ, ਪੌਣਾਂ
ਕਰਨ ਪਵਿੱਤਰ , ਜੋ ਕੌਮਾਂ ਨਾ ਸਾਂਭਣ ਪੂੰਜੀ, ਉਹ
ਮੋਈਆਂ ਕਿ ਮੋਈਆਂ। ਗੁਰਭਜਨ ਗਿੱਲ



ਦਿਲ ਚੰਦਰੇ ਨੂੰ ਬੰਨ੍ਹ ਦਿੱਤਾ ਹੈ,ਹੁਣ ਰੱਸੀਆਂ ਵਿੱਚ ਕੱਸ ਕੇ।
ਬਹੁਤ ਆਵਾਰਾ ਫਿਰਦਾ ਸੀ ਇਹ, ਤੁਰ ਜਾਂਦਾ ਸੀ ਨੱਸ ਕੇ।
ਕਈ ਵਾਰੀ ਸਮਝਾਇਆ ਇਸ ਨੂੰ,ਨਾ ਕਰ ਬੀਬਾ ਅੜੀਆਂ, ਪਰਤਣ ਪੰਛੀ ਨਾ ਪਰਦੇਸੀ, ਤੁਰ ਜਾਂਦੇ ਜੋ ਹੱਸ ਕੇ। ਗੁਰਭਜਨ ਗਿੱਲ



ਰੰਗ ਤੇ ਖ਼ੁਸ਼ਬੂ ਦਾ ਰਿਸ਼ਤਾ, ਜਿਸ ਤਰ੍ਹਾਂ ਫੁੱਲਾਂ ਦੇ ਨਾਲ। ਮੈਂ ਬਰਾਬਰ ਤੁਰ ਰਿਹਾ ਹਾਂ, ਵੇਖ, ਤੇਰੇ ਨਾਲ ਨਾਲ। ਹੱਦ ਨਾ ਸਰਹੱਦ ਰੋਕੇ, ਮਹਿਕ -ਬੁੱਲਾ ਜਿਸਮਹੀਣ, ਨਾ ਕਰੇ ਮਹਿਸੂਸ ਮੈਨੂੰ, ਹੈ ਭਲਾ ਕਿਸ ਦੀ ਮਜ਼ਾਲ। ਗੁਰਭਜਨ ਗਿੱਲ



ਇੱਕ ਦੂਜੇ ਦੇ ਸਾਹੀਂ ਹਾਜ਼ਰ, ਜਿਵੇਂ ਮੁਹੱਬਤ ਸਿਰ ਚੜ੍ਹ ਬੋਲੇ। ਰੰਗਾਂ ਨੂੰ ਖ਼ੁਸ਼ਬੋਈ ਜੀਕੂੰ, ਮਾਣੇ ਪਰ,ਮੂੰਹੋਂ ਨਾ ਬੋਲੇ। ਮਾਲਾ ਅੰਦਰ ਤੰਦ ਸਬੂਤੀ ਰੱਖਣਾ ਬਹੁਤ ਜ਼ਰੂਰੀ ਮਿੱਤਰੋ, ਖਿੱਲਰ ਹੀ ਨਾ ਜਾਵਣ ਮਣਕੇ ਵੇਖਿਉ ਇਹ ਵਿਸ਼ਵਾਸ ਨਾ ਡੋਲੇ। ਗੁਰਭਜਨ ਗਿੱਲ


ਜ਼ਿੰਦਗੀ 'ਚ ਕਦੇ ਬੀਬਾ ਏਸਰਾਂ ਨਹੀਂ ਕਰੀਦਾ । ਬੁਰਿਆਂ ਦੀ ਬਾਤ ਦਾ ਹੁੰਗਾਰਾ ਵੀ ਨਹੀਂ ਭਰੀਦਾ । ਬਹਿਣ ਤੇ ਖਲੋਣ ਵੇਲੇ ਇੱਕੋ ਗੱਲ ਜਾਣ ਲੈ, ਸੱਚ ਪੱਲੇ ਹੋਵੇ, ਕੱਲ੍ਹੇ ਹੋਣ ਤੋਂ ਨਹੀਂ ਡਰੀਦਾ ।ਗੁਰਭਜਨ ਗਿੱਲ



ਭਟਕਦਿਆਂ ਦਾ ਸਫ਼ਰ ਕਦੇ ਵੀ ਬਣਦਾ ਨਾ ਇਤਿਹਾਸ ਦੇ ਵਰਕੇ। ਹਰ ਇੱਕ ਬੀਜ ਬਿਰਖ਼ ਨਹੀਂ ਬਣਦਾ ਕਹਿਣ ਸਿਆਣੇ ਏਸੇ ਕਰਕੇ। ਸਹਿਜ ਸਮਰਪਣ ਸੋਚ ਸਿਦਕ ਤੇ ਸੱਚਾ ਮਾਰਗ ਜਿੱਤ ਦੀ ਪੌੜੀ, ਮੰਜ਼ਿਲ ਦਾ ਸਿਰਨਾਵਾਂ ਲੈ ਕੇ ਤੁਰ ਪਈਏ ਜੇ ਨਿਸ਼ਚਾ ਕਰਕੇ। ਗੁਰਭਜਨ ਗਿੱਲ




ਕੌਮੀ ਅਧਿਆਪਕ ਦਿਵਸ ਮੁਬਾਰਕ। ਪਰ ਇਹ ਨਾ ਵਿਸਾਰਨਾ ਕਿ ਵਿਰਸੇ ਤੋਂ ਵਰਤਮਾਨ ਅਤੇ ਵਰਤਮਾਨ ਤੋਂ ਭਵਿੱਖ ਦੀ ਸੋਝੀ ਦੇਣ ਵਾਲੇ ਹੀ ਸਿਰਫ਼ ਅਧਿਆਪਕ ਹੁੰਦੇ ਹਨ,ਬਾਕੀ ਸਭ ਬਿਨਾ ਧਾਗੇ ਤੋਂ ਮੋਮਬੱਤੀਆਂ, ਜੋ ਪਿਘਲ ਤੇ ਅਉਧ ਤਾਂ ਹੰਢਾ ਲੈਂਦੀਆਂ ਹਨ ਪਰ ਚਾਨਣ ਨਹੀਂ ਕਰਦੀਆਂ। ਮੈਂ ਅੱਜ ਤੀਕ ਦੇ ਸਭ ਗਿਆਨਵੰਤ ਅਧਿਆਪਕਾਂ ਨੂੰ ਸਿਰ ਝੁਕਾਉਂਦਾ ਹਾਂ। ਗੁਰਭਜਨ ਗਿੱਲ


ਵੱਸਦੇ ਪਿੰਡ ਉਜਾੜ ਕੇ, ਪੱਥਰ ਸ਼ਹਿਰ ਉਸਾਰਿਆ।
ਚੰਡੀਗੜ੍ਹ ਹੁਣ ਆਖਦੇ ਤੈਨੂੰ ਲਮਕੇ ਲਾਰਿਆ। ਮੰਗਿਆ
ਤਾਂ ਸੀ ਮੇਘਲਾ, ਮਾਂ ਬੋਲੀ ਦੇ ਵਾਸਤੇ, ਤੂੰ ਤੇ ਔੜਾਂ
ਬਖ਼ਸ਼ੀਆਂ, ਹਾਕਮ ਬੇਇਤਬਾਰਿਆ। ਗੁਰਭਜਨ ਗਿੱਲ


ਰੰਗ ਤੇ ਖ਼ੁਸ਼ਬੂ ਦਾ ਰਿਸ਼ਤਾ, ਜਿਸ ਤਰ੍ਹਾਂ ਫੁੱਲਾਂ ਦੇ ਨਾਲ। ਮੈਂ ਬਰਾਬਰ ਤੁਰ ਰਿਹਾ ਹਾਂ, ਵੇਖ, ਤੇਰੇ ਨਾਲ ਨਾਲ। ਹੱਦ ਨਾ ਸਰਹੱਦ ਰੋਕੇ, ਮਹਿਕ -ਬੁੱਲਾ ਜਿਸਮਹੀਣ, ਨਾ ਕਰੇ ਮਹਿਸੂਸ ਮੈਨੂੰ, ਹੈ ਭਲਾ ਕਿਸ ਦੀ ਮਜ਼ਾਲ। ਗੁਰਭਜਨ ਗਿੱਲ



ਰੂਹ ਦੀ ਤਾਰ ਹਿਲਾ ਮੇਰੀ ਜਿੰਦੀਏ, ਧਰਤੀ ਗਾਵਣ ਲਾ।
ਬ੍ਰਹਿਮੰਡ ਨੂੰ ਚੁੱਪ ਖਾ ਨਾ ਜਾਵੇ, ਸਰਗਮ ਕੰਠ ਛੁਹਾ।
ਆਪੋ ਆਪਣਾ ਹਿੱਸਾ ਪਾਈਏ, ਸ਼ਬਦ, ਧੁਨਾਂ ਰੰਗ ਸਾਰੇ,
ਇਹ ਵੇਲਾ ਜੇ ਖੁੰਝ ਗਿਆ ਤਾਂ, ਰਹਿ ਜਾਣਾ ਪਛਤਾਅ।
ਗੁਰਭਜਨ ਗਿੱਲ



ਉਹ ਹਿੱਕੜੀ ਵੀ ਕਾਹਦੀ ਹਿੱਕੜੀ, ਜਿਸ ਵਿੱਚ ਲੱਗਿਆ ਤੀਰ ਨਹੀਂ ਹੈ। ਉਹ ਅੱਖ ਭਲਿਉ ਪੱਥਰ ਡੇਲਾ, ਜਿਸ 'ਚੋਂ ਵਹਿੰਦਾ ਨੀਰ ਨਹੀਂ ਹੈ। ਦਰਦਾਂ ਦੇ ਦਰਿਆ ਦੇ ਕੰਢੇ, ਬੈਠ ਰਿਹਾਂ ਏਂ ਅਣਭਿੱਜਿਆ ਹੀ, ਆਪਣਾ ਰੋਗ ਪਛਾਣ ਜੇ ਤੇਰਾ ਹੁਣ ਵੀ ਦਿਲ ਦਿਲਗੀਰ ਨਹੀਂ ਹੈ। ਗੁਰਭਜਨ ਗਿੱਲ


ਤਨ-ਮਨ ਕਵਿਤਾ ਹੋਇਆ, ਪਿਘਲ ਗਿਆ ਸਾਰੇ ਦਾ ਸਾਰਾ। ਵਕਤ -ਵੇਲਣੇ ਵਿੱਚੋਂ ਲੰਘ ਕੇ, ਵਹੇ ਨਿਰੰਤਰ ਸਿਰਜਣਹਾਰਾ। ਏਸ ਜਨਮ ਦੇ ਹਰ ਇੱਕ ਪਲ ਨੂੰ, ਖ਼ਰਚਿਆ ਆਪਾਂ ਸ਼ਬਦਾਂ ਖ਼ਾਤਰ, ਇਸ ਧਰਤੀ ਦੀ ਕਹਿਣ ਵਾਰਤਾ, ਕਿਹੜਾ ਆਉਣਾ ਫੇਰ ਦੁਬਾਰਾ।
ਗੁਰਭਜਨ ਗਿੱਲ



ਧਰਤੀ ਦੀ ਹੈ ਅਸਲੀ ਤਾਕਤ ਰੰਗ ਬਰੰਗੇ ਫੁੱਲ ਤੇ ਪੱਤੀਆਂ। ਭਰੇ ਗਲੋਟੇ ਸਾਡੀ ਖ਼ਾਤਰ, ਮਾਂ ਨੇ ਕਿੰਨੀਆਂ ਕਿਰਨਾਂ ਕੱਤੀਆਂ। ਕੰਕਰੀਟ ਦੀ ਕਰੇਂ ਗੁਲਾਮੀ, ਬੇਕਦਰਾ ਤੂੰ ਰੂਹੋਂ ਕੈਦੀ, ਚੰਦਰਮਾ ਤੇ ਸੂਰਜ ਤਾਰੇ, ਵੇਖ ਲਿਆ ਕਰ ਅੰਬਰੋਂ ਬੱਤੀਆਂ। ਗੁਰਭਜਨ ਗਿੱਲ




ਫੁੱਲ ਨਹੀਂ, ਖ਼ੁਸ਼ਬੋਈ ਭਿੱਜਿਆ, ਹੁਣ ਹੀ ਤੇਰਾ ਖ਼ਤ ਮਿਲਿਆ ਹੈ। ਸਿਰਫ਼ ਜਿਸਮ ਨਾ, ਧੁਰ ਅੰਦਰ ਤੱਕ ਲੂੰ ਲੂੰ ਜਿੱਸਰਾਂ ਮਹਿਕ ਗਿਆ ਹੈ। ਏਸ ਤਰਜ਼ ਦੀ ਕਰੇਂ ਗੁਫ਼ਤਗੂ, ਨਿਰਸ਼ਬਦੀ ਪਰ ਸਭ ਕੁਝ ਆਖੇਂ, ਖਿੜਿਆਂ ਰਹਿ ਕੇ ਖੇੜਾ ਵੰਡੀਏ, ਫ਼ੁੱਲਾਂ ਤੋਂ ਮੈਂ ਸਮਝ ਲਿਆ ਹੈ।

ਗੁਰਭਜਨ ਗਿੱਲ



ਨੇਤਰਹੀਣਾਂ ਦੀ ਬਸਤੀ ਵਿੱਚ ਅੰਨ੍ਹਿਆਂ ਵਾਂਗ ਪਵੇਗਾ ਰਹਿਣਾ। ਆਪਣੀ ਜਗਦੀ ਜੋਤ ਕਦੇ ਵੀ ਇਸ ਨਗਰੀ ਵਿੱਚ ਦੱਸ ਨਾ ਬਹਿਣਾ। ਦੋਵੇਂ ਅੱਖਾਂ ਨੋਚ ਲੈਣਗੇ, 'ਨੇਤ੍ਰ ਨਗਰ ਦੇ ਚੌਪਟ ਰਾਜੇ, ਸਾਵਧਾਨ ਜੀ! ਅੱਖੀਆਂ ਵਾਲਿਉ, ਮੈਨੂੰ ਫਿਰ ਮਗਰੋਂ ਨਾ ਕਹਿਣਾ। ਗੁਰਭਜਨ ਗਿੱਲ



ਅਸਲ ਕਲਾ ਤਾਂ ਇਹ ਹੈ ਮਿੱਤਰੋ ਅੱਖਾਂ ਚੋਂ ਅਣਲਿਖਿਆ ਪੜ੍ਹੀਏ। ਜਿਉਂ ਫੁੱਲਾਂ ਵਿੱਚ ਰੰਗ ਖੁਸ਼ਬੋਈ, ਇੱਕ ਦੂਜੇ ਦੇ ਸਾਹੀਂ ਵੜੀਏ। ਏਸ ਕਲਾ ਦੇ ਜਾਨਣਹਾਰੇ ਵਿਰਲੇ ਨੇਤਰ ਧਰਤੀ ਉੱਤੇ, ਦਿਲ ਮੁੰਦਰੀ ਵਿੱਚ ਮੋਹ ਦੇ ਨਗ ਨੂੰ ਨਾਮ ਧਰੇ ਬਿਨ ਥਾਂ ਸਿਰ ਜੜੀਏ।ਗੁਰਭਜਨ ਗਿੱਲ



ਮਾਣਕ ਮੋਤੀ ਤੇਰੇ ਅੰਦਰ, ਹਿੰਮਤ ਕਰਕੇ ਲੱਭ ਲੈ ਯਾਰਾ।
ਜੇਕਰ ਵੇਲ਼ਾ ਖੁੰਝ ਗਿਆ ਤਾਂ, ਹੱਡਾਂ ਵਿੱਚ ਬਹਿ ਜਾਊ ਪਾਰਾ। ਜ਼ਿੰਦਗੀ ਹੈ ਰੰਗਾਂ ਦਾ ਮੇਲਾ, ਦੁਖ ਸੁਖ ਦੋਵੇਂ ਘੁੰਮਦੇ ਪਹੀਏ,ਹਰ ਵੇਲ਼ੇ ਪਛਤਾਇਆ ਨਾ ਕਰ, ਮਿਲਣਾ ਨਾ ਇਹ ਜਨਮ ਦੁਬਾਰਾ। ਗੁਰਭਜਨ ਗਿੱਲ



ਅਸਲ ਦੋਸਤੀ ਕਿਸ ਨੂੰ ਕਹਿੰਦੇ, ਪੁੱਛਿਆ ਹੈ ਤੂੰ ਯਾਰਾ।
ਇਸ ਦੀ ਪਰਖ਼ ਆਸਾਨ ਬੜੀ ਹੈ ਕੰਮ ਨਾ ਬਹੁਤਾ ਭਾਰਾ।
ਜਦ ਪਰਛਾਵਾਂ ਸਾਥ ਤੁਰੇ ਨਾ ਸੁਖ ਦੇ ਸੰਗੀ ਭੱਜਣ, ਸੱਜਣ
ਓਹੀ ਜੋ ਬਿਨ ਆਖਿਆਂ ਬਣਦੇ ਆਣ ਸਹਾਰਾ।
ਗੁਰਭਜਨ ਗਿੱਲ



ਜੜ੍ਹਾਂ ਸਲਾਮਤ ਨੇ ਜਦ ਤੀਕਰ, ਖਿੜਨੋਂ ਕੌਣ ਹਟਾ ਸਕਦਾ ਹੈ? ਆਜੜੀਆਂ ਦਾ ਵੱਗ ਤਾਂ ਸਾਡੇ, ਤਨ ਤੋਂ ਪੱਤੇ ਖਾ ਸਕਦਾ ਹੈ। ਬੋਟੀ ਦੇ ਲਾਲਚ ਦੇ ਪਿੱਛੇ, ਹਿਰਨਾਂ ਮਗਰ ਸ਼ਿਕਾਰੀ ਪੈ ਗਏ, ਇੱਕ ਨੇ ਜਾਨ ਬਚਾਉਣੀ, ਦੂਜਾ ਨੋਚ ਨੋਚ ਕੇ ਖਾ ਸਕਦਾ ਹੈ। ਗੁਰਭਜਨ ਗਿੱਲ



ਖਿੜਨਾ ਚਾਹਾਂ ਸਿਖ਼ਰ ਦੁਪਹਿਰੇ ਇੱਕ ਮੁਸਕਾਨ ਪਿਆਰੀ ਦੇ ਦੇ। ਕੁਝ ਪਲ ਮੇਰੇ ਸਾਹੀਂ ਰਮ ਜਾ, ਰੰਗਾਂ ਭਰੀ ਪਟਾਰੀ ਦੇ ਦੇ, ਇਹ ਇਕਰਾਰ ਤੇਰਾ ਤੇ ਮੇਰਾ, ਕਣ ਕਣ ਮਹਿਕਾਂ ਵੰਡ ਦਿਆਂਗਾ, ਕੁੱਲ ਧਰਤੀ ਤੇ ਫ਼ੈਲਣ ਦੇ ਲਈ ਪੌਣਾਂ ਦੀ ਅਸਵਾਰੀ ਦੇ ਦੇ। ਗੁਰਭਜਨ ਗਿੱਲ



ਜੇਕਰ ਬਿਜਲੀ-ਘਰ ਦੇ ਨੇੜੇ ਰੌਸ਼ਨ ਚਾਰ ਚੁਫ਼ੇਰਾ ਹੈ।
ਇਹਦਾ ਮਤਲਬ ਇਹ ਤਾਂ ਨਹੀਂ ਕਿ ਹੋਇਆ ਸੋਨ-ਸਵੇਰਾ ਹੈ। ਚੰਡੀਗੜ੍ਹ ਦੇ ਜੰਡ ਕਰੀਰਾਂ ਸੜਕਾਂ ਕੋਲ ਤਾਂ ਹੈ ਚਾਨਣ,
ਸਾਡੇ ਪਿੰਡ ਦੇ ਅੰਦਰ ਬਾਹਰ ਕਾਲਾ ਘੁੱਪ ਹਨੇਰਾ ਹੈ।
ਗੁਰਭਜਨ ਗਿੱਲ



ਮੈਂ ਸਤਰੰਗੀ ਪੀਂਘ ਚੜ੍ਹਾਈ, ਅੰਬਰ ਤੀਕ ਹੁਲਾਰੇ ਮਿਲ ਗਏ । ਰਾਤ ਦੀ ਬੁੱਕਲ ਵਿੱਚੋਂ ਤਾਂਹੀਂਓਂ, ਕੁਝ ਜੁਗਨੂੰ ਕੁਝ ਤਾਰੇ ਮਿਲ ਗਏ । ਭਟਕਣ ਦਾ ਵੀ ਰੂਪ ਬਦਲਿਆ, ਖ਼ੁਸ਼ਬੂ ਦਾ ਜਦ ਸਾਥ ਮਿਲ ਗਿਆ, ਤੂੰ ਮੈਂ ਮਨ ਦੀ ਧਰਤ ਫ਼ਰੋਲੀ, ਵਿੱਚੋਂ ਯਾਰ ਪਿਆਰੇ ਮਿਲ ਗਏ। ਗੁਰਭਜਨ ਗਿੱਲ



ਰਾਹ ਕੰਡਿਆਲੇ ਮੱਲਣ ਦਾ ਫ਼ਲ, ਦਰਦ ਪਿਆਲੇ ਭਰ ਜਾਂਦੇ ਨੇ। ਦਰਦ ਪਿਆਲੇ ਮੱਥਿਆਂ ਅੰਦਰ ਸਬਕ ਸਦੀਵੀ ਧਰ ਜਾਂਦੇ ਨੇ। ਸਬਕ-ਸਦੀਵੀ ਕਦਮ ਕਦਮ ਤੇ ਹਿੰਮਤ ਬਣ ਅਗਵਾਈ ਕਰਦੇ, ਹਿੰਮਤੀ ਬੰਦੇ ਕਿਸ ਤੋਂ ਰੁਕਦੇ,ਹਰ ਮੰਜ਼ਿਲ ਨੂੰ ਵਰ ਜਾਂਦੇ ਨੇ। ਗੁਰਭਜਨ ਗਿੱਲ


ਤੁਰ ਪਉ ਮਿੱਤਰਾ, ਹਿੰਮਤ ਕਰਕੇ, ਤੈਨੂੰ ਸਫ਼ਰ ਉਡੀਕ
ਰਿਹਾ ਹੈ। ਢੇਰੀ ਢਾਹੁਣਾ ਮੌਤ ਬਰਾਬਰ, ਵਕਤ ਚਿਰੋਕਣਾ
ਚੀਕ ਰਿਹਾ ਹੈ। ਰਾਹ ਵਿੱਚ ਬਿਰਖ਼ ਇਕੱਲਾ ਤਣਿਆ,
ਝੱਖੜ ਤੋਂ ਇਹ ਨਾ ਘਬਰਾਵੇ , ਵਕਤ ਦੇ ਕੋਰੇ ਸਫ਼ਿਆਂ
ਉੱਤੇ, ਕਿੰਨੇ ਸਬਕ ਉਲੀਕ ਰਿਹਾ ਹੈ। ਗੁਰਭਜਨ ਗਿੱਲ


ਆ ਜਾ ਮਿਲੀਏ ਇੱਕ ਦੂਜੇ ਨੂੰ, ਵਿੱਛੜਿਆਂ ਨੂੰ ਜੁੱਗੜੇ ਬੀਤੇ। ਵਕਤ ਬੜੀ ਬੇਰਹਿਮੀ ਵਰਤੀ, ਸਾਡੇ ਦੋਹਾਂ ਦੇ ਬੁੱਲ੍ਹ ਸੀਤੇ। ਧਰਤੀ ਤੋਂਰ ਤਰੀਕਾ ਦੱਸਿਆ, ਚੁੱਪ ਨਾ ਬੈਠੋ, ਫੁੱਲ ਬਣ ਜਾਉ, ਸਾਰੇ ਕੌਲ ਨਿਭਾਈਏ ਆਪਾਂ, ਪਿਲਕਣ ਛਾਵੇਂ ਜੋ ਸੀ ਕੀਤੇ। ਗੁਰਭਜਨ ਗਿੱਲ



ਨੇ । ਪੱਖੀ ਨੂੰ ਜਦ ਝਾਲਰ ਲਾਵਾਂ,ਫਿਰ ਪੌਣਾਂ ਨਗਮੇ ਗੌਂਦੀਆ ਨੇ । ਕਦੇ ਸੂਰਜ ਚੰਨ ਤੇ ਤਾਰਿਆਂ ਵਿੱਚ, ਜਿੰਦ ਲੱਭਦੀ ਤੈਨੂੰ ਸਾਰਿਆਂ ਵਿੱਚ, ਮੁੜਿਆ ਕਰ ਅੰਬਰਾਂ ਵਾਲੜਿਆ, ਜਦ ਕੂੰਜੜੀਆਂ ਕੁਰਲੌਂਦੀਆਂ ਨੇ। ਗੁਰਭਜਨ ਗਿੱਲ



ਕਿਉਂ ਮਾਸੂਮ ਤਿਤਲੀਆਂ ਮਾਰੇਂ ਰੱਖ ਕੇ ਰੂਹ ਤੇ ਪਹਿਰੇਦਾਰੀ। ਦਿਲ ਦੀ ਸੁਣਨਾ, ਦਿਲ ਨੂੰ ਕਹਿਣਾ ਮੈਂ ਤਾਂ ਸਮਝਾਂ ਜ਼ਿੰਮੇਵਾਰੀ। ਹੁਣ ਏਦਾਂ ਮਹਿਸੂਸ ਕਰ ਰਿਹਾਂ,ਐਵੇਂ ਚਿੱਠੀਆਂ ਪਾਈ ਜਾਵਾਂ, ਅੰਦਰੋਂ ਬਾਹਰੋਂ ਜਿਸ ਘਰ ਜੰਦਰੇ, ਓਥੇ ਮੈਂ ਘੰਟੀ ਕਿਉਂ ਮਾਰੀ। ਗੁਰਭਜਨ ਗਿੱਲ



ਖਿੜਨਾ ਚਾਹਾਂ ਸਿਖ਼ਰ ਦੁਪਹਿਰੇ ਇੱਕ ਮੁਸਕਾਨ ਪਿਆਰੀ ਦੇ ਦੇ। ਕੁਝ ਪਲ ਮੇਰੇ ਸਾਹੀਂ ਰਮ ਜਾ, ਰੰਗਾਂ ਭਰੀ ਪਟਾਰੀ ਦੇ ਦੇ, ਇਹ ਇਕਰਾਰ ਤੇਰਾ ਤੇ ਮੇਰਾ, ਕਣ ਕਣ ਮਹਿਕਾਂ ਵੰਡ ਦਿਆਂਗਾ, ਕੁੱਲ ਧਰਤੀ ਤੇ ਫ਼ੈਲਣ ਦੇ ਲਈ ਪੌਣਾਂ ਦੀ ਅਸਵਾਰੀ ਦੇ ਦੇ। ਗੁਰਭਜਨ ਗਿੱਲ


ਬੀਜ ਬਣੇ ਹਰਿਆਲਾ ਬੂਟਾ, ਖਿੜਦੇ ਨੇ ਫੁੱਲ ਵੰਨ ਸੁਵੰਨੇ।
ਕੁਦਰਤ ਪੈਰੀਂ ਪਾ ਕੇ ਝਾਂਜਰ, ਛਣਕਾਉਂਦੀ ਜਿਉਂ ਬੰਨੇ
ਚੰਨੇ। ਮਨ ਮਸਤਕ ਵਿੱਚ ਸਰਗਮ ਛਿੜਦੀ, ਧੁਰ ਅੰਦਰ
ਤੱਕ ਬਿਜਲੀ ਚਮਕੇ, ਇਸ ਪੁਸਤਕ ਦਾ ਪਾਠ ਅਲੱਗ ਹੈ,
ਵਿਸਮਾਦੀ ਨੇ ਸਾਰੇ ਪੰਨੇ। ਗੁਰਭਜਨ ਗਿੱਲ



ਜੜ੍ਹਾਂ ਸਲਾਮਤ ਨੇ ਜਦ ਤੀਕਰ, ਖਿੜਨੋਂ ਕੌਣ ਹਟਾ ਸਕਦਾ ਹੈ? ਆਜੜੀਆਂ ਦਾ ਵੱਗ ਤਾਂ ਸਾਡੇ, ਤਨ ਤੋਂ ਪੱਤੇ ਖਾ ਸਕਦਾ ਹੈ। ਬੋਟੀ ਦੇ ਲਾਲਚ ਦੇ ਪਿੱਛੇ, ਹਿਰਨਾਂ ਮਗਰ ਸ਼ਿਕਾਰੀ ਪੈ ਗਏ, ਇੱਕ ਨੇ ਜਾਨ ਬਚਾਉਣੀ, ਦੂਜਾ ਨੋਚ ਨੋਚ ਕੇ ਖਾ ਸਕਦਾ ਹੈ।ਗੁਰਭਜਨ ਗਿੱਲ


ਅੱਖਾਂ ਖੋਲ੍ਹ ਤੂੰ ਵੇਖ ਪਿਆਰੇ ਲੱਗਿਆ ਹੈ ਰੰਗਾਂ ਦਾ ਮੇਲਾ।
ਫੁੱਲਾਂ ਨਾਲ ਗੁ਼ਫ਼ਤਗੂ ਕਰਕੇ, ਹੋ ਜਾਂਦਾ ਏ ਜਨਮ ਸੁਹੇਲਾ।
ਦਿਲ ਦੀ ਖਿੜਕੀ ਖੋਲ੍ਹ ਸੋਹਣਿਆਂ, ਸੱਜਰੀ ਹਵਾ ਜ਼ਰੂਰੀ
ਇਸਨੂੰ, ਅੱਜ ਨੂੰ ਅੱਜ ਹੀ ਮਾਣ ਲਿਆ ਕਰ,ਕੱਲ੍ਹ ਦਾ ਤਾਂ
ਹੈ ਨਾਮ ਕੁਵੇਲਾ। ਗੁਰਭਜਨ ਗਿੱਲ




ਫੁੱਲਾਂ ਵਿੱਚ ਖ਼ੁਸ਼ਬੋ ਵੀ ਤੂੰ ਹੈਂ, ਮੈਂ ਤੈਨੂੰ ਪਹਿਚਾਣ ਲਿਆ ਹੈ।
ਤੇਰਾ ਇਹ ਅੰਦਾਜ਼ ਪਿਆਰਾ, ਪਹਿਲਾਂ ਨਹੀਂ, ਹੁਣ ਜਾਣ
ਲਿਆ ਹੈ। ਇਹ ਸਾਹਾਂ ਵਿਚਕਾਰ ਦਾ ਰਿਸ਼ਤਾ ਵਿਰਲੇ
ਜੀਅ ਨੂੰ ਮਿਲਦਾ ਏਥੇ, ਤੂੰ ਤੇ ਅੱਜ ਤੱਕ ਦੱਸਿਆ ਨਹੀਂ
ਸੀ, ਵੇਖ ਮੈਂ ਕਿੱਦਾਂ ਮਾਣ ਲਿਆ ਹੈ। ਗੁਰਭਜਨ ਗਿੱਲ



ਚਾਰ ਚੁ਼ਫੇਰ ਹਨ੍ਹੇਰਾ ਗੂੜ੍ਹਾ, ਮੇਰੇ ਚੰਨ ਦੀ ਬਾਤ ਨਿਰਾਲੀ।
ਜਿਸ ਦਿਨ ਪੂਰਾ ਨਜ਼ਰੀਂ ਪੈਂਦਾ, ਬਣ ਜਾਂਦੀ ਹਾਂ ਕਰਮਾਂ ਵਾਲੀ। ਏਕਮ ਤੋਂ ਲੈ ਪੂਰਨਮਾਸ਼ੀ ਔਂਸੀਆਂ ਪਾਵੇ ਜਿੰਦ ਬਿਰਹੋਂ ਵਿੱਚ, ਮਿਲ ਜਾਵੇ ਦਿਲਦਾਰ ਜਦੋਂ ਤਾਂ ਰੱਜਦੀ ਰੂਹ ਤਰਸੇਵਿਆਂ ਵਾਲੀ। ਗੁਰਭਜਨ ਗਿੱਲ

Reply




ਬਾਕੀ ਛੱਡ ਤੂੰ, ਮੇਰਾ ਦਿੱਤਾ, ਆਹ ਇੱਕ ਸੁਰਖ਼ ਗੁਲਾਬ
ਸਾਂਭ ਲੈ। ਤੇਰਾ ਰਾਹ ਰੁਸ਼ਨਾਉਣਾ ਜਿਸਨੇ, ਦੂਜੀ ਪਾਕਿ
ਕਿਤਾਬ ਸਾਂਭ ਲੈ। ਹਥਿਆਰਾਂ ਤੇ ਮਾਣ ਕਰਦਿਆ, ਇਨ੍ਹਾਂ
ਸਭਨਾਂ ਦਾ ਮੂੰਹ ਕਾਲ਼ਾ, ਪਿਆਰ ਤਰੌਂਕਾ ਮਾਰ ਪਿਆਰੇ,
ਭਖ਼ਦਾ ਹੈ ਪੰਜਾਬ, ਸਾਂਭ ਲੈ। ਗੁਰਭਜਨ ਗਿੱਲ


ਹਰ ਪਲ ਨੂੰ ਤੂੰ ਮਾਣ ਨੀ ਜਿੰਦੇ, ਜੀਅ ਲੈ ਅੱਜ ਨੂੰ ਰੱਜ ਕੇ।
ਲੰਘਿਆ ਪਾਣੀ ਕਿਸ ਨੇ ਫੜਿਆ, ਕਮਲਿਆਂ ਵਾਂਗੂੰ ਭੱਜ ਕੇ। ਅੱਜ ਨੂੰ ਸਾਂਭਣ ਵਾਲੇ ਸੋਹਣਿਆ! ਮਗਰੋਂ ਨਾ ਪਛਤਾਉਂਦੇ, ਕੱਲ੍ਹ ਦੀ ਹਿੱਕ ਤੇ ਕਰਨ ਸਵਾਰੀ ਹਿੰਮਤੀ ਹੀ ਗੱਜ ਵੱਜ ਕੇ। ਗੁਰਭਜਨ ਗਿੱਲ




ਮੇਰੇ ਪੁਰਖਿਆਂ ਇਹ ਸਮਝਾਇਐ, ਕਿਸ ਮੁਸ਼ਕਿਲ ਦਾ ਹੱਲ ਨਹੀਂ ਹੁੰਦਾ? ਅੱਜ ਤੀਕਰ ਉਹ ਦਿਨ ਨਹੀਂ ਆਇਆ ਜਿਸ ਦੇ ਅੱਗੇ ਕੱਲ੍ਹ ਨਹੀਂ ਹੁੰਦਾ। ਚੜ੍ਹਿਆ ਸੂਰਜ ਜੇ ਨਾ ਦਿਸਦਾ, ਨਜ਼ਰ ਨਜ਼ਰੀਆ ਦੋਵੇਂ ਟੀਰੇ, ਲੰਗੜੀ ਸੋਚੋਂ ਸੱਚ ਦੇ ਵੱਲ ਨੂੰ, ਏਸੇ ਕਰਕੇ ਚੱਲ ਨਹੀਂ ਹੁੰਦਾ।ਗੁਰਭਜਨ ਗਿੱਲ


ਇੱਕ ਦਰਵਾਜ਼ਾ ਬੰਦ ਹੋਵੇ ਤਾਂ ਅੱਗੇ ਤੁਰ ਸੌਂ ਖੁੱਲ੍ਹ ਜਾਂਦਾ ਹੈ। ਜ਼ਿੰਦਗੀ ਸਫ਼ਰ ਨਿਰੰਤਰ ਕਰਦੇ ਬੰਦਾ ਅਕਸਰ ਭੁੱਲ ਜਾਂਦਾ ਹੈ। ਮੇਰੇ ਬਾਬਲ ਇਹ ਸਮਝਾਇਆ,ਸੰਭਲ ਤੁਰਿਆਂ ਕਦਮ ਨਾ ਥਿੜਕੇ, ਕਾਹਲਿਆਂ ਦੇ ਸਿਰ ਉੱਤੋਂ ਅਕਸਰ ਘਿਉ ਦਾ ਪੀਪਾ ਡੁੱਲ੍ਹ ਜਾਂਦਾ ਹੈ। ਗੁਰਭਜਨ ਗਿੱਲ



ਸੂਰਜ ਚੜ੍ਹਨੋਂ ਪਹਿਲਾਂ ਜਾਗੇ, ਕਣ ਕਣ ਦੇ ਵਿੱਚ ਮਹਿਕ ਪਰੋਵੇ। ਓਥੇ ਓਥੇ ਦਿਸੇ ਚਾਨਣਾ, ਜਿੱਥੇ ਕਦਮ ਅਸੀਸ ਦਾ ਹੋਵੇ। ਨਿੱਕੇ ਨਿੱਕੇ ਵਾਕ ਬੁਣਦਿਆਂ ਅਰਥ ਬੜੇ ਸਮਝਾਵੇ ਸਾਨੂੰ, ਹਰ ਵੇਲੇ ਹਰਕਤ ਵਿੱਚ ਰੱਖਦੀ, ਜਦ ਸੌਂ ਜਾਵੇ ਧਰਤ ਖਲੋਵੇ। ਗੁਰਭਜਨ ਗਿੱਲ



ਬੁੱਧ ਮਰ ਗਿਆ ਕਹਿੰਦਾ ਕਹਿੰਦਾ, ਬੰਦਿਆ ਓਇ ਤੂੰ ਬਦਲ ਦ੍ਰਿਸ਼ਟੀ। ਨਜ਼ਰ ਨਜ਼ਰੀਆ ਨਿਸ਼ਚਤ ਕਰਦੈ, ਚਾਰ ਚੁਫ਼ੇਰੇ ਸਗਲ ਸ੍ਰਿਸ਼ਟੀ। ਬਦੀਆਂ ਸਿਰ ਬਦਕਾਰ ਹਮੇਸ਼ਾਂ, ਕੁਰਸੀ ਦਾ ਸੱਚ ਵੱਡਾ ਮੰਨੇ, ਆਸ ਕਿਵੇਂ ਚੰਗੇ ਦੀ ਉਸ ਤੋਂ, ਜਿਸ ਦੀ ਹੋਵੇ ਸੋਚ ਭ੍ਰਿਸ਼ਟੀ। ਗੁਰਭਜਨ ਗਿੱਲ



ਘੁੰਮਣਘੇਰ 'ਚ ਘਿਰ ਕੇ ਕਹੀਏ, ਜ਼ਿੰਦਗੀ ਤਾਂ ਜੰਜਾਲ ਜਹੀ ਹੈ। ਸਹਿਜ ਮਤੇ ਜੇ ਤੁਰੀਏ ਆਪਾਂ ਇਹ ਹੀ ਸਰਲ ਸਵਾਲ ਜਹੀ ਹੈ। ਨਜ਼ਰ, ਨਜ਼ਰੀਆ ਅੱਡਰੀ ਸ਼ੈ ਨੇ, ਸਮਝ ਪਵੇ ਤਾਂ ਮਸਲਾ ਹੱਲ ਹੈ, ਹਰ ਬੰਦੇ ਦੇ ਅੰਦਰ ਕਵਿਤਾ, ਧੜਕਣ ਸੁਰ ਤੇ ਤਾਲ ਜਹੀ ਹੈ। ਗੁਰਭਜਨ ਗਿੱਲ



ਓਥੇ ਸੀਸ ਝੁਕਾਈਏ ਆਪਾਂ, ਜਿੱਥੇ ਸ਼ਬਦ ਗੁਰੂ ਦੇ ਵਾਸੇ।
ਕੰਕਰੀਟ ਦੇ ਭਵਨ ਬੜੇ ਨੇ, ਭਰਦੇ ਹੀ ਨਾ ਰੂਹ ਦੇ ਕਾਸੇ ।
ਦੋਚਿੱਤੀ ਨੇ ਹਰ ਮਨ ਘੇਰਿਆ, ਭਟਕਣ ਸਾਡੇ ਸਾਹੀਂ ਰਚ ਗਈ, ਇਹ ਤਾਂ ਨਿਰਭਰ ਸਾਡੇ ਉੱਤੇ ,ਤੁਰਨਾ,ਜਾਣਾ ਕਿਹੜੇ ਪਾਸੇ। ਗੁਰਭਜਨ ਗਿੱਲ


ਜੇ ਤੁਰਿਐਂ ਆਪਣੇ ਤੋਂ ਪਾਰ ਜਾਵੀਂ। ਸਦੀਵੀ ਜਿੱਤ ਖ਼ਾਤਰ
ਹਾਰ ਜਾਵੀਂ। ਜੁਰਾਬਾਂ ਵਾਂਗ ਲਾਹ ਲਈਂ ਰੁਤਬਿਆਂ ਨੂੰ,
ਜਦੋਂ ਵੀ ਰੂਹ ਦੇ ਦਰਬਾਰ ਜਾਵੀਂ। ਗੁਰਭਜਨ ਗਿੱਲ




ਤੂੰ ਤੇ ਮੈਨੂੰ ਆਪ ਕਿਹਾ ਸੀ, ਧਰਤੀ ਧਰਮ ਨਿਭਾਈਏ ਰਲ਼ ਕੇ। ਅੱਜ ਹੀ ਤੁਰੀਏ, ਬਹਿ ਨਾ ਝੁਰੀਏ, ਕਿਉਂ ਪਛਤਾਈਏ ਯਾਰੋ ਭਲ਼ਕੇ। ਮਨ ਮਸਤਕ ਦੇ ਮਾਣਕ ਮੋਤੀ, ਪੋਟਲੀਆਂ ਵਿਚ ਕੈਦ ਕਰੀਂ ਨਾ, ਇਹ ਪੌਦੇ ਹੀ ਬਿਰਖ ਬਣਨਗੇ, ਵੇਖ ਲਵੀਂ ਮਿੱਟੀ ਵਿਚ ਪਲ਼ ਕੇ। ਗੁਰਭਜਨ ਗਿੱਲ



ਹੁਣੇ ਹੁਣੇ ਬੱਸ ਚੇਤੇ ਕੀਤਾ, ਓਸੇ ਪਲ ਆਹ ਸੂਰਜ ਚੜ੍ਹਿਆ। ਕਿਰਨਾਂ ਚਾਰ ਚੁਫ਼ੇਰੇ ਝੁਰਮਟ, ਤੂੰ ਇਹ ਕਿਹੜਾ ਮੰਤਰ ਪੜ੍ਹਿਆ। ਦਿਨ ਤੇ ਰਾਤ ਮਿਲਾ ਕੇ ਚੌਵੀ, ਘੰਟੇ ਹੁੰਦੇ ਰੋਜ਼ ਦਿਹਾੜੀ, ਮੇਰੇ ਸਾਹਾਂ ਅੰਦਰ ਧੜਕੇਂ, ਲਾਵੇਂ ਅੱਖ ਘੜੀ ਨਾ ਅੜਿਆ। ਗੁਰਭਜਨ ਗਿੱਲ


ਆਹ ਫੜ ਸੂਰਜ ਮੱਥੇ ਜੜ ਲੈ ਅੰਬਰ ਵਿਚਲੇ ਚੰਨ ਸਿਤਾਰੇ। ਨੂਰੋ ਨੂਰ ਚੁਫ਼ੇਰਾ ਕਰ ਦੇ, ਧਰਤੀ ਮਾਂ ਦੇ ਰਾਜ ਦੁਲਾਰੇ। ਗਿਠਮੁਠੀਆਂ ਨੇ ਧਰਮ ਕਰਮ ਨੂੰ ਆਪਣੇ ਜੇਡ ਬਣਾ ਹੈ ਧਰਿਆ, ਜੀਵਨ ਸੇਧ, ਸਮਰਪਣ ਗੁੰਮਿਆ, ਲੁਕਦੇ ਫਿਰਦੇ ਸ਼ਬਦ ਵਿਚਾਰੇ। ਗੁਰਭਜਨ ਗਿੱਲ



ਟੁੱਟਿਆ ਸੌ ਵਾਰ ਫਿਰ ਵੀ ਟਾਹਣੀਆਂ 'ਤੇ ਜੁੜ ਗਿਆ।
ਜ਼ਰਦ ਪੱਤਾ ਕਿਰ ਗਿਆ ਫ਼ਿਰ ਸਬਜ਼ ਪੱਤਾ ਪੁੰਗਰਿਆ।
ਧਰਤ ਅੰਦਰ ਉਗਮਦਾ ਤੇ ਬਿਣਸਦਾ, ਵੇਖੋ ਕਮਾਲ, ਤੁਰ ਰਿਹਾ ਹੈ ਜ਼ਿੰਦਗੀ, ਤੇਰਾ ਨਿਰੰਤਰ ਕਾਫ਼ਲਾ। ਗੁਰਭਜਨ ਗਿੱਲ


ਵਕਤ ਮਿਲੇ ਤਾਂ ਹਿੰਮਤ ਕਰਕੇ ਬੰਦ ਬੂਹਿਆਂ ਨੂੰ ਖੋਲ੍ਹ ਦਿਆ ਕਰ। ਸ਼ਬਦ ਮਾਸੂਮ ਪਰਿੰਦੇ ਹੁੰਦੇ ,ਮੂੰਹ ਆਇਆਂ ਨੂੰ ਬੋਲ ਦਿਆ ਕਰ। ਰੂਹ ਦੇ ਸੁੱਚੇ ਮਾਣਕ ਮੋਤੀ, ਜ਼ੀਨਤ ਬਣਦੇ ਕਿਸੇ ਕਿਸੇ ਦੀ, ਚਹੁੰ ਕੌਡਾਂ ਲਈ ਮਹਿੰਗਾ ਸੌਦਾ, ਸਸਤੇ ਭਾਅ ਨਾ ਤੋਲ ਦਿਆ ਕਰ। ਗੁਰਭਜਨ ਗਿੱਲ


ਜਿਸ ਦਿਨ ਤੂੰ ਨਜ਼ਰੀਂ ਆ ਜਾਵੇਂ ਓਹੀ ਦਿਵਸ ਗੁਲਾਬ ਦੇ ਵਰਗਾ। ਬਾਕੀ ਬਚਦਾ ਹਰ ਦਿਨ ਜੀਕੂੰ ਰੁੱਸ ਗਏ ਦੇਸ ਪੰਜਾਬ ਦੇ ਵਰਗਾ। ਨਜ਼ਰ ਤੇਰੀ ਵਿੱਚ ਸੂਰਜ ਰੌਸ਼ਨ ਤੋਰ ਜਿਵੇਂ ਦਰਿਆਈ ਲਹਿਰਾਂ, ਮੱਥਾ ਹੈ ਜਿਓਂ ਨੂਰ ਇਲਾਹੀ, ਗੋਲਮੋਲ ਮਾਹਤਾਬ ਦੇ ਵਰਗਾ।ਗੁਰਭਜਨ ਗਿੱਲ




ਨਾਲ ਮੁਹੱਬਤ ਚੇਤੇ ਆਈਆਂ ਕਸ਼ਮੀਰੀ ਕੇਸਰ ਦੀਆਂ ਕਲੀਆਂ। ਮਹਿਕ ਗਿਆ ਹੈ ਮਨ ਦਾ ਚੰਬਾ ਪੜ੍ਹ ਜਿਉਂ ਚਿੱਠੀਆਂ ਆਈਆਂ ਭਲੀਆਂ। ਜਿਸ ਮਿੱਟੀ ਦੇ ਅੰਦਰ ਖ਼ੁਸ਼ਬੂ ਖੇਤੀ ਹੋਵੇ ਮਹਿਕ ਪਰੁੱਚੀ, ਗੜ੍ਹ ਗੁਲਜ਼ਾਰ ਬਿਨਫ਼ਸ਼ਾ ਜਿੱਥੇ,ਕਿਉਂ ਮੱਥੇ ਦੀਆਂ ਲੀਕਾਂ ਬਲ਼ੀਆਂ।
ਗੁਰਭਜਨ ਗਿੱਲ



ਬਿਰਖ਼ ਤਾਂ ਹਰਿਆਵਲੇ ਸੀ ਕਿਉਂ ਕਿਰੇ ਪੱਤਰ ਹਰੇ? ਛਾਂ ਵਿਹੂਣੀ ਧਰਤ ਵੇਖਾਂ, ਖ਼ੁਾਬ ਵਿੱਚ ਵੀ ਮਨ ਡਰੇ । ਇਸ ਤਰ੍ਹਾਂ ਦਾ ਕਹਿਰ ਅੱਜ ਤੱਕ, ਵੇਖਿਆ ਸੀ ਨਾ ਕਦੇ, ਸਾਜ਼ਿਸ਼ੀ ਚਾਲਾਂ ਨੂੰ ਲੋਕੀਂ ਕਹਿਣ ਲੱਗ ਪਏ ਮਸ਼ਵਰੇ।
ਗੁਰਭਜਨ ਗਿੱਲ



ਸਗਲ ਇਬਾਰਤ ਫੁੱਲਾਂ ਉੱਤੇ, ਮੈਂ ਇਹ ਵਾਂਗ ਤਰੇਲ ਨਾ ਡਿੱਠੀ। ਸੰਦਲੀ ਸਾਹਾਂ ਦੇ ਸੰਗ ਉਕਰੀ ,ਇਹ ਤਾਂ ਜਾਪੇ ਤੇਰੀ ਚਿੱਠੀ। ਇਸ ਤੋਂ ਸੁੱਚਾ ਵਰਕਾ ਹਾਲੇ ਬਣਿਆ ਹੀ ਨਾ ਧਰਤੀ ਉੱਤੇ, ਬਿਨ ਲਿਖਿਆਂ ਜੋ ਬਾਤ ਸੁਣਾਵੇ ,ਸ਼ਹਿਦ ਕਟੋਰੀ ਨਾਲੋਂ ਮਿੱਠੀ। ਗੁਰਭਜਨ ਗਿੱਲ


ਨੀ ਖ਼ੁਸ਼ਬੋਈਏ! ਜੀਣ ਜੋਗੀਏ, ਕਿੱਦਾਂ ਸਾਹਾਂ ਵਿੱਚ ਪਰੋਈਏ। ਭਟਕਦਿਆਂ ਨਾ ਲੰਘੇ ਉਮਰਾ, ਆ ਜਾ ਦੋਵੇਂ ਇੱਕ ਸਾਹ ਹੋਈਏ। ਚਿਰ ਹੋਇਆ ਮੈਂ ਜਾਂਦਿਆਂ ਵੇਖਿਆ, ਹਾਏ! ਉਹ ਨੂਰੀ ਝਲਕਾਰਾ, ਅੱਜ ਤੀਕਰ ਮਹਿਸੂਸ ਕਰਾਂ ਮੈਂ, ਹਸਰਤ ਹੈ ਕਿ ਸਨਮੁਖ ਹੋਈਏ। ਗੁਰਭਜਨ ਗਿੱਲ


ਸੁਣ ਲਓ ਜੀ ਕੰਨ ਖੋਲ੍ਹ ਕੇ ਸੁਣ ਲਉ, ਪੱਥਰ-ਦਿਲ ਤੇ ਭਾਰ ਨਹੀਂ ਹੁੰਦਾ । ਅਸਲੀ ਸੂਰਤ ਹੀ ਦਿਖਲਾਵੇ, ਸ਼ੀਸ਼ਾ ਕਦੇ ਗੱਦਾਰ ਨਹੀਂ ਹੁੰਦਾ । ਸਾਡੇ ਵਿੱਚ ਹੈ ਵੜਿਆ ਬੈਠਾ, ਹੁਕਮਰਾਨ ਦੇ ਰੂਪ 'ਚ ਰਾਵਣ, ਤੀਰ ਕਮਾਨ ਚਲਾਈਏ ਕਿੱਥੇ, ਅੰਦਰੋਂ ਦੁਸ਼ਮਣ ਮਾਰ ਨਹੀਂ ਹੁੰਦਾ। ਗੁਰਭਜਨ ਗਿੱਲ


ਨਜ਼ਰ ਭਰ ਤੂੰ ਵੇਖਿਆ ਇਹ ਦਿਲ ਦੀਵਾਨਾ ਹੋ ਗਿਆ।
ਵਿਛੜਿਆਂ ਤੇਰੇ ਤੋਂ ਭਾਵੇਂ ਇਕ ਜ਼ਮਾਨਾ ਹੋ ਗਿਆ। ਵੇਖ
ਲੈ ਬਿਨ ਬੋਲਿਆਂ ਤੋਂ ਇਹ ਮੁਹੱਬਤ ਦਾ ਕਮਾਲ, ਧਰਤ
ਬਣ ਗਈ ਫ਼ਰਸ਼ ਅੰਬਰ ਸ਼ਾਮਿਆਨਾ ਹੋ ਗਿਆ।
ਗੁਰਭਜਨ ਗਿੱਲ



ਜਬਰ ਜ਼ੁਲਮ ਦਾ ਟੋਲਾ ਜਦ ਵੀ, ਹੱਲੇ ਕਰ ਕਰ ਆਉਂਦਾ ਹੈ, ਬੰਦਾ ਸਿੰਘ ਬਹਾਦਰ ਨੂੰ ਤਦ, ਸਰਹੰਦ ਫੇਰ ਬੁਲਾਉਂਦਾ ਹੈ । ਤਿੰਨ ਸਦੀਆਂ ਵਿਚ ਰੋਜ਼ ਗਰਕਦੇ, ਏਥੋਂ ਤੱਕ ਹਾਂ ਗਰਕ ਗਏ, ਹੋਰ 'ਧਰਤ' ਤੋਂ 'ਗੋਬਿੰਦ' ਆਵੇ, ਏਹੋ ਹੀ ਦਿਲ ਚਾਹੁੰਦਾ ਹੈ। ਗੁਰਭਜਨ ਗਿੱਲ



ਜੀ, ਕੌਮ ਦਾ ਕਿਰਦਾਰ ਹੈ ਖ਼ੁਰ ਗਿਆ ਜੀ, ਭੁਰ ਗਿਆ
ਜੀ, ਕੌਮ ਦਾ ਕਿਰਦਾਰ ਹੈ। ਪੁੱਛਦੇ ਮੈਨੂੰ ਅਜੇ ਵੀ, ਕੌਣ
ਜ਼ਿੰਮੇਵਾਰ ਹੈ? ਰਾਹਜ਼ਨਾਂ ਨੂੰ ਰਾਹਬਰਾਂ ਦੀ ਸਰਪ੍ਰਸਤੀ
ਹਰ, ਧਰਮ ਤੇ ਇਖ਼ਲਾਕ ਦਾ ਵੀ ਗਿਰ ਰਿਹਾ ਬਾਜ਼ਾਰ ਹੈ।
ਗੁਰਭਜਨ ਗਿੱਲ


ਦਿਲ ਦਰਿਆ ਦੀ ਲਹਿਰ ਹਵਾਲੇ, ਸੋਚਾਂ ਵਿੱਚ ਸਮੁੰਦਰ ਖ਼ਾਰੇ। ਐਵੇਂ ਤਾਂ ਨਹੀਂ ਬਣ ਕੇ ਕਿਰਦੇ ਅੱਖੀਉਂ ਅੱਥਰੂ ਮਣ ਮਣ ਭਾਰੇ। ਇੱਕ ਦੋ ਬੋਲ ਬਖ਼ਸ਼ ਦੇ ਮੈਨੂੰ, ਦਿਲ ਦੇ ਤਖ਼ਤ ਦਿਆ ਸਰਦਾਰਾ, ਤੇਰਾ ਕੁਝ ਨਹੀਂ ਜਾਣਾ, ਮੈਨੂੰ ਮਿਲ ਜਾਣੇ ਨੇ ਸਵਾਸ ਉਧਾਰੇ। ਗੁਰਭਜਨ ਗਿੱਲ


ਹਰ ਪਲ ਨੂੰ ਤੂੰ ਮਾਣ ਨੀ ਜਿੰਦੇ, ਜੀਅ ਲੈ ਅੱਜ ਨੂੰ ਰੱਜ ਕੇ।
ਲੰਘਿਆ ਪਾਣੀ ਕਿਸ ਨੇ ਫੜਿਆ, ਕਮਲਿਆਂ ਵਾਂਗੂੰ ਭੱਜ ਕੇ। ਅੱਜ ਨੂੰ ਸਾਂਭਣ ਵਾਲੇ ਸੋਹਣਿਆ! ਮਗਰੋਂ ਨਾ ਪਛਤਾਉਂਦੇ, ਕੱਲ੍ਹ ਦੀ ਹਿੱਕ ਤੇ ਕਰਨ ਸਵਾਰੀ ਹਿੰਮਤੀ ਹੀ ਗੱਜ ਵੱਜ ਕੇ। ਗੁਰਭਜਨ ਗਿੱਲ



ਵੇਖੋ ਜ਼ਿੰਦਗੀ ਟਹਿਕ ਰਹੀ ਹੈ ਬਰਫ਼ਾਂ ਦੇ ਅੰਬਾਰਾਂ ਉੱਤੇ।
ਫੁੱਲ ਕਲੀਆਂ ਨੂੰ ਖਿੜਿਆ ਤੱਕਿਐ, ਮੈਂ ਤਾਂ ਸੁਰਖ਼ ਅੰਗਾਰਾਂ ਉੱਤੇ। ਸਰਮਾਏ ਦੇ ਸਬਜ਼ ਕਬੂਤਰ, ਚੁੰਡ ਰਹੇ ਲਾਲੀ ਹਰਿਆਲੀ, ਆਰੀ ਨਾ ਜੜ੍ਹ ਉੱਪਰ ਫੇਰੋ, ਰਹਿਮ ਕਰੋ ਗੁਲਜ਼ਾਰਾਂ ਉੱਤੇ। ਗੁਰਭਜਨ ਗਿੱਲ




ਨੀ ਖ਼ੁਸ਼ਬੋਈਏ! ਜੀਣ ਜੋਗੀਏ, ਕਿੱਦਾਂ ਸਾਹਾਂ ਵਿੱਚ ਪਰੋਈਏ। ਭਟਕਦਿਆਂ ਨਾ ਲੰਘੇ ਉਮਰਾ, ਆ ਜਾ ਦੋਵੇਂ ਇੱਕ ਸਾਹ ਹੋਈਏ। ਚਿਰ ਹੋਇਆ ਮੈਂ ਜਾਂਦਿਆਂ ਵੇਖਿਆ, ਹਾਏ! ਉਹ ਨੂਰੀ ਝਲਕਾਰਾ, ਅੱਜ ਤੀਕਰ ਮਹਿਸੂਸ ਕਰਾਂ ਮੈਂ, ਹਸਰਤ ਹੈ ਕਿ ਸਨਮੁਖ ਹੋਈਏ। ਗੁਰਭਜਨ ਗਿੱਲ



ਹੁਣੇ ਹੁਣੇ ਤੂੰ ਦਸਤਕ ਦਿੱਤੀ, ਧੁਰ ਅੰਦਰ ਤੱਕ ਰੂਹ ਰੁਸ਼ਨਾਈ। ਲੱਗਿਆ ਮਨ ਦੀ ਚੌਖਟ ਉੱਤੇ ਦੀਵਾ ਬੱਤੀ ਆਣ ਜਗਾਈ। ਖਿੜਿਆ ਜਿਵੇਂ ਗੁਲਾਬ ਟਾਹਣੀਏ, ਚਾਰ ਚੁਫ਼ੇਰੇ ਰੌਣਕ ਹੋਈ, ਯਾਦਾਂ ਗਲੀ ਵਿੱਚ ਝਾਂਜਰ ਛਣਕੀ, ਮੁੱਦਤ ਮਗਰੋਂ ਰੌਣਕ ਆਈ। ਗੁਰਭਜਨ ਗਿੱਲ



ਰੰਗ ਬਰੰਗੇ ਵਸਤਰ ਨੇ ਪਰ ਜ਼ਿੰਦਗੀ ਕਿਉਂ ਬਦਰੰਗ ਵੇ ਲੋਕਾ। ਚਾਵਾਂ ਨੂੰ ਦੱਸ ਕੌਣ ਮਸਲਦਾ, ਕਰਦਾ ਖੱਜਲ ਤੰਗ ਵੇ ਲੋਕਾ। ਹਰ ਸੱਸੀ ਦੇ ਪੈਰਾਂ ਥੱਲੇ ਅੱਜ ਵੀ ਤਪਦੀ ਰੇਤ ਥਲਾਂ ਦੀ, ਰਾਂਝੇ ਦੀ ਥਾਂ ਹੀਰ ਦੇ ਲੇਖੀਂ, ਹਰ ਥਾਂ ਖੇੜੇ ਝੰਗ ਵੇ ਲੋਕਾ। ਗੁਰਭਜਨ ਗਿੱਲ



ਫੁੱਲ ਨਹੀਂ, ਖ਼ੁਸ਼ਬੋਈ ਭਿੱਜਿਆ, ਹੁਣ ਹੀ ਤੇਰਾ ਖ਼ਤ ਮਿਲਿਆ ਹੈ। ਸਿਰਫ਼ ਜਿਸਮ ਨਾ, ਧੁਰ ਅੰਦਰ ਤੱਕ ਲੂੰ ਲੂੰ ਜਿੱਸਰਾਂ ਮਹਿਕ ਗਿਆ ਹੈ। ਏਸ ਤਰਜ਼ ਦੀ ਕਰੇਂ ਗੁ਼ਫ਼ਤਗੂ, ਨਿਰਸ਼ਬਦੀ ਪਰ ਸਭ ਕੁਝ ਆਖੇਂ, ਖਿੜਿਆ ਰਹਿ ਕੇ ਖੇੜਾ ਵੰਡੀਏ, ਫ਼ੁੱਲਾਂ ਤੋਂ ਮੈਂ ਸਮਝ ਲਿਆ ਹੈ।
ਗੁਰਭਜਨ ਗਿੱਲ


ਹਰ ਪਲ ਮਾਨਣਯੋਗ ਦੋਸਤੋ, ਦੁੱਖ ਤੇ ਸੁਖ ਜ਼ਿੰਦਗੀ ਦੇ ਪਹੀਏ। ਹਰ ਧਰਤੀ ਦੀ ਬੁੱਕਲ ਮਾਣੋ, ਹੱਸ ਗੁਜ਼ਾਰੀਏ , ਜਿੱਥੇ ਰਹੀਏ। ਰੋਂਦਿਆਂ ਅੱਜ ਤੱਕ ਰਾਤ ਨਾ ਮੁੱਕੀ,ਇਹ ਸੂਤਰ ਜੇ ਪੱਲੇ ਬੰਨ੍ਹੀਏ, ਘੁੱਟਿਆ ਵੱਟਿਆ ਮਨ ਸਮਝਾਈਏ, ਸਭ ਦੀ ਸੁਣੀਏ, ਸਭ ਨੂੰ ਕਹੀਏ। ਗੁਰਭਜਨ ਗਿੱਲ



ਚੁੱਪ ਦੀ ਵਲਗਣ ਤੋੜਨ ਮਗਰੋਂ,ਦਿਲ ਕਰਦੈ ,ਹੁਣ ਗੱਲਾਂ ਕਰੀਏ। ਰੂਹ ਵੱਲੋਂ ਨਿਰਵਸਤਰ ਹੋ ਕੇ, ਇਤਰ ਸਰੋਵਰ ਦੇ ਵਿੱਚ ਤਰੀਏ। ਰੰਗਾਂ ਦੇ ਦਰਿਆ 'ਚੋਂ ਭਰੀਏ,ਸੱਤਰੰਗੀ ਪਿਚਕਾਰੀ ਆਪਾਂ, ਜਿੱਥੇ ਜਿੱਥੇ ਕੋਰੇ ਵਰਕੇ, ਮਨਚਾਹੇ ਸਾਰੇ ਰੰਗ ਸਾਰੇ ਭਰੀਏ। ਗੁਰਭਜਨ ਗਿੱਲ



ਭਰਮ ਪਾਲਿਆ ਲਾਈਆਂ ਆਪਾਂ, ਕਾਗ਼ਜ਼ ਦੇ ਰਾਵਣ ਨੂੰ ਅੱਗਾਂ। ਰਾਮ ਰਾਜ ਦੀ ਜੈ ਜੈ ਕਰਦੇ,ਸੁੱਟਦੇ ਰਹੇ ਮੂੰਹ ਅੰਦਰੋਂ ਝੱਗਾਂ। ਇਹ ਤਾਂ ਕੇਵਲ ਧਰਮ ਜਾਲ ਸੀ ,ਨਾਟਕ ਚੇਟਕ ਸਿਰਫ਼ ਬਹਾਨਾ, ਖ਼ਤਰੇ ਵਿੱਚ ਨੇ ਪੁਸ਼ਤਾਂ ਤੋਂ ਹੀ, ਉੱਚੇ ਸਿਰ ਤੇ ਬੱਧੀਆਂ ਪੱਗਾਂ। ਗੁਰਭਜਨ ਗਿੱਲ

Reply




ਨਿੱਕਿਆ ਵੀਰਾ ਲੱਖ ਸ਼ੁਕਰਾਨਾ ਦਿਨ ਚੜ੍ਹਦੇ ਤੂੰ ਸੂਰਜ ਘੱਲਿਆ। ਇਸ ਤੋਂ ਪਹਿਲਾਂ ਗਹਿਰ ਗੁਬਾਰਾਂ ਰਾਤ ਹਨ੍ਹੇਰੀ ਸੀ ਮਨ ਮੱਲਿਆ। ਇੱਕ ਦੂਜੇ ਨੂੰ ਏਸ ਤਰ੍ਹਾਂ ਹੀ ਚਾਨਣ ਵੰਡਣਾ ਅਸਲ ਧਰਮ ਹੈ, ਜਿੰਨੇ ਸਵਾਸ ਮਿਲੇ ਇਸ ਖ਼ਾਤਰ,ਖ਼ਰਚਣ ਤੋਂ ਨਾ ਖੁੰਝੀਏ ਬੱਲਿਆ। ਗੁਰਭਜਨ ਗਿੱਲ



ਜ਼ਿੰਦਗੀ ਹੈ ਰੰਗਾਂ ਦਾ ਮੇਲਾ, ਵੇਖੋ ਜੇਕਰ ਖੋਲ੍ਹ ਕੇ ਅੱਖੀਆਂ। ਮਹਿਲਾਂ ਨਾਲ ਗੁਆਂਢੀ ਝੁੱਗੀਆਂ,ਝੱਲਣ ਜੋ ਦਿਨ ਰਾਤੀਂ ਪੱਖੀਆਂ। ਤਿਤਲੀ ਭੰਵਰੇ ਫੁੱਲ ਨੂੰ ਚੁੰਮਦੇ, ਲੱਭਦੀਆਂ ਗੰਦਗੀ ਨੂੰ ਮੱਖੀਆਂ। ਇਹ ਸਾਡੇ ਤੇ ਨਿਰਭਰ ਮਿੱਤਰੋ, ਨਜ਼ਰਾਂ ਕਿਹੜੀ ਥਾਂ ਤੇ ਰੱਖੀਆਂ। ਗੁਰਭਜਨ ਗਿੱਲ



ਕਿੰਨਾ ਸੋਹਣਾ ਖ਼ਤ ਲਿਖਿਆ ਤੂੰ, ਸ਼ਬਦਾਂ ਦੀ ਥਾਂ ਵੇਲ ਤੇ ਪੱਤੀਆਂ। ਰੁਮਕਦੀਆਂ ਪੌਣਾਂ ਘਰ ਆਈਆਂ,ਤੇਰੇ ਵਾਂਗੂੰ ਹੀ ਮਦਮੱਤੀਆਂ। ਤੇਰੇ ਇਸ ਅੰਦਾਜ਼ ਤੋਂ ਸਦਕੇ, ਮੈਂ ਜਾਵਾਂ ਬਲਿਹਾਰੇ ਤੈਥੋਂ, ਬਿਨ ਮਿਲਿਆਂ ਦੋਹਾਂ ਨੇ ਰਲ਼ ਕੇ, ਕਿਰਨਾਂ ‘ਕੱਠੀਆਂ ਕਰ ਕੇ ਕੱਤੀਆਂ। ਗੁਰਭਜਨ ਗਿੱਲ



ਮੈਂ ਕਾਦਰ ਨੂੰ ਖ਼ੁਦ ਤੱਕਿਆ ਹੈ,ਮਿੱਟੀ ਦਾ ਅਨੁਵਾਦ ਕਰਦਿਆਂ। ਟਾਹਣੀਆਂ ਉੱਪਰ ਫੁੱਲ ਤੇ ਪੱਤੇ, ਵਿੱਚ ਮਹਿਕਾਂ ਵਿਸਮਾਦ ਧਰਦਿਆਂ। ਜੇਕਰ ਤੈਨੂੰ ਰੰਗ ਨਾ ਦਿਸਦੇ, ਤੀਜਾ ਨੇਤਰ ਖੋਲ੍ਹ ਕੇ ਵੇਖੀਂ, ਧਰਤੀ ਸੂਰਜ ਵੇਖੇ ਮੈਂ ਤਾਂ , ਸੱਖਮ ਸੱਖਣੀ ਝੋਲ ਭਰਦਿਆਂ। ਗੁਰਭਜਨ ਗਿੱਲ


ਦਿਨ ਚੜ੍ਹਿਆ ਹੈ, ਮੇਰੇ ਯਾਰੋ, ਚਿਹਰੇ ਤੇ ਮੁਸਕਾਨ ਲਿਆਉ। ਦਿਲ ਦੇ ਅੰਦਰ ਪਿਆਰ ਬਗੀਚੀ,ਲੋੜ ਮੁਤਾਬਕ ਪਾਣੀ ਪਾਉ। ਮਨ ਮਸਤਕ ਵਿੱਚ ਨੇਕ ਖ਼ਿਆਲੀ,ਮਹਿੰਗੀ ਪੂੰਜੀ ਸਾਂਭੋ ਸੱਜਣੋ, ਵਕਤ ਗੁਆਚਾ ਹੱਥ ਨਾ ਆਏ, ਮਗਰੋਂ ਨਾ ਬਹਿ ਕੇ ਪਛਤਾਉ। ਗੁਰਭਜਨ ਗਿੱਲ



ਧੁੱਪਾਂ ਛਾਵਾਂ ਸਮ ਕਰ ਜਾਣੇ,ਜੀਵਨ ਸਾਥ ਨਿਰੰਤਰ ਮਹਿਕੇ। ਫੁੱਲ ਕਲੀਆਂ ਖ਼ੁਸ਼ਬੋਈਆਂ ਵੰਡੇ, ਆਲ ਦੁਆਲ ਚੌਗਿਰਦਾ ਟਹਿਕੇ। ਇੱਕ ਓਂਕਾਰ ਭਰੋਸੇ ਸਦਕਾ, ਤੱਤੀ 'ਵਾ ਤੋਂ ਧਰਤ ਬਚਾਉ, ਘਰ ਪਰਿਵਾਰ ਬਣਾਈਏ ਆਲਮ ਇੱਕ ਦੂਜੇ ਦੇ ਦਿਲ ਵਿੱਚ ਲਹਿ ਕੇ। ਗੁਰਭਜਨ ਗਿੱਲ



ਧਰਤੀ ਦੀ ਹੈ ਅਸਲੀ ਤਾਕਤ ਰੰਗ ਬਰੰਗੇ ਫੁੱਲ ਤੇ ਪੱਤੀਆਂ। ਭਰੇ ਗਲੋਟੇ ਸਾਡੀ ਖ਼ਾਤਰ, ਮਾਂ ਨੇ ਕਿੰਨੀਆਂ ਕਿਰਨਾਂ ਕੱਤੀਆਂ। ਕੰਕਰੀਟ ਦੀ ਕਰੇਂ ਗੁਲਾਮੀ, ਬੇਕਦਰਾ ਤੂੰ ਰੂਹੋਂ ਕੈਦੀ, ਚੰਦਰਮਾ ਤੇ ਸੂਰਜ ਤਾਰੇ, ਵੇਖ ਲਿਆ ਕਰ ਅੰਬਰੋਂ ਬੱਤੀਆਂ। ਗੁਰਭਜਨ ਗਿੱਲ



ਸੂਰਜ ਚੜ੍ਹਨੋਂ ਪਹਿਲਾਂ ਜਾਗੇ, ਕਣ ਕਣ ਦੇ ਵਿੱਚ ਮਹਿਕ ਪਰੋਵੇ। ਓਥੇ ਓਥੇ ਦਿਸੇ ਚਾਨਣਾ, ਜਿੱਥੇ ਕਦਮ ਅਸੀਸ ਦਾ ਹੋਵੇ। ਨਿੱਕੇ ਨਿੱਕੇ ਵਾਕ ਬੁਣਦਿਆਂ ਅਰਥ ਬੜੇ ਸਮਝਾਵੇ ਸਾਨੂੰ, ਹਰ ਵੇਲੇ ਹਰਕਤ ਵਿੱਚ ਰੱਖਦੀ, ਜਦ ਸੌਂ ਜਾਵੇ ਧਰਤ ਖਲੋਵੇ। ਗੁਰਭਜਨ ਗਿੱਲ



ਫੁੱਲ ਨਹੀਂ, ਖ਼ੁਸ਼ਬੋਈ ਭਿੱਜਿਆ, ਹੁਣ ਹੀ ਤੇਰਾ ਖ਼ਤ ਮਿਲਿਆ ਹੈ। ਸਿਰਫ਼ ਜਿਸਮ ਨਾ, ਧੁਰ ਅੰਦਰ ਤੱਕ ਲੂੰ ਲੂੰ ਜਿੱਸਰਾਂ ਮਹਿਕ ਗਿਆ ਹੈ। ਏਸ ਤਰਜ਼ ਦੀ ਕਰੇਂ ਗੁਫ਼ਤਗੂ, ਨਿਰਸ਼ਬਦੀ ਪਰ ਸਭ ਕੁਝ ਆਖੇਂ, ਖਿੜਿਆ ਰਹਿ ਕੇ ਖੇੜਾ ਵੰਡੀਏ, ਫ਼ੁੱਲਾਂ ਤੋਂ ਮੈਂ ਸਮਝ ਲਿਆ ਹੈ।
ਗੁਰਭਜਨ ਗਿੱਲ



ਰੀਝ ਕਦੇ ਵੀ ਦਿਲ ਤੇ ਉੱਤੇ ਭਾਰ ਨਹੀਂ ਹੁੰਦੀ । ਇਸ ਦੀ ਕੀਮਤ ਕਮਦਿਲਿਆਂ ਤੋਂ ਤਾਰ ਨਹੀਂ ਹੁੰਦੀ । ਐਸੀ ਕਾਵਿ-ਕਿਤਾਬ ਬੇਅਰਥਾ ਸ਼ਬਦੀ ਜੰਗਲ ਹੈ, ਜਿਸ ਨੂੰ ਪੜ੍ਹ ਕੇ ਦਿਲ ਵਿਚ ਹਾਹਾਕਾਰ ਨਹੀਂ ਹੁੰਦੀ। ਗੁਰਭਜਨ ਗਿੱਲ



ਰੰਗ ਭਰ ਦੇ, ਖ਼ੁਸ਼ਬੋਈ ਭਰ ਦੇ,ਸਾਰਾ ਬਾਗ਼ ਹਵਾਲੇ ਤੇਰੇ। ਸੱਚ ਪੁੱਛੇਂ ਤਾਂ ਮਿਹਨਤ ਕਰਨਾ, ਏਨਾ ਕੰਮ ਹੀ ਹੱਥ ਵੱਸ ਮੇਰੇ। ਤੇਰੀ ਰਹਿਮਤ ਹੋ ਜਾਵੇ ਤਾਂ ਥੋਹਰਾਂ ਤੇ ਵੀ ਫੁੱਲ ਖਿੜਦੇ ਨੇ, ਕਣ ਕਣ ਅੰਦਰ ਨੂਰ ਪਸਾਰਾ, ਜਗਮਗ ਜਗਮਗ ਕਰੇਂ ਚੁਫ਼ੇਰੇ। ਗੁਰਭਜਨ ਗਿੱਲ



ਕੌੜ ਕੁਸੈਲੇ ਬੋਲ ਹਮੇਸ਼ਾਂ ਕੀਹ ਕੀਹ ਕਾਰੇ ਕਰ ਜਾਂਦੇ ਨੇ।
ਰੂਹ ਦੇ ਕੋਮਲ ਪਿੰਡੇ ਉੱਤੇ ਸੁਰਖ਼ ਫਲੂਹੇ ਧਰ ਜਾਂਦੇ ਨੇ। ਉੱਡ
ਜਾਵੇ ਵਿਸ਼ਵਾਸ ਜਦੋਂ ਫਿਰ, ਬੋਝਲ ਹੋ ਜਾਂਦੇ ਨੇ ਰਿਸ਼ਤੇ,
ਅਗਨ ਧਵਾਂਖੇ ਮਨ ਦੇ ਪੰਛੀ, ਹੌਲੀ ਹੌਲੀ ਮਰ ਜਾਂਦੇ ਨੇ।
ਗੁਰਭਜਨ ਗਿੱਲ



ਖੁਸ਼ਬੂ ਦਾ ਫੁੱਲ ਤੋਂ ਵਿੱਛੜਨਾ, ਕੀਹ ਕਹਿਰ ਕਰ ਗਿਆ।
ਖਿੜਿਆ ਗੁਲਾਬ, ਆਪਣੇ , ਸਾਏ ਤੋਂ ਡਰ ਗਿਆ।
ਸ਼ਬਦਾਂ ਨੂੰ ਇਮਤਿਹਾਨ ਵਿਚ ਪਾਇਆ ਸੀ ਵਕਤ ਨੇ,
ਸਿਦਕਾਂ ਦੀ ਪਰਖ਼ ਵਾਸਤੇ, ਤਵੀਆਂ ਤੇ ਧਰ ਗਿਆ।
ਗੁਰਭਜਨ ਗਿੱਲ



ਸ਼ਾਮਾਂ ਨੂੰ ਸੂਰਜ ਜਾਂਦਿਆਂ ਇਕਰਾਰ ਕਰ ਗਿਆ ।
ਮੁੜਿਆ ਨਾ ਸਾਰੀ ਰਾਤ ਹੱਦਾਂ ਪਾਰ ਕਰ ਗਿਆ ।
ਮਹਿਰਮ ਦਿਲਾਂ ਦਾ ਕੰਡ ਕਰਕੇ ਦੂਰ ਬਹਿ ਗਿਆ,
ਪੁੱਛੋ ਨਾ ਦਿਲ ਦਾ ਹਾਲ ਕੀ, ਬੀਮਾਰ ਕਰ ਗਿਆ।
ਗੁਰਭਜਨ ਗਿੱਲ



ਤੂੰ ਪੁੱਛਿਆ ਹੈ, ਗ਼ਜ਼ਲ ਲਿਖਾਂ ਮੈਂ, ਬਹੁਤਾ ਕਿਹੜੀ ਬਹਿਰ ਦੇ ਅੰਦਰ । ਤੱਕੜੀ ਵੱਟੇ ਯਾਦ ਨਾ ਰਹਿੰਦੇ, ਮੈਨੂੰ ਮਨ ਦੀ ਲਹਿਰ ਦੇ ਅੰਦਰ । ਪਿੰਡ ਅਜੇ ਵੀ ਪਿੱਛਾ ਕਰਦਾ, ਦਿਨ ਤੇ ਰਾਤ ਪਹਿਰ ਤੇ ਘੜੀਆਂ, ਅੱਧੀ ਸਦੀ ਗੁਜ਼ਾਰੀ ਭਾਵੇਂ, ਮੈਂ ਲੁਧਿਆਣੇ ਸ਼ਹਿਰ ਦੇ ਅੰਦਰ। ਗੁਰਭਜਨ ਗਿੱਲ



ਚੁੱਪ ਕੀਤਾ ਘੁੱਗੀਆਂ ਦਾ ਜੋੜਾ,ਵੇਖ ਰਿਹਾ ਏ ਜਗਤ ਜਲੰਦਾ। ਭੋਲ਼ੇ ਪੰਛੀ ਉਲਝਣ ਵਿੱਚ ਨੇ ਸਮਝ ਨਾ ਆਵੇ ਗੋਰਖ ਧੰਦਾ। ਆਖ ਰਹੇ ਸੀ ਮੈਂ ਜੋ ਸੁਣਿਆ,ਕਿੱਧਰ ਮਰ ਗਏ ਅਕਲਾਂ ਵਾਲੇ, ਪਸ਼ੂਆਂ ਵਾਂਗੂੰ ਚਾਰੀ ਜਾਵੇ, ਚਾਬਕ ਫੜ ਕੇ ਇੱਕੋ ਬੰਦਾ। ਗੁਰਭਜਨ ਗਿੱਲ



ਹੁਣ ਤੈਨੂੰ ਸਮਝਾਵੇ ਕਿਹੜਾ, ਖੁਸ਼ਬੂ ਦਾ ਕੋਈ ਦੇਸ ਨਹੀਂ ਹੁੰਦਾ। ਨਿਰਮਲ ਨੀਰ, ਹਵਾ ਦਾ ਜਿੱਸਰਾਂ, ਰੰਗ ਬਰੰਗ ਭੇਸ ਨਹੀਂ ਹੁੰਦਾ। ਜੇ ਕੁਦਰਤ ਨੂੰ ਮਾਂ ਪਿਉ ਕਹੀਏ, ਇਸ ਦੀ ਗੋਦੀ ਖਿੜ ਕੇ ਬਹੀਏ, ਕੁੱਲ ਆਲਮ ਮਲਕੀਅਤ ਬਣ ਜੇ, ਕੋਈ ਵੀ ਥਾਂ ਪਰਦੇਸ ਨਹੀਂ ਹੁੰਦਾ। ਗੁਰਭਜਨ ਗਿੱਲ




ਹਿੰਮਤ ਬਾਝੋਂ, ਭਲਿਆ ਲੋਕਾ, ਆਸ ਦੇ ਬੂਟੇ ਸੁੱਕ ਜਾਂਦੇ ਨੇ। ਮਾਰ ਗੁਲੇਲਾਂ ਜੇ ਨਾ ਵਰਜੋ, ਤੋਤੇ ਅੰਬੀਆਂ ਟੁੱਕ ਜਾਂਦੇ ਨੇ। ਖੂਹ ਦੀ ਮਾਲ੍ਹ ਜਿਹਾ ਤੂੰ ਹੋ ਜਾ, ਟਿੰਡਾਂ ਭਰ ਭਰ ਧਰਤੀ ਸਿੰਜ ਦੇ, ਵਿਹਲਾ ਨਾ ਬਹਿ, ਏਸ ਤਰ੍ਹਾਂ ਤਾਂ, ਭਰੇ ਭੜੋਲੇ ਮੁੱਕ ਜਾਂਦੇ ਨੇ। ਗੁਰਭਜਨ ਗਿੱਲ



ਜੀਵਨ ਮੂਲ ਦਾ ਮਹਿੰਗਾ ਪੱਤਰਾ, ਸ਼ਬਦ ਗੁਰੂ ਹੈ ਸਰਬ ਨਿਰੰਤਰ। ਜੱਗ ਰੁਸ਼ਨਾਇਆ ਚਹੁਦਿਸ ਜਿਸਨੇ, ਜਾਗਤ ਜੋਤ ਨਾ ਰੱਖਦੀ ਅੰਤਰ। ਦੇ ਦਿੱਤਾ ਉਪਦੇਸ਼ ਜਗਾਇਆ, ਚਹੁੰ ਵਰਣਾਂ ਨੂੰ ਗੂੜ੍ਹੀ ਨੀਂਦੋਂ, ਸਰਬ ਧਰਮ ਸਨਮਾਨ ਤੇ ਆਦਰ, ਸਰਬਕਾਲ ਲਈ ਇੱਕੋ ਮੰਤਰ। ਗੁਰਭਜਨ ਗਿੱਲ


ਦਿਨ ਚੜ੍ਹਿਆ ਹੈ, ਸੂਰਜ ਵਿੱਚੋਂ ਤੇਰੇ ਨਕਸ਼ ਨਿਹਾਰ ਰਿਹਾ ਹਾਂ। ਕਿਰਨਾਂ ਵਿੱਚੋਂ ਤੇਰਾ ਚਿਹਰਾ, ਧੜਕਣ ਵਿੱਚ ਉਤਾਰ ਰਿਹਾ ਹਾਂ। ਤੇਰੀ ਨਾਭੀ ਵਿੱਚ ਕਸਤੂਰੀ, ਏਦਾਂ ਕੁਝ ਮਹਿਸੂਸ ਕਰਾਂ ਮੈਂ, ਮਹਿਕ ਦੁਆਰੇ ਪਹੁੰਚਣ ਦੇ ਲਈ ਆਪਣੇ ਪੰਖ ਪਸਾਰ ਰਿਹਾ ਹਾਂ। ਗੁਰਭਜਨ ਗਿੱਲ


ਫੁੱਲ ਨਹੀਂ, ਖ਼ੁਸ਼ਬੋਈ ਭਿੱਜਿਆ, ਹੁਣ ਹੀ ਤੇਰਾ ਖ਼ਤ ਮਿਲਿਆ ਹੈ। ਸਿਰਫ਼ ਜਿਸਮ ਨਾ, ਧੁਰ ਅੰਦਰ ਤੱਕ ਲੂੰ ਲੂੰ ਜਿੱਸਰਾਂ ਮਹਿਕ ਗਿਆ ਹੈ। ਏਸ ਤਰਜ਼ ਦੀ ਕਰੇਂ ਗੁ਼ਫ਼ਤਗੂ, ਨਿਰਸ਼ਬਦੀ ਪਰ ਸਭ ਕੁਝ ਆਖੇਂ, ਖਿੜਿਆ ਰਹਿ ਕੇ ਖੇੜਾ ਵੰਡੀਏ, ਫ਼ੁੱਲਾਂ ਤੋਂ ਮੈਂ ਸਮਝ ਲਿਆ ਹੈ।
ਗੁਰਭਜਨ ਗਿੱਲ


ਮਹਿਕ ਪਰੁੱਚਾ ਪੱਲੂ ਤੇਰਾ, ਕੋਲੋਂ ਖਹਿ ਕੇ ਲੰਘ ਗਿਆ ਹੈ।
ਕੁਝ ਪਲ ਬਹਿ ਜਾ,ਦਿਲ ਦੀ ਕਹਿ ਜਾ ਆਖਣ ਤੋਂ ਮਨ
ਸੰਗ ਗਿਆ ਹੈ। ਏਨਾ ਹੀ ਧਰਵਾਸ ਬਥੇਰਾ, ਯਾਦਾਂ
ਅੰਦਰ ਸਾਂਭ ਲਿਆ ਮੈਂ, ਪੋਲੇ ਕਦਮੀ ਤੁਰਨਾ ਤੇਰਾ, ਮਨ
ਦੀ ਦੁਨੀਆ ਰੰਗ ਗਿਆ ਹੈ। ਗੁਰਭਜਨ ਗਿੱਲ




ਜਾਨ ਤੋਂ ਪਿਆਰੇ ਜੇ ਨਾ ਮਾਨਣ ,ਖੁਸ਼ੀਆਂ ਜਾਣ ਕਰੰਡੀਆਂ। ਮੋਹ ਦੇ ਪਾਣੀ ਬਾਝੋਂ ਤਰਸਣ, ਸੁਰਖ਼ ਫੁੱਲਾਂ ਦੀਆਂ ਡੰਡੀਆਂ। ਪਰ ਜੇ ਸੱਤ ਬੇਗਾਨਾ ਕੋਈ, ਮੀਂਹ ਮੁਸਕਾਨ ਤਰੌਂਕੇ , ਰੂਹ ਵਿੱਚ ਵਗਦਾ ਹੈ ਪੁਰਵੱਈਆ, ਮਹਿਕਦੀਆਂ ਪਗਡੰਡੀਆਂ। ਗੁਰਭਜਨ ਗਿੱਲ



ਬੰਸਰੀ ਵਿਚ ਫੂਕ ਮਾਰੀਂ, ਦੇ ਤੂੰ ਇਸਨੂੰ ਜ਼ਿੰਦਗੀ। ਇੱਕ ਲੱਤ ਦੇ ਭਾਰ ਬਾਂਸਾਂ ਬਹੁਤ ਕੀਤੀ ਬੰਦਗੀ। ਰੁਮਕਦੀ ਵੇਖੀਂ, ਸੁਣੀਂ ਤੂੰ ਆਪ ਗਾਉਂਦੀ ਕਾਇਨਾਤ, ਇੰਜ ਹੀ ਫੁੱਲਾਂ 'ਚ ਭਰਦੀ ਮਹਿਕ ਵੀ ਤੇ ਤਾਜ਼ਗੀ। ਗੁਰਭਜਨ ਗਿੱਲ



ਹੁੱਬਿਆ ਨਾ ਫਿਰ, ਤੇਰੀ ਮੁੱਠੀ ਅੰਦਰ ਕੁੱਲ ਸੰਸਾਰ ਨਹੀਂ ਹੈ। ਇੱਕ ਦੂਜੇ ਦੀ ਅੱਜ ਕੱਲ੍ਹ ਸਾਨੂੰ, ਖ਼ਬਰ ਤਾਂ ਹੈ, ਪਰ ਸਾਰ ਨਹੀਂ ਹੈ। ਇੱਕ ਛੱਤ ਹੇਠ ਇਕੱਠੇ ਰਹੀਏ, ਪਰ ਬਟਿਆਂ ਵਿੱਚ ਵੰਡੇ ਪਏ ਹਾਂ, ਇੰਟਰਨੈੱਟ ਤੇ ਘੱਲਦੈਂ ਜੋ ਤੂੰ, ਫ਼ੋਟੋ ਹੈ, ਪਰਿਵਾਰ ਨਹੀਂ ਹੈ। ਗੁਰਭਜਨ ਗਿੱਲ



ਮੰਨਿਆ ਦਰਦ ਦਿਲੇ ਦਾ ਜੁੜ ਕੇ ਪਰਬਤ ਜੇਡਾ ਹੋ ਸਕਦਾ ਹੈ। ਇਸ ਦੀ ਅੱਖ ਪਥਰੀਲੀ ਵਿਚੋਂ, ਇੱਕ ਅੱਧ ਅੱਥਰ ਚੋ ਸਕਦਾ ਹੈ। ਤੂੰ ਕਹਿੰਦਾ ਏ, ਇਸ ਧਰਤੀ ਤੇ, ਹੁਣ ਤੇ ਕੁਝ ਵੀ ਹੋ ਨਹੀਂ ਸਕਦਾ, ਮੈਂ ਕਹਿੰਦਾ ਹਾਂ, ਨਿਸ਼ਚਾ ਕਰਕੇ, ਜੋ ਚਾਹੀਏ ਉਹ ਹੋ ਸਕਦਾ ਹੈ।ਗੁਰਭਜਨ ਗਿੱਲ



ਖ਼ੁਸ਼ਬੂ, ਚਾਰ ਚੁ਼ਫ਼ੇਰੇ ਖ਼ੁਸ਼ਬੂ, ਰੂਹ ਤੋਂ ਰੂਹ ਵਿਚਕਾਰ ਫ਼ਾਸਲਾ। ਜਿਉਂ ਰਿਸ਼ਮਾਂ ਤੇ ਚੰਨ ਦੇ ਅੰਦਰ, ਹੁੰਦਾ ਨਹੀਂ ਵਿਚਕਾਰ ਫ਼ਾਸਲਾ। ਯਾਦ ਕਰਾਂ ਤੂੰ ਸਨਮੁਖ ਹੋਵੇਂ, ਸਗਵੀਂ ਸਾਲਮ ਸਾਬਤ ਸੂਰਤ, ਅੱਖੀਆਂ ਖੋਲਾਂ ਨਜ਼ਰ ਨਾ ਆਵੇਂ, ਦੋ ਸਾਹਾਂ ਵਿਚਕਾਰ ਫ਼ਾਸਲਾ। ਗੁਰਭਜਨ ਗਿੱਲ



ਮਨ ਵਿੱਚ ਲਗਨ ਸਲਾਮਤ ਰੱਖ ਤੂੰ, ਅੱਜ ਵੀ ਤੇਰਾ ਕੱਲ੍ਹ ਵੀ ਤੇਰਾ। ਏਸ ਅਗਨਿ ਹੀ ਸਦਾ ਚੀਰਿਆ, ਕਾਲਖ਼ ਵਾਲਾ ਸੰਘਣਾ ਘੇਰਾ। ਜੇਕਰ ਢੇਰੀ ਢਾਹ ਕੇ ਬਹਿ ਗਿਆ,ਦਮ ਉੱਖੜੇਗਾ, ਫਿਰ ਨਾ ਝੂਰੀ, ਖਾਂਦਾ ਖਾਂਦਾ ਖਾ ਜਾਵੇਗਾ ,ਤੈਨੂੰ ਏਦਾਂ ਗੂੜ੍ਹ ਹਨ੍ਹੇਰਾ। ਗੁਰਭਜਨ ਗਿੱਲ




ਪਾਰ ਲੰਘਾਵੇਗਾ ਹੁਣ ਕਿਹੜਾ, ਬੇੜੀ ਵਿੱਚ ਮਲਾਹ ਨਹੀਂ ਦਿਸਦਾ। ਤਰ ਕੇ ਪਾਰ ਕਰਾਂ ਮੈਂ ਆਪੇ, ਏਨਾ ਪੱਕਾ ਸਾਹ ਨਹੀਂ ਦਿਸਦਾ। ਕੰਢੇ ਬਹਿ ਕੇ ਸੋਚ ਰਿਹਾਂ ਮੈਂ,ਪਰਤਾਂ ਜਾਂ ਫਿਰ ਹੋਰ ਉਡੀਕਾਂ,ਦੂਰ ਦੂਰ ਤੱਕ ਨਜ਼ਰ ਘੁੰਮਾਵਾਂ, ਆਉਂਦਾ ਬੇਪ੍ਰਵਾਹ ਨਹੀਂ ਦਿਸਦਾ। ਗੁਰਭਜਨ ਗਿੱਲ



ਨਜ਼ਰ ਟਿਕਾ ਜੇ ਵੇਖ ਲਵੇਂ ਤੂੰ, ਕਤਰੇ ਵਿੱਚ ਦਰਿਆ ਦਾ ਵਾਸਾ। ਏਸ ਤਰ੍ਹਾਂ ਹੀ ਭਰ ਜਾਵੇਗਾ ਤੇਰੇ ਮਨ ਦਾ ਖ਼ਾਲੀ ਕਾਸਾ। ਵਗਦੇ ਪਾਣੀ ਕੰਢੇ ਬਰਿ ਕੇ,ਵੇਖ ਕਿਵੇਂ ਜਲ-ਕਲਵਲ ਖੇਡੇ, ਬਿੰਦੂ ਵਿੱਚ ਬ੍ਰਹਿਮੰਡ ਸਮਾਇਆ, ਵੇਖ ਕਦੇ ਤੂੰ ਇਹ ਵੀ ਪਾਸਾ। ਗੁਰਭਜਨ ਗਿੱਲ ,ਸਵੇਰ ਫੋਟੋ: ਤੇਜ ਪਰਤਾਪ ਸਿੰਘ ਸੰਧੂ



ਪਰਸੋਂ ਸ਼ਾਇਰ ਵੀਰ ਗੁਰਤੇਜ ਕੋਹਾਰਵਾਲਾ ਮਿਲਣ ਆਇਆ ਤਾਂ ਸਾਡੀ ਪੋਤਰੀ ਅਸੀਸ ਕੌਰ ਉਸਨੂੰ ਆਪ ਬਣਾਇਆ ਕੋਲਾਜ ਦਿਖਾਉਣ ਲੱਗ ਪਈ। ਮੇਰੇ ਲਈ ਇਹ ਵੇਖਣਾ ਵਿਸਮਾਦੀ ਪਲਾਂ ਵਾਂਗ ਸੀ। ਗੁਰਭਜਨ ਗਿੱਲ



ਬਾਕੀ ਛੱਡ ਤੂੰ, ਮੇਰਾ ਦਿੱਤਾ, ਆਹ ਇੱਕ ਸੁਰਖ਼ ਗੁਲਾਬ ਸਾਂਭ ਲੈ। ਤੇਰਾ ਰਾਹ ਰੁਸ਼ਨਾਉਣਾ ਜਿਸਨੇ, ਦੂਜੀ ਪਾਕ ਕਿਤਾਬ ਸਾਂਭ ਲੈ। ਹਥਿਆਰਾਂ ਤੇ ਮਾਣ ਕਰਦਿਆ, ਇਨ੍ਹਾਂ ਸਭਨਾਂ ਦਾ ਮੂੰਹ ਕਾਲ਼ਾ, ਪਿਆਰ ਤਰੌਂਕਾ ਮਾਰ ਪਿਆਰੇ, ਭਖ਼ਦਾ ਹੈ ਪੰਜਾਬ, ਸਾਂਭ ਲੈ। ਗੁਰਭਜਨ ਗਿੱਲ



ਰੰਗ ਰਾਗ ਤੇ ਸ਼ਬਦ ਮੁਕੰਮਲ ਜ਼ਿੰਦਗੀ ਅੰਦਰ ਰੰਗ ਭਰਦੇ ਨੇ। ਇਨ੍ਹਾਂ ਤੋਂ ਬਿਨ ਰੂਹ ਦੇ ਪੰਛੀ ਗਗਨ ਉਡਾਰੀ ਕਦ ਭਰਦੇ ਨੇ। ਪਰ ਸਾਡੀ ਤਾਂ ਧਰਤ ਬਰਾਨੀ ਤੇ ਕਲਰਾਠੀ ਬੀਜ ਨਾ ਪੁੰਗਰੇ, ਰੋਟੀ ਦੀ ਜੰਗ ਲੜਦਿਆਂ ਏਥੇ ਸੁਪਨ ਕਰੋੜਾਂ ਨਿੱਤ ਮਰਦੇ ਨੇ। ਗੁਰਭਜਨ ਗਿੱਲ



ਜ਼ੋਰ ਜ਼ੁਲਮ ਦੀ ਤੇਜ਼ ਹਨ੍ਹੇਰੀ, ਸਦਾ ਸਦਾ ਜੋ ਤਣ ਕੇ ਅੜਿਆ। ਸਬਰ,ਸਿਦਕ ,ਸੰਤੋਖ ,ਸਮਰਪਣ ਸ਼ਕਤੀ ਸਦਕਾ ਜੋ ਨਾ ਝੜਿਆ। ਉਸ ਮਿੱਟੀ ਨੂੰ ਕੋਟਿ ਸਲਾਮਾਂ, ਦਿਨ ਤੇ ਰਾਤ ਡੰਡਾਉਤ ਪਿਆਰੇ, ਸਗਲ ਗਲੋਬ 'ਚ ਵਾਂਗ ਨਗੀਨੇ, ਦੇਸ ਪੰਜਾਬ ਵੀ ਤਾਂਹੀਉਂ ਜੜ੍ਹਿਆ।
ਗੁਰਭਜਨ ਗਿੱਲ




ਤੇਰੀ ਮੇਰੀ ਰੂਹ ਦਾ ਚੰਬਾ ਖਿੜ ਕੇ ਜੱਗ ਮਹਿਕਾ ਸਕਦਾ ਹੈ। ਧਰਤੀ ਬੁੱਕਲ ਬਣ ਸਕਦੀ ਹੈ, ਸੂਰਜ ਨੇੜੇ ਆ ਸਕਦਾ ਹੈ। ਪੀਂਘ ਪਈ ਅਸਮਾਨੀ ਵਿਚਲੇ ਸੱਤੇ ਰੰਗ ਮੁਸਕਾਨ ਚ ਭਰ ਲੈ, ਕੋਸ਼ਿਸ਼ ਕਰਕੇ ਵੇਖ ਜ਼ਰਾ ਤੂੰ, ਇਹ ਪਲ ਜੀਣ ਸਿਖਾ ਸਕਦਾ ਹੈ। ਗੁਰਭਜਨ ਗਿੱਲ


ਨਵੇਂ ਰੰਗ ਵਿਚ ਰੰਗ ਦੇ, ਮੈਨੂੰ ਮਹਿਕਾਂ ਭਰ ਕੇ। ਮਿੱਟੀ ਦਾ
ਬੁੱਤ ਛੂਹ ਕੇ, ਇਸ ਨੂੰ ਜੀਂਦਾ ਕਰ ਕੇ। ਮੇਰੇ ਦਿਲ ਤੇ ਹੱਥ
ਧਰ ਦੇ, ਇਹ ਧੜਕ ਪਵੇਗਾ, ਇਸ ਨੂੰ ਧੜਕਣ ਲਾ ਦੇ,
ਥੋੜ੍ਹੀ ਰਹਿਮਤ ਕਰ ਕੇ। ਗੁਰਭਜਨ ਗਿੱਲ



ਫੁੱਲ ਨਹੀਂ, ਖ਼ੁਸ਼ਬੋਈ ਭਿੱਜਿਆ, ਹੁਣ ਹੀ ਤੇਰਾ ਖ਼ਤ ਮਿਲਿਆ ਹੈ। ਸਿਰਫ਼ ਜਿਸਮ ਨਾ, ਧੁਰ ਅੰਦਰ ਤੱਕ ਲੂੰ ਲੂੰ ਜਿੱਸਰਾਂ ਮਹਿਕ ਗਿਆ ਹੈ। ਏਸ ਤਰਜ਼ ਦੀ ਕਰੇਂ ਗੁ਼ਫ਼ਤਗੂ, ਨਿਰਸ਼ਬਦੀ ਪਰ ਸਭ ਕੁ਼ਝ ਆਖੇਂ, ਖਿੜਿਆ ਰਹਿ ਕੇ ਖੇੜਾ ਵੰਡੀਏ, ਫ਼ੁੱਲਾਂ ਤੋਂ ਮੈਂ ਸਮਝ ਲਿਆ ਹੈ।

ਗੁਰਭਜਨ ਗਿੱਲ



ਪਰੇਸ਼ਾਨ ਹਾਂ ਵੇਖ ਵੇਖ ਕੇ, ਮਾਂ ਧਰਤੀ ਦੀ ਅਜਬ ਮੁਹਾਰਤ। ਹਰ ਪੱਤੇ ਤੇ ਕਿੱਦਾਂ ਲਿਖਦੀ, ਵੱਖਰੀ ਸੋਹਣੀ ਸਫ਼ਲ ਇਬਾਰਤ। ਸਿੱਖ ਨਹੀਂ ਸਕਿਆ ਮੈਂ ਪੁੱਤ ਹੋ ਕੇ,ਮਾਂ ਕੋਲੋਂ ਇਹ ਸਗਲ ਜ਼ਬਾਨਾਂ, ਬੁੱਝਦਿਆਂ ਹੀ ਥੱਕ ਚੱਲਿਆ ਹਾਂ, ਹਰ ਟਾਹਣੀ ਤੇ ਨਵੀਂ ਬੁਝਾਰਤ। ਗੁਰਭਜਨ ਗਿੱਲ



ਸੂਰਜ ਘੁਲ਼ ਫੁੱਲਾਂ ਵਿੱਚ ਰਲ਼ਿਆ,ਟਾਹਣਾਂ ਟਹਿਕਣ ਸੋਨ ਸੁਨਹਿਰੀ। ਧਰਤੀ ਤੇ ਵੀ ਵੇਖ ਲਿਆ ਕਰ,ਜਦ ਖਿੜ੍ਹਦੀ ਹੈ ਸੁਰਖ਼ ਦੁਪਹਿਰੀ। ਇਹ ਤਾਂ ਅਸਲ ਇਬਾਰਤ ਲਿਖਦੀ ਕੁਦਰਤ ਬਣਕੇ ਕਾਦਰ ਏਦਾਂ, ਤੈਨੂੰ ਇਹ ਕਿਉਂ ਸਮਝ ਪਵੇ ਨਾ,ਗੱਲ ਨਾ ਮਿੱਤਰਾ ਬਹੁਤੀ ਗਹਿਰੀ। ਗੁਰਭਜਨ ਗਿੱਲ



ਬੰਦਿਆ! ਕਿਉਂ ਨਹੀਂ ਬੰਦਾ ਬਣਦਾ, ਤੇਰੇ ਵਿੱਚ ਹੀ ਰੱਬ ਹੁੰਦਾ ਹੈ। ਮੋਹ, ਹੰਕਾਰ,ਕਰੋਧ ਕਾਮ ਤੇ ਪੰਜਵਾਂ ਵੈਰੀ ਲੱਬ ਹੁੰਦਾ ਹੈ। ਜੇ ਇਨ੍ਹਾਂ ਦਾ ਘੇਰਾ ਤੋੜ੍ਹੇਂ, ਤੇਰਾ ਮੇਰਾ ਫ਼ਰਕ ਨਾ ਕੋਈ, ਤੇਰੇ ਅੰਦਰ ਮੈ ਵੱਸਦਾ ਹਾਂ, ਬਾਕੀ ਸਾਰਾ ਯੱਭ ਹੁੰਦਾ ਹੈ। ਗੁਰਭਜਨ ਗਿੱਲ



ਸੋਚ ਸਮਝ ਕੇ ਜੀਣ ਜੋਗਿਆ, ਖ਼ੁਸ਼ਬੂ ਨਾਲ ਤੂੰ ਰਿਸ਼ਤਾ ਜੋੜੀਂ। ਮੋਹ ਦੀਆਂ ਤੰਦਾਂ ਨਾਜ਼ਕ ਹੁੰਦੀਆਂ ,ਵੇਖੀਂ ਤੂੰ ਵਿਸ਼ਵਾਸ ਨਾ ਤੋੜੀਂ। ਮਿਲੀਏ ਜਾਂ ਨਾ ਮਿਲੀਏ ਭਾਵੇਂ ,ਏਸ ਜਨਮ ਵਿੱਚ ਫੇਰ ਦੋਬਾਰਾ, ਮੇਰੀ ਰੂਹ ਰੁਸ਼ਨਾਉਣ ਵਾਲਿਆ ,ਵੇਖੀਂ ਕਿਧਰੇ ਕੰਡ ਨਾ ਮੋੜੀਂ। ਗੁਰਭਜਨ ਗਿੱਲ



ਸਮਝ ਲਿਆ ਕਰ ਖ਼ੁਸ਼ਬੂ ਜਹੀਏ, ਹਰ ਰਿਸ਼ਤੇ ਦਾ ਨਾਂ ਨਹੀਂ ਹੁੰਦਾ। ਯਾਦ ਕਰਨ ਤੇ ਮਿਲ ਜਾਈਏ ਜਦ, ਇੱਕ ਵੀ ਕਦਮ ਅਗਾਂਹ ਨਹੀਂ ਹੁੰਦਾ। ਧਰਤੀ ਸੂਰਜ ਰੋਜ਼ ਮਿਲਣ ਪਰ ਇਹ ਕੀ ਲੇਖ ਲਿਖਾਏ ਦੋਹਾਂ, ਮੁਲਾਕਾਤ ਲਈ ਅਜ਼ਲਾਂ ਤੋਂ ਹੀ ਕੋਈ ਵੀ ਨਿਸ਼ਚਤ ਥਾਂ ਨਹੀਂ ਹੁੰਦਾ।

ਗੁਰਭਜਨ ਗਿੱਲ




ਥੋੜ੍ਹ-ਜ਼ਮੀਨੇ ਜੱਟ ਦਾ ਪੁੱਤ ਸਾਂ, ਇੱਕੋ ਨਸ਼ਾ ਉਡਾਈ ਫਿਰਦਾ। ਸ਼ਬਦ ਸਲਾਮਤ ਰੱਖਣ ਖ਼ਾਤਰ, ਕਵਿਤਾ ਲਿਖਦਾਂ ਕਾਫ਼ੀ ਚਿਰ ਦਾ। ਹੋਰ ਨਸ਼ੇ ਦੀ ਲੋੜ ਨਾ ਕੋਈ, ਮੇਰੇ ਪੱਲੇ ਕਿੰਨੀ ਸ਼ਕਤੀ, ਲੱਖੀ ਜੰਗਲ ਬਣਦੇ ਆਪੇ, ਲੋਕ ਪਿਆਰੇ ਤੇ ਚੌਗਿਰਦਾ। ਗੁਰਭਜਨ ਗਿੱਲ



ਸੁੱਚੀਆਂ ਮੁਹੱਬਤਾਂ ਦਾ ਹੁੰਦਾ ਕੋਈ ਨਾਂ ਨਹੀਂ। ਮਹਿਕ ਨੂੰ ਲੋੜੀਂਦੀ ਸੂਈ-ਨੱਕੇ ਜਿੰਨੀ ਥਾਂ ਨਹੀਂ। ਧਰਤੀ, ਜ਼ਬਾਨ, ਤੀਜੀ ਮਾਂ-ਰਾਣੀ ਦੋਸਤੋ! ਇਨ੍ਹਾਂ ਨਾਲੋਂ ਦੁਨੀਆਂ ਤੇ ਠੰਢੀ ਮਿੱਠੀ ਛਾਂ ਨਹੀਂ। ਗੁਰਭਜਨ ਗਿੱਲ




ਚੁੱਪ ਦੀ ਵਲਗਣ ਤੋੜਨ ਮਗਰੋਂ,ਦਿਲ ਕਰਦੈ ,ਹੁਣ ਗੱਲਾਂ ਕਰੀਏ। ਰੂਹ ਵੱਲੋਂ ਨਿਰਵਸਤਰ ਹੋ ਕੇ, ਇਤਰ ਸਰੋਵਰ ਦੇ ਵਿੱਚ ਤਰੀਏ। ਰੰਗਾਂ ਦੇ ਦਰਿਆ ‘ਚੋਂ ਭਰੀਏ,ਸੱਤਰੰਗੀ ਪਿਚਕਾਰੀ ਆਪਾਂ, ਜਿੱਥੇ ਜਿੱਥੇ ਕੋਰੇ ਵਰਕੇ, ਮਨਚਾਹੇ ਸਾਰੇ ਰੰਗ ਸਾਰੇ ਭਰੀਏ। ਗੁਰਭਜਨ ਗਿੱਲ


ਕੁਦਰਤ ਤੈਨੂੰ ਕੀ ਕੁਝ ਦੇਵੇ, ਕਰ ਸ਼ੁਕਰਾਨਾ ਫੜਿਆ ਕਰ ਤੂੰ। ਏਸ ਤਰ੍ਹਾਂ ਜਦ ਚਿੱਠੀਆਂ ਪਾਵੇ, ਅੱਖਰ ਅੱਖਰ ਪੜ੍ਹਿਆ ਕਰ ਤੂੰ। ਹਿਰਨਾਂ ਦੇ ਸਿੰਗਾਂ ਤੇ ਚੜ੍ਹ ਕੇ ਲੰਘ ਜਾਨੈਂ ਤੂੰ ਮਾਰ ਫੱਰਾਟੇ, ਕੁਝ ਪਲ ਫੁੱਲਾਂ ਕੋਲ ਬੈਠ ਕੇ, ਸਹਿਜ ਸਵਾਸੀਂ ਮੜ੍ਹਿਆ ਕਰ ਤੂੰ। ਗੁਰਭਜਨ ਗਿੱਲ



ਰੰਗ ਰਾਗ ਤੇ ਸ਼ਬਦ ਮੁਕੰਮਲ ਜ਼ਿੰਦਗੀ ਅੰਦਰ ਰੰਗ ਭਰਦੇ ਨੇ। ਇਨ੍ਹਾਂ ਤੋਂ ਬਿਨ ਰੂਹ ਦੇ ਪੰਛੀ ਗਗਨ ਉਡਾਰੀ ਕਦ ਭਰਦੇ ਨੇ। ਪਰ ਸਾਡੀ ਤਾਂ ਧਰਤ ਬਰਾਨੀ ਤੇ ਕਲਰਾਠੀ ਬੀਜ ਨਾ ਪੁੰਗਰੇ, ਰੋਟੀ ਦੀ ਜੰਗ ਲੜਦਿਆਂ ਏਥੇ ਸੁਪਨ ਕਰੋੜਾਂ ਨਿੱਤ ਮਰਦੇ ਨੇ।ਗੁਰਭਜਨ ਗਿੱਲ


ਜ਼ਿੰਦਗੀ ਹੈ ਰੰਗਾਂ ਦਾ ਮੇਲਾ, ਵੇਖੋ ਜੇਕਰ ਖੋਲ੍ਹ ਕੇ ਅੱਖੀਆਂ। ਮਹਿਲਾਂ ਨਾਲ ਗੁਆਂਢੀ ਝੁੱਗੀਆਂ,ਝੱਲਣ ਜੋ ਦਿਨ ਰਾਤੀਂ ਪੱਖੀਆਂ। ਤਿਤਲੀ ਭੰਵਰੇ ਫੁੱਲ ਨੂੰ ਚੁੰਮਦੇ, ਲੱਭਦੀਆਂ ਗੰਦਗੀ ਨੂੰ ਮੱਖੀਆਂ। ਇਹ ਸਾਡੇ ਤੇ ਨਿਰਭਰ ਮਿੱਤਰੋ, ਨਜ਼ਰਾਂ ਕਿਹੜੀ ਥਾਂ ਤੇ ਰੱਖੀਆਂ। ਗੁਰਭਜਨ ਗਿੱਲ



ਸਿਰ ਤੇ ਛਤਰੀ ਤਾਂ ਹੀ ਜਚਦੀ,ਪੈਰਾਂ ਹੇਠ ਜ਼ਮੀਨ ਜੇ ਹੋਵੇ।
ਚਿਹਰਾ ਜਦੋਂ ਗੁਆਚ ਗਿਆ ਤਾਂ ਕਿਹੜਾ ਪੁੰਝੇ,ਕਿਹੜਾ ਧੋਵੇ। ਹੋਵੇ ਨਾ ਜੇ ਪੁੱਛਣ ਵਾਲਾ, ਡੁਸਕੇ, ਕਿਸਨੂੰ ਆਖ ਸੁਣਾਵੇ, ਦਿਲ ਦੀ ਹਾਲਤ ਕੀ ਦੱਸਾਂ ਮੈਂ, ਅੰਦਰ ਅੱਥਰੂ ਸੁੱਟ ਕੇ ਰੋਵੇ। ਗੁਰਭਜਨ ਗਿੱਲ



ਮਿਲੀਏ ਗਿਲੀਏ ਭਾਵੇਂ ਨਾ ਪਰ, ਦਿਲ ਦਰਵਾਜ਼ੇ ਬੰਦ ਨਾ ਕਰੀਏ। ਉਮਰ ਗੁਆਚ ਗਈ ਤਾਂ ਮਗਰੋਂ, ਐਵੇਂ ਨਾ ਫਿਰ ਹਾਉਕੇ ਭਰੀਏ। ਖ਼ੁਸ਼ਬੂ ਨੂੰ ਤਾਂ ਦੇਸ਼ ਕਾਲ ਦੀ, ਕਦੇ ਗੁਲਾਮੀ ਹੁੰਦੀ ਨਹੀਂਉਂ, ਇਹ ਜ਼ਿੰਦਗਾਨੀ ਫਿਰ ਨਾ ਮਿਲਣੀ, ਆ ਜਾ ਇਤਰ ਸਰੋਵਰ ਤਰੀਏ। ਗੁਰਭਜਨ ਗਿੱਲ



ਕੁੱਲ ਸ੍ਰਿਸ਼ਟੀ ਉੱਤੇ ਜਦ ਸੀ ਅਰਬਦ ਨਰਬਦ ਧੁੰਦੂਕਾਰਾ। ਚੜ੍ਹਿਆ ਸੋਧਣ ਧਰਤ ਲੋਕਾਈ, ਨਨਕਾਣੇ ਤੋਂ ਨਾਨਕ ਪਿਆਰਾ। ਓਸ ਕਿਹਾ ਹੇ!ਭਟਕੇ ਰਾਹੀਓ, ਭਟਕਣ ਛੱਡੋ ਸਮਝ ਲਵੋ ਇਹ, ਇੱਕੋ ਹੀ ਓਂਕਾਰ ਹੈ ਜਿਸ ਦਾ ਗਤ ਮਿਤ ਹੀਣ ਅਨੰਤ ਪਸਾਰਾ। ਗੁਰਭਜਨ ਗਿੱਲ



ਵੇਖ ਕਿਵੇਂ ਬਿਰਖਾਂ ਦੇ ਪੱਤਰ, ਲਾਲ ਤੇ ਪੀਲ਼ੇ ਵਿੱਛੜਨ ਵੇਲੇ। ਪਰੇਸ਼ਾਨ ਹਨ,ਸੋਚ ਰਹੇ ਨੇ,ਹੋਣਗੇ ਕਦੋਂ ਦੋਬਾਰਾ ਮੇਲੇ। ਪਰ ਮੇਰਾ ਵਿਸ਼ਵਾਸ ਅਟੱਲ ਹੈ, ਜੇਕਰ ਜੜ੍ਹਾਂ ਸਲਾਮਤ ਰਹੀਆਂ, ਫਿਰ ਪੁੰਗਰਨੀਆਂ ਲਗਰਾਂ ਉੱਤੇ,ਨਰਮ ਕਰੂੰਬਲਾਂ,ਜੰਗਲ ਬੇਲੇ। ਗੁਰਭਜਨ ਗਿੱਲ




ਬੰਦਿਆ! ਕਿਉਂ ਨਹੀਂ ਬੰਦਾ ਬਣਦਾ, ਤੇਰੇ ਵਿੱਚ ਹੀ ਰੱਬ ਹੁੰਦਾ ਹੈ। ਮੋਹ, ਹੰਕਾਰ,ਕਰੋਧ ਕਾਮ ਤੇ ਪੰਜਵਾਂ ਵੈਰੀ ਲੱਬ ਹੁੰਦਾ ਹੈ। ਜੇ ਇਨ੍ਹਾਂ ਦਾ ਘੇਰਾ ਤੋੜ੍ਹੇਂ, ਤੇਰਾ ਮੇਰਾ ਫ਼ਰਕ ਨਾ ਕੋਈ, ਤੇਰੇ ਅੰਦਰ ਮੈ ਵੱਸਦਾ ਹਾਂ, ਬਾਕੀ ਸਾਰਾ ਯੱਭ ਹੁੰਦਾ ਹੈ। ਗੁਰਭਜਨ ਗਿੱਲ



ਚੁੱਪ ਦੀ ਵਲਗਣ ਤੋੜਨ ਮਗਰੋਂ,ਦਿਲ ਕਰਦੈ ,ਹੁਣ ਗੱਲਾਂ ਕਰੀਏ। ਰੂਹ ਵੱਲੋਂ ਨਿਰਵਸਤਰ ਹੋ ਕੇ, ਇਤਰ ਸਰੋਵਰ ਦੇ ਵਿੱਚ ਤਰੀਏ। ਰੰਗਾਂ ਦੇ ਦਰਿਆ 'ਚੋਂ ਭਰੀਏ,ਸੱਤਰੰਗੀ ਪਿਚਕਾਰੀ ਆਪਾਂ, ਜਿੱਥੇ ਜਿੱਥੇ ਕੋਰੇ ਵਰਕੇ, ਮਨਚਾਹੇ ਸਾਰੇ ਰੰਗ ਸਾਰੇ ਭਰੀਏ। ਗੁਰਭਜਨ ਗਿੱਲ


ਘੁੰਮਣਘੇਰ 'ਚ ਘਿਰ ਕੇ ਕਹੀਏ, ਜ਼ਿੰਦਗੀ ਤਾਂ ਜੰਜਾਲ
ਜਹੀ ਹੈ। ਸਹਿਜਮਤੇ ਜੇ ਤੁਰੀਏ ਆਪਾਂ ਇਹ ਹੀ ਸਰਲ
ਸਵਾਲ ਜਹੀ ਹੈ। ਨਜ਼ਰ, ਨਜ਼ਰੀਆ ਅੱਡਰੀ ਸ਼ੈ ਨੇ,
ਸਮਝ ਪਵੇ ਤਾਂ ਮਸਲਾ ਹੱਲ ਹੈ, ਹਰ ਬੰਦੇ ਦੇ ਅੰਦਰ
ਕਵਿਤਾ, ਧੜਕਣ ਸੁਰ ਤੇ ਤਾਲ ਜਹੀ ਹੈ। ਗੁਰਭਜਨ ਗਿੱਲ



ਬੀਜ ਬਣੇ ਹਰਿਆਲਾ ਬੂਟਾ, ਖਿੜ੍ਹਦੇ ਨੇ ਫੁੱਲ ਵੰਨ ਸੁਵੰਨੇ।
ਕੁਦਰਤ ਪੈਰੀਂ ਪਾ ਕੇ ਝਾਂਜਰ, ਛਣਕਾਉਂਦੀ ਜਿਉਂ ਬੰਨੇ ਚੰਨੇ। ਮਨ ਮਸਤਕ ਵਿੱਚ ਸਰਗਮ ਛਿੜ੍ਹਦੀ, ਧੁਰ ਅੰਦਰ ਤੱਕ ਬਿਜਲੀ ਚਮਕੇ, ਇਸ ਪੁਸਤਕ ਦਾ ਪਾਠ ਅਲੱਗ ਹੈ, ਵਿਸਮਾਦੀ ਨੇ ਸਾਰੇ ਪੰਨੇ। ਗੁਰਭਜਨ ਗਿੱਲ




ਰੂਹ ਦੀ ਤਾਰ ਹਿਲਾ ਮੇਰੀ ਜਿੰਦੀਏ, ਧਰਤੀ ਗਾਵਣ ਲਾ।
ਬ੍ਰਹਿਮੰਡ ਨੂੰ ਚੁੱਪ ਖਾ ਨਾ ਜਾਵੇ, ਸਰਗਮ ਕੰਠ ਛੁਹਾ।
ਆਪੋ ਆਪਣਾ ਹਿੱਸਾ ਪਾਈਏ, ਸ਼ਬਦ, ਧੁਨਾਂ ਰੰਗ ਸਾਰੇ,
ਇਹ ਵੇਲਾ ਜੇ ਖੁੰਝ ਗਿਆ ਤਾਂ, ਰਹਿ ਜਾਣਾ ਪਛਤਾਅ।
ਗੁਰਭਜਨ ਗਿੱਲ




ਬਣ ਮੇਰੇ ਅੰਬਰ ਦਾ ਸੂਰਜ, ਨੀ ਚਾਨਣ ਦੀ ਟਿੱਕੀ ਜਹੀਏ।
ਮਹਿਕ ਨਿਥਾਵੀਂ , ਭਟਕੇ ਨਾ ਹੁਣ, ਇੱਕ ਦੂਜੇ ਦੇ ਦਿਲ ਵਿੱਚ ਲਹੀਏ। ਧਰਤੀ ਦੀ ਲਾਲੀ ਹਰਿਆਲੀ, ਅੰਬਰ ਦੀ ਸਤਰੰਗੀ ਵਾਲੇ, ਕਿੱਥੋਂ ਇਹ ਰੰਗ ਮਿਲਦੇ ਸਾਰੇ, ਉਸ ਦਰ ਦਾ ਸਿਰਨਾਵਾਂ ਲਈਏ।ਗੁਰਭਜਨ ਗਿੱਲ



ਮੰਜ਼ਿਲ ਬਹੁਤੀ ਦੂਰ ਨਾ ਹੁੰਦੀ , ਜੇਕਰ ਸਾਫ਼ ਨਿਸ਼ਾਨਾ ਹੋਵੇ। ਨਿਸ਼ਚਾ,ਹਿੰਮਤ, ਚਾਅ ਪਹੁੰਚਣ ਦਾ, ਚੌਥਾ ਤਨ ਨਜ਼ਰਾਨਾ ਹੋਵੇ। ਮੁਸ਼ਕਿਲ ਦੀ ਵੀ ਜ਼ੁਅਰਤ ਪਵੇ ਨਾ, ਐਸੇ ਰਾਹੀ ਦਾ ਰਾਹ ਰੋਕੇ,ਪਰਬਤ ਦੀ ਚੋਟੀ ਤੋਂ ਵੇਖਿਉ, ਆਪੇ ਮਗਰ ਜ਼ਮਾਨਾ ਹੋਵੇ। ਗੁਰਭਜਨ ਗਿੱਲ



ਜੋ ਕੁਝ ਵਕਤ ਹਵਾ ਵਿੱਚ ਲਿਖਿਆ, ਉਸਨੂੰ ਪੜ੍ਹਨਾ ਸਿੱਖ ਲਿਆ ਹੈ। ਰਾਤ ਦੇ ਕੇਸੀਂ ਚੰਨ ਸਿਤਾਰੇ,ਕਿੱਦਾਂ ਜੜ੍ਹਨੇ, ਸਿੱਖ ਲਿਆ ਹੈ। ਆਖ ਦਿਉ ਝੱਖੜ ਨੂੰ ਸਾਡਾ ਹੋਰ ਵਧੇਰੇ ਸਿਦਕ ਨਾ ਪਰਖੇ, ਅਸੀਂ ਵੀ ਇਸ ਦੇ ਜਬਰ ਦੇ ਅੱਗੇ, ਕਿੱਦਾਂ ਅੜਨਾ, ਸਿੱਖ ਲਿਆ ਹੈ। ਗੁਰਭਜਨ ਗਿੱਲ




ਧਰਤੀ ਦੀ ਬੁੱਕਲ ਵਿੱਚ ਸੋਨਾ,ਚਾਂਦੀ ਹੀਰੇ ਲੁਕੇ ਖ਼ਜ਼ਾਨੇ। ਸਾਗਰ ਦੀ ਤਹਿ ਹੇਠ ਪਏ ਸੀ ,ਮਾਣਕ ਮੋਤੀ ਲੱਖ ਨਜ਼ਰਾਨੇ। ਇਹ ਸਾਰਾ ਕੁਝ ਹਾਸਲ ਕਰਕੇ, ਭੁੱਖਿਆ ਤੂੰ ਭੁੱਖੇ ਦਾ ਭੁੱਖਾ, ਮਨ ਦਾ ਚੈਨ ਤੇ ਖੁਸ਼ੀਆਂ ਖੇੜੇ, ਤਾਹੀਂਓਂ ਤੈਥੋਂ ਬਣੇ ਬੇਗਾਨੇ। ਗੁਰਭਜਨ ਗਿੱਲ



ਜਿਸ ਦਿਨ ਦਾ ਤੂੰ ਰੁੱਸਿਆ ਸੱਜਣਾ, ਗੱਲਾਂ ਕਰਨੀਆਂ ਛੱਡੀਆਂ। ਦਿਨ ਤਾਂ ਹੋ ਗਏ ਲੰਮ-ਸੁ-ਲੰਮੇ, ਰਾਤਾਂ ਹੋਈਆਂ ਵੱਡੀਆਂ। 'ਕੱਲ੍ਹਿਆਂ ਦੀ ਦੱਸ ਕਾਹਦੀ ਜ਼ਿੰਦਗੀ, ਪੁੱਛਦੇ ਚੰਨ ਤੋਂ ਰਾਤੇ, ਨਿੱਤ ਦਸਤਕ ਨੂੰ ਪਿਆ ਉਡੀਕਾਂ, ਨਜ਼ਰਾਂ ਬੂਹੇ ਗੱਡੀਆਂ। ਗੁਰਭਜਨ ਗਿੱਲ



ਬੀਤ ਗਈ ਹੈ ਰਾਤ ਭਾਵੇਂ ਚੜ੍ਹ ਗਈ ਸਵੇਰ ਹੈ। ਮਨ ਵਿਚ ਓਸੇ ਤਰ੍ਹਾਂ ਕਾਲਖ਼ਾਂ ਤੇ ਨ੍ਹੇਰ ਹੈ। ਸੁਪਨੇ ਹਕੀਕਤਾਂ 'ਚ ਕਿੰਨਾ ਲੰਮਾ ਫ਼ਾਸਲਾ, ਹੱਕ ਤੇ ਬਰਾਬਰੀ 'ਚ ਅਜੇ ਕਿੰਨੀ ਦੇਰ ਹੈ।
ਗੁਰਭਜਨ ਗਿੱਲ



ਕਿੱਥੋਂ ਆਏ ਕਿੱਧਰ ਚੱਲੇ ਇਲਮ ਨਹੀਂ ਇਸ ਗੱਲ ਦਾ।
ਅੱਜ ਦਾ ਰੋਜ਼ ਖਿਸਕਿਆ ਹੱਥੋਂ, ਪਤਾ ਨਹੀਂ ਕੁਝ ਕੱਲ੍ਹ ਦਾ।
ਚਾਨਣੀਆਂ ਵਿੱਚ ਤੁਰਿਆਂ ਤੁਰਿਆ ਮਗਰ ਸਦਾ ਪਰਛਾਵਾਂ, ਰਾਤ ਪਈ ਤੇ ਭਲਿਆ ਲੋਕਾ ਕੌਣ ਕਿਸੇ ਸੰਗ ਚੱਲਦਾ। ਗੁਰਭਜਨ ਗਿੱਲ




ਭਾਗਾਂ ਭਰਿਆ ਦਿਨ ਚੜ੍ਹਿਆ ਹੈ, ਮਿਟ ਗਏ 'ਨ੍ਹੇਰੇ ਸਾਰੇ।
ਖਿੜੇ ਗੁਲਾਬ, ਕਿਆਰੀ ਮਹਿਕੇ, ਕਣ ਕਣ ਲਪਟਾਂ ਮਾਰੇ।
ਬੱਚਿਆਂ ਦੀ ਰੌਣਕ ਦੇ ਸਦਕਾ ਰਹਿਮਤ ਦਾ ਮੀਂਹ ਵਰ੍ਹਦਾ,
ਜੁਗ ਜੁਗ ਜੀਵੇਂ, ਖ਼ੁਸ਼ੀਆਂ ਮਾਣੇਂ, ਮਾਂ ਦੇ ਰਾਜ ਦੁਲਾਰੇ।
ਗੁਰਭਜਨ ਗਿੱਲ



ਤੇਰਾ ਖ਼ਤ ਮਿਲਿਆ ਤਾਂ ਲੱਗਿਆ, ਚੰਨ ਚਾਨਣੀ ਰਾਤ ਪਈ ਹੈ। ਕੀ ਦੱਸਾਂ, ਬਿਨ ਪੜ੍ਹਿਆਂ ਤੋਂ ਹੀ, ਇੰਨ ਬਿੰਨ ਤੇਰੀ ਝਾਤ ਪਈ ਹੈ। ਜਿਉਂ ਖ਼ੁਸ਼ਬੋਈ ਤੇ ਰੰਗ ਰਹਿੰਦੇ,ਭਾਰ ਕਦੇ ਨਹੀਂ ਬਣਦੇ ਫੁੱਲ ਤੇ, ਸੱਚ ਮੰਨੀਂ !ਇੰਜ ਲੱਗਿਆ,ਰੂਹ ਤੇ ਚਾਨਣ ਦੀ ਬਰਸਾਤ ਪਈ ਹੈ। ਗੁਰਭਜਨ ਗਿੱਲ


ਸੂਰਜਮੁਖੀਆ ਸੂਰਜ ਮੁੱਖੜਾ, ਪਰ ਸੂਰਜ ਵੱਲ ਮੂੰਹ ਨਹੀਂ ਹੁੰਦਾ। ਅਸਲ ਹਕੀਕਤ ਕਿਹੜਾ ਦੱਸੇ, ਹਰ ਥਾਂ ਤੇ ਤਾਂ ਤੂੰ ਨਹੀਂ ਹੁੰਦਾ। ਸਿੱਧੀ ਗੱਲ ਵੀ ਜੇ ਸਮਝਾਵੋ, ਸੁਣ ਲੈਂਦੇ, ਪਰ ਮੰਨਦੇ ਨਹੀਂਉਂ, ਕਦੇ ਹੁੰਗਾਰਾ ਭਰਦੇ ਨਹੀਂਉਂ, ਬਿਲਕੁਲ ਹਾਂ ਤੇ ਹੂੰ ਨਹੀਂ ਹੁੰਦਾ। ਗੁਰਭਜਨ ਗਿੱਲ



ਹੁਣੇ ਹੁਣੇ ਤੂੰ ਦਸਤਕ ਦਿੱਤੀ, ਧੁਰ ਅੰਦਰ ਤੱਕ ਰੂਹ ਰੁਸ਼ਨਾਈ। ਲੱਗਿਆ ਮਨ ਦੀ ਚੌਖਟ ਉੱਤੇ ਦੀਵਾ ਬੱਤੀ ਆਣ ਜਗਾਈ। ਖਿੜਿਆ ਜਿਵੇਂ ਗੁਲਾਬ ਟਾਹਣੀਏ, ਚਾਰ ਚੁਫ਼ੇਰੇ ਰੌਣਕ ਹੋਈ, ਯਾਦਾਂ ਗਲੀ ਵਿੱਚ ਝਾਂਜਰ ਛਣਕੀ, ਮੁੱਦਤ ਮਗਰੋਂ ਰੌਣਕ ਆਈ। ਗੁਰਭਜਨ ਗਿੱਲ



ਜੇਕਰ ਅਜੇ ਹਨ੍ਹੇਰਾ ਗੂੜ੍ਹਾ, ਹੋਰ ਘੜੀ ਤੱਕ ਸੂਰਜ ਚੜ੍ਹਨਾ।
ਦਿਨ ਦੇ ਚਿੱਟੇ ਚਾਨਣ ਅੰਦਰ ਸਾਂਝਾ ਸੁਪਨਾ ਰਲ਼ ਕੇ
ਘੜਨਾ। ਆਪੋ ਆਪਣੀ ਧਰਤੀ ਵੰਡੀ , ਤਾਂਹੀਂਉਂ ਸਭ ਦੇ
ਸੁਪਨ ਅਧੂਰੇ, ਆਪਣੀ ਹਉਮੈਂ ਲਾਹ ਸੁੱਟ ਮਾਰਿਉ, ਫਿਰ
ਨਾ ਦੋਸ਼ ਕਿਸੇ ਸਿਰ ਮੜ੍ਹਨਾ। ਗੁਰਭਜਨ ਗਿੱਲ



ਧੁੰਦ ਵਿਚ ਮੈਥੋਂ ਮੇਰਾ ਚਿਹਰਾ ਪਰੇਸ਼ਾਨ ਸੀ। ਤੁਰਨਾ ਸੀ ਤੇਗ਼ ਉੱਤੇ, ਮੁੱਠੀ ਵਿਚ ਜਾਨ ਸੀ। ਜਿੱਤਣਾ ਯਕੀਨੀ ਹੋਇਆ ਜਦੋਂ ਏਸ ਪੰਧ ਨੂੰ, ਫੜੇ ਰਹਿ ਗਏ ਤੀਰ, ਪਰ ਟੁੱਟ ਗਈ ਕਮਾਨ ਸੀ। ਗੁਰਭਜਨ ਗਿੱਲ



Good morning




ਇਹ ਗੱਲ ਕਦੇ ਵਿਸਾਰੀਂ ਨਾ ਮਨ, ਰਾਤ ਦਿਵਸ ਦੇ ਖ਼ੂਹ ਗਿੜਦੇ ਨੇ। ਢੋਲ ਝਵੱਕਲੀ ਵਿਚਲੇ ਡੰਡੇ ਆਪਸ ਦੇ ਵਿੱਚ ਨਿੱਤ ਭਿੜਦੇ ਨੇ। ਰੂਹ ਦੀ ਧਰਤੀ ਬੀਜ ਪੁੰਗਰਦਾ, ਜੇਕਰ ਮੋਹ ਦਾ ਪਾਣੀ ਲਾਵੋ, ਵੇਖਣ ਵਾਲੀ ਅੱਖ ਜੇ ਹੋਵੇ, ਹਰ ਮੌਸਮ ਵਿੱਚ ਫੁੱਲ ਖਿੜਦੇ ਨੇ। ਗੁਰਭਜਨ ਗਿੱਲ



ਗਿਆਨ ਧਿਆਨ ਵਿਕਾਊ ਹੋਇਆ, ਬੈਠ ਗਿਆ ਵਿੱਚ ਆ ਕੇ ਮੰਡੀਆਂ। ਚਾਤਰ ਟੋਲੇ ਰੋਜ਼ ਦਿਹਾੜੀ, ਪਾਉਂਦੇ ਨੇ ਸਾਡੇ ਮਨ ਵੰਡੀਆਂ। ਚੱਪਾ ਚੱਪਾ ਇਸ ਧਰਤੀ ਦਾ ਵੇਖ ਪਰੁੰਨਿਆ ਦਰਦ ਬਗੀਚੀ, ਸਾਡੇ ਪੈਰ ਬਿਆਈਆਂ ਪਾਟੇ, ਬਦਲੀਆਂ ਨਾ ਜੀਵਨ-ਪਗਡੰਡੀਆਂ। ਗੁਰਭਜਨ ਗਿੱਲ



ਇੱਕ ਦੂਜੇ ਦੇ ਸਾਹੀਂ ਹਾਜ਼ਰ, ਜਿਵੇਂ ਮੁਹੱਬਤ ਸਿਰ ਚੜ੍ਹ ਬੋਲੇ। ਰੰਗਾਂ ਨੂੰ ਖ਼ੁਸ਼ਬੋਈ ਜੀਕੂੰ, ਮਾਣੇ ਪਰ,ਮੂੰਹੋਂ ਨਾ ਬੋਲੇ। ਮਾਲਾ ਅੰਦਰ ਤੰਦ ਸਬੂਤੀ ਰੱਖਣਾ ਬਹੁਤ ਜ਼ਰੂਰੀ ਮਿੱਤਰੋ, ਖਿੱਲਰ ਹੀ ਨਾ ਜਾਵਣ ਮਣਕੇ ਵੇਖਿਉ ਇਹ ਵਿਸ਼ਵਾਸ ਨਾ ਡੋਲੇ। ਗੁਰਭਜਨ ਗਿੱਲ



ਸਿਖ਼ਰ ਪਹਾੜੋਂ ਚਸ਼ਮੇ ਫੁੱਟ ਕੇ, ਤੁਰਦੇ ਜਿਉਂ ਦਰਿਆ ਦੇ ਪਾਣੀ। ਨਿੱਖੜਨ ਲੱਗਿਆਂ ਇਹ ਵੀ ਉੱਛਲਣ ਸੌਖੇ ਤਾਂ ਨਹੀਂ ਛੱਡਣੇ ਹਾਣੀ। ਧਰਤ ਮੈਦਾਨੀ ਸਹਿਜ ਸਿਖਾਵੇ,, ਵਗਣਾ ਸਿੰਜਣਾ ਤੇ ਕੰਮ ਆਉਣਾ, ਪਰ ਮਨ ਮੇਰੇ ਸਮਝੇਂ ਕਿਉਂ ਨਾ, ਏਹੀ ਗੱਲ ਦੱਸਦੀ ਏ ਬਾਣੀ। ਗੁਰਭਜਨ ਗਿੱਲ


ਤੇਲ ਬਰੂਹੀਂ ਚੋ ਲੈ ਉੱਠ ਕੇ, ਚੜ੍ਹਦੀ ਗੁੱਠੇਂ ਸੂਰਜ ਚੜ੍ਹਿਆ।
ਸੁਪਨ ਨਰੋਏ ਲੈ ਕੇ ਆਇਆ ਮੈਂ ਇਸਦੇ ਮੱਥੇ ਤੋਂ ਪੜ੍ਹਿਆ।
ਸੁੱਤਿਆਂ ਜਿੱਸਰਾਂ ਰਾਤ ਗੁਜ਼ਾਰੀ, ਦਿਨ ਨਾ ਕਿਤੇ ਅਕਾਰਥ ਜਾਏ, ਮੇਰਾ ਫ਼ਰਜ਼ ਜਗਾਉਣਾ ਤੈਨੂੰ, ਅੱਗੇ ਤੇਰੀ ਮਰਜ਼ੀ ਅੜਿਆ। ਗੁਰਭਜਨ ਗਿੱਲ



ਹਰ ਪਲ ਸਿੱਖਣਾ ਬਹੁਤ ਜ਼ਰੂਰੀ, ਜ਼ਿੰਦਗੀ ਜੋ ਵੀ ਸਬਕ ਪੜ੍ਹਾਵੇ। ਹਰ ਇੱਕ ਕਦਮ ਕਿਤਾਬ ਦੇ ਵਰਗਾ,ਜੇਕਰ ਬੰਦਾ ਪੜ੍ਹਨਾ ਚਾਹਵੇ। ਅੱਖਾਂ ਮੀਟ ਗੁਜ਼ਾਰਾ ਕਰਕੇ, ਦਿਨ ਕਟੀਏ ਤਾਂ ਬਣ ਸਕਦੇ ਨੇ, ਤਖ਼ਤ ਨਹੀਂ ਬਣ ਸਕਦੇ ਉਹ ਜੋ,ਰਹਿੰਦੇ ਨੇ ਪਾਵੇ ਦੇ ਪਾਵੇ। ਗੁਰਭਜਨ ਗਿੱਲ



ਕਿੰਨਾ ਕੁਝ ਹੈ ਇਸ ਦੇ ਅੰਦਰ ਯਾਦਾਂ ਦਾ ਸਰਮਾਇਆ ਫ਼ੋਲੋ। ਬੜਾ ਕੀਮਤੀ ਮਾਲ ਖ਼ਜ਼ਾਨਾ,ਬੀਤ ਗਏ ਦੀ ਗੰਢੜੀ ਖ਼ੋਲੋ। ਕਿਸ ਪਲ ਕਿਹੜੀ ਗੱਲ ਤੇ ਹੱਸੇ, ਰੋਏ ਕਿਹੜੇ ਮੋੜ ਦੇ ਉੱਤੇ, ਇਕਲਾਪੇ ਦਾ ਲਾਭ ਉਠਾਉ, ਦਿਲ ਦੇ ਨਾਲ ਕਦੇ ਤਾਂ ਬੋਲੋ। ਗੁਰਭਜਨ ਗਿੱਲ



ਰੂਹ ਦਾ ਸਾਜ਼ ਤਾਂ ਆਪਣੇ ਅੰਦਰੋਂ,ਆਪੇ ਹੀ ਟੁਣਕਾਉਣਾ ਪੈਂਦੈ। ਮਨ ਦਾ ਘੋੜਾ ਚੜ੍ਹਦੀ ਕਲਾ ਵੱਲ,ਵਾਗਾਂ ਖਿੱਚ ਭਜਾਉਣਾ ਪੈਂਦੈ। ਜੇ ਇੱਕ ਵਾਰੀ ਨੱਕਾ ਟੁੱਟ ਜੇ, ਵਹਿਣ ਨੀਵਾਣਾਂ ਵੱਲ ਨੂੰ ਜਾਵੇ, ਬੰਨ੍ਹ ਮਜ਼ਬੂਤ ਬਣਾ ਕੇ ਪਾਣੀ ਪੈ਼ਲੀ ਵੱਲ ਪਰਤਾਉਣਾ ਪੈਂਦੈ। ਗੁਰਭਜਨ ਗਿੱਲ



ਧੀਆਂ ਸੁਹਜ ਸਮਰਪਣ ਘਰ ਦਾ, ਸਹਿਜ ਸਬਰ ਸੰਤੋਖ ਸਲੀਕਾ। ਧਰਤੀ ਜਿੱਡਾ ਜਿਗਰਾ ਰੱਖਣਾ,ਦੱਸਦੀ ਹੈ ਮਾਂ ਜੀਣ ਤਰੀਕਾ। ਇੱਲਾਂ ਤੇ ਬਘਿਆੜਾਂ ਕੋਲੋਂ, ਸਾਬਤ ਕਦਮ ਬਚਾ ਸਕਦੇ ਨੇ, ਮੁਲਕਾਂ ਨਾਲ ਫ਼ਰਕ ਨਹੀਂ ਪੈਂਦਾ, ਭਾਰਤ ਹੋਵੇ ਜਾਂ ਅਮਰੀਕਾ। ਗੁਰਭਜਨ ਗਿੱਲ




ਜਾਗ ਪੈਣ ਧਰਤੀ ਦੇ ਵਾਰਿਸ, ਹੱਥ ਲੈ ਪਰਚਮ ਸੂਹੇ ਰੰਗ ਦੇ। ਹਾਕਮ, ਹੁਕਮ, ਹਕੂਮਤ ਸਾਥੋਂ, ਫੇਰ ਦੋਬਾਰਾ ਰੱਤ ਨੇ ਮੰਗਦੇ। ਜਦ ਤੀਕਰ ਮਨ ਵੰਡਿਆ ਵੰਡਿਆ, ਏਕੇ ਦਾ ਪੱਲਾ ਨਹੀਂ ਫੜ੍ਹਦੇ, ਇਹ ਨਾ ਭੁੱਲਿਓ, ਸਦਾ ਸੂਰਮੇ , ਤਖ਼ਤ ਰਹਿਣਗੇ ਸੂਲੀ ਟੰਗਦੇ। ਗੁਰਭਜਨ ਗਿੱਲ



ਘੁੰਮਣਘੇਰ ‘ਚ ਪਾ ਦੇਂਦਾ ਹੈ, ਆਪਣਿਆਂ ਤੋਂ ਰੁੱਸ ਰੁੱਸ ਬਹਿਣਾ। ਇੱਕ ਵਾਰੀ ਜੇ ਨਿੱਖੜ ਬੈਠੇ, ਪਛਤਾਵਾ ਮਗਰੋਂ ਨਹੀਂ ਲਹਿਣਾ। ਅੰਤਰ ਧਿਆਨ ਕਰੀਂ, ਕਰ ਚੇਤਾ, ਸੱਜਣਾਂ ਸੰਗ ਪਲ ਭਲੇ ਗੁਜ਼ਾਰੇ, ਉਸ ਪੂੰਜੀ ਤੋਂ ਮਹਿੰਗਾ ਸ਼ਾਇਦ, ਬਣਿਆ ਨਹੀਂ ਧਰਤੀ ਤੇ ਗਹਿਣਾ। ਗੁਰਭਜਨ ਗਿੱਲ



ਜੇਕਰ ਧੌਲ ਉਠਾਈ ਧਰਤੀ, ਮੇਰੇ ਸਿਰ ਤੇ ਭਾਰ ਕਿਉਂ ਹੈ?
ਅਜ਼ਲਾਂ ਤੋਂ ਹੀ ਕਿਰਤੀ ਪੁੱਤਰ ਰੋਟੀ ਤੋਂ ਲਾਚਾਰ ਕਿਉਂ ਹੈ?
ਕੁਰਸੀ ਵਾਲਿਉ! ਵਿਦਵਾਨੋ ਤੇ ਧਰਮ ਕਰਮ ਦੇ ਠੇਕੇਦਾਰੋ,
ਦੱਸਿਉ! ਚੌਂਕੀਦਾਰ ਦਾ ਪੁੱਤਰ ਅੱਜ ਵੀ ਚੌਂਕੀਦਾਰ ਕਿਉਂ ਹੈ। ਗੁਰਭਜਨ ਗਿੱਲ



ਦਿਨ ਚੜ੍ਹਿਆ ਹੈ, ਪੋਲੇ ਪੈਰੀਂ ਆ ਗਈ ਤੇਰੀ ਯਾਦ ਸੁਲੱਖਣੀ। ਸ਼ਬਦ ਮੋਤੀਆਂ ਵਰਗੀ ਪੂੰਜੀ ਕਾਹਦੇ ਲਈ ਮੈਂ ਸਾਂਭ ਕੇ ਰੱਖਣੀ। ਤੇਰਾ ਦਿੱਤਾ ਤੈਨੂੰ ਹੀ ਮੈਂ, ਕਿਣਕਾ ਕਿਣਕਾ ਮੋੜ ਰਿਹਾ ਹਾਂ, ਤੂੰ ਨਾ ਮਿਲਦੀ,ਪੈ ਜਾਣੀ ਸੀ, ਮੈਨੂੰ ਸਿੱਲ ਅਲੂਣੀ ਚੱਖਣੀ। ਗੁਰਭਜਨ ਗਿੱਲ



ਸੂਰਜ ਤੋਂ ਵੀ ਪਾਰ ਜਾਣ ਦਾ ਨਿਸ਼ਚਾ ਮਨ ਵਿੱਚ ਕਰਦੇ।
ਮਾਰਨ ਬਾਜ਼ ਉਡਾਰੀ ਲੰਮੀ, ਬਹਿ ਹੌਕੇ ਨਹੀਂ ਭਰਦੇ। ਚੰਨ ਦੇ ਨਾਲ ਗੁਫ਼ਤਗੂ ਕਰਦੇ, ਤਾਰਿਆਂ ਦੇ ਹਮਜੋਲੀ, ਖੰਭਾਂ ਤੇ ਪਰਵਾਜ਼ ਸਹਾਰੇ, ਅੰਬਰੀਂ ਜਾਵਣ ਤਰਦੇ। ਗੁਰਭਜਨ ਗਿੱਲ



ਜੇ ਕਰਨਾ ਵਿਸ਼ਵਾਸ ਤਾਂ ਪਹਿਲਾਂ,ਬਹੁਤ ਜ਼ਰੂਰੀ ਦੁਨੀਆਂ ਪੜ੍ਹਿਉ। ਚਮਕਣਹਾਰ ਮੁਲੰਮਾ ਮੰਡੀ, ਸੋਚ ਸਮਝ ਕੇ ਉਂਗਲੀ ਫੜਿਉ। ਰਾਤੋ ਰਾਤ ਅਮੀਰੀ ਮਾਰਗ, 'ਨੇਰ੍ਹ ਗੁ਼ਫ਼ਾ ਅੰਦਰ ਨੂੰ ਜਾਵੇ, ਛਾਲਾਂ ਮਾਰਨ ਵਾਲੇ ਡਿੱਗਦੇ,ਪੌੜੀ ਪੌੜੀ ਕਰਕੇ ਚੜ੍ਹਿਉ। ਗੁਰਭਜਨ ਗਿੱਲ





ਘੁੰਮਣਘੇਰ ‘ਚ ਘਿਰ ਕੇ ਕਹੀਏ, ਜ਼ਿੰਦਗੀ ਤਾਂ ਜੰਜਾਲ ਜਹੀ ਹੈ। ਸਹਿਜਮਤੇ ਜੇ ਤੁਰੀਏ ਆਪਾਂ ਇਹ ਹੀ ਸਰਲ ਸਵਾਲ ਜਹੀ ਹੈ। ਨਜ਼ਰ, ਨਜ਼ਰੀਆ ਅੱਡਰੀ ਸ਼ੈ ਨੇ, ਸਮਝ ਪਵੇ ਤਾਂ ਮਸਲਾ ਹੱਲ ਹੈ, ਹਰ ਬੰਦੇ ਦੇ ਅੰਦਰ ਕਵਿਤਾ, ਧੜਕਣ ਸੁਰ ਤੇ ਤਾਲ ਜਹੀ ਹੈ। ਗੁਰਭਜਨ ਗਿੱਲ



ਸ਼ਬਦਾਂ ਦੀ ਸ਼ਤਰੰਜ ਖੇਡਦੇ, ਨਰਦਾਂ ਘੋੜੇ ਭੱਜੇ ਫਿਰਦੇ।
ਵੇਖ ਰਿਹਾਂ ਮੈਂ ਨਾਟਕ ਚੇਟਕ, ਬਦਲੇ ਨਾ ਕਿਣਕਾ ਵੀ
ਹਿਰਦੇ। ਗਲੀ ਗਲੀ ਵਣਜਾਰੇ ਫਿਰਦੇ, ਅਣਖ਼ਾਂ ਵੱਟੇ
ਕਣਕਾਂ ਲੈ ਲਉ, ਸ਼ਬਦਾਂ ਦੀ ਮੰਡੀ ਵਿੱਚ ਸੁਣਦੇ, ਲੱਗਣ
ਹੋਕੇ ਕਿੰਨੇ ਚਿਰ ਦੇ। ਗੁਰਭਜਨ ਗਿੱਲ



ਕੁਝ ਲੋਕਾਂ ਦੇ ਮੱਥੇ ਲਿਖਿਆ, ਹੋਰ ਕਿਸੇ ਦਾ ਚਾਅ ਨਾ ਸਹਿਣਾ। ਗੈਸ ਪੇਟ ਦੀ ਮੂੰਹ 'ਚੋਂ ਕੱਢਣਾ, ਪੁੱਠੀਆਂ ਚਾਲਾਂ ਚੱਲਦੇ ਰਹਿਣਾ। ਨੌਂ ਸੌ ਚੂਹੇ ਖਾ ਕੇ ਬਿੱਲੀ, ਬਣੀ ਭਗਤਣੀ ਵੇਖ ਲਵੋ ਜੀ, ਏਸ ਨਸਲ ਦੀ ਫਿਤਰਤ ਬਾਰੇ, ਇਸ ਤੋਂ ਵੱਧ ਮੈਂ ਕੁਝ ਨਹੀਂ ਕਹਿਣਾ। ਗੁਰਭਜਨ ਗਿੱਲ



ਰੂਹ ਦਾ ਹੁਸਨ ਸਦੀਵੀ ਸ਼ਕਤੀ ਇਹ ਟਕਸਾਲੀ ਸਿੱਕਾ।
ਇਸ ਦੇ ਅੱਗੇ ਸਾਰਾ ਕੁਝ ਹੀ ਲੱਗਦਾ ਫਿੱਕਾ ਫਿੱਕਾ। ਇਸ ਨੂੰ ਸਾਂਭ ਸੰਭਾਲ ਕੇ ਰੱਖਣਾ, ਤੇਰੀ ਜ਼ੁੰਮੇਵਾਰੀ, ਸੋਨੇ ਨਾਲੋਂ ਬਹੁਤਾ ਚਮਕੇ, ਮੱਥੇ ਸੂਰਜ ਟਿੱਕਾ। ਗੁਰਭਜਨ ਗਿੱਲ






ਤੇਰੇ ਨਾਲ ਗੁ਼ਫ਼ਤਗੂ ਕਰਦੇ,ਜਾਪੇ ਲੋਹ ਤੇ ਪੈਂਦੀਆਂ ਕਣੀਆਂ। ਹੁਣ ਤੇਰੀ ਚੁੱਪ ਕਾਰਨ ਮੇਰੀ ਤਪਦੀ ਜਾਨ ਮੁਸ਼ਕਿਲਾਂ ਬਣੀਆਂ। ਪੀਲਾ ਪੈ ਗਿਆ ਫੁੱਲ ਗੁਲਾਬੀ ਮਹਿਕ ਗੁਆਚੀ ਰੰਗ ਵੀ ਰੁੱਸੇ, ਮੋਰਨੀਏ ਨਾ ਕਾਬੂ ਆਵਣ ਖਿਸਕਦੀਆਂ ਯਾਦਾਂ ਤੇ ਤਣੀਆਂ। ਗੁਰਭਜਨ ਗਿੱਲ



ਇਹ ਸਤਰੰਗੀ ਪੀਂਘ ਦੋਸਤੋ, ਬਿਲਕੁਲ ਮਨ ਦੀ ਲਹਿਰ ਜਹੀ ਹੈ। ਮਾਣ ਲਵੋ ਤਾਂ ਆਪਣੇ ਅੰਦਰ , ਖਿੜ੍ਹਦੀ ਸਿਖ਼ਰ ਦੁਪਹਿਰ ਜਹੀ ਹੈ। ਮਨ ਦੇ ਰੌਅ ਤੇ ਇਹ ਹੈ ਨਿਰਭਰ , ਬੂਹੇ ਬੰਦ ਜਾਂ ਖੋਲ੍ਹ ਕੇ ਰੱਖਣੇ, ਦੇਖਦਿਆਂ ਵੀ ਅਣਡਿੱਠ ਕਰਨਾ, ਇਹ ਬਿਰਤੀ ਤਾਂ ਸ਼ਹਿਰ ਜਹੀ ਹੈ। ਗੁਰਭਜਨ ਗਿੱਲ




ਬਾਬਾ ਨਜਮੀ ਸ਼ਬਦ ਬਾਣ ਦਾ ਬਿਲਕੁਲ ਜਿੱਸਰਾਂ ਦੂਜਾ ਨਾਂ ਹੈ। ਜਿਸ ਉੱਪਰ ਇਹ ਹੱਲਾ ਬੋਲੇ, ਮਰਨ ਲਈ ਉਹ ਲੱਭਦਾ ਥਾਂ ਹੈ। ਜਦੋਂ ਬੋਲਦੈ ਭਰੀ ਸਭਾ ਵਿੱਚ ਜਾਂ ਕਿਧਰੇ ਜਲਸੇ ਵਿੱਚ ਗੱਜੇ, ਲੱਗਦੈ, ਇਹਦਾ ਸੂਰਜ ਬਾਬਲ, ਧਰਤੀ ਇਹਦੀ ਸੱਕੀ ਮਾਂ ਹੈ। ਗੁਰਭਜਨ ਗਿੱਲ



ਤੂੰ ਨਾ ਰੂਹੇ ਦਿੱਤੀ ਦਸਤਕ, ਕੱਲ੍ਹ ਵਰਗਾ ਅੱਜ ਦਿਨ ਨਹੀਂ ਚੜ੍ਹਿਆ। ਕੀ ਦੱਸਾਂ ਮੈਂ ,ਤੇਰਾ ਲਿਖਿਆ, ਕਿੰਨੀ ਵਾਰੀ, ਮੁੜ ਮੁੜ ਪੜ੍ਹਿਆ। ਦੋ ਸਤਰਾਂ ਵਿਚਕਾਰ ਦੀ ਖ਼ਾਲੀ ਥਾਂ ਨੇ ਮੈਨੂੰ ਇਹ ਸਮਝਾਇਐ, ਬਹੁਤੀ ਵਾਰੀ ਉਹ ਸੁਣਿਆ ਕਰ, ਜੋ ਛੱਡ ਜਾਨੈਂ ਤੂੰ ਅਣਪੜ੍ਹਿਆ। ਗੁਰਭਜਨ ਗਿੱਲ




ਮੰਦਰ ਮਸਜਿਦ ਇੱਕੋ ਗੱਲ ਹੈ, ਨਾ ਪਾ ਹੋਰ ਬੁਝਾਰਤ ਲੰਮੀ। ਨਾ ਦੱਸ ਮੈਨੂੰ,ਘੜਦੀ ਮਰਦੀ, ਜਿਸ ਦਿਨ ਦੀ ਧਰਤੀ ਤੇ ਜੰਮੀ। ਓਹੀ ਝੁੱਗੀ, ਖ਼ਾਲੀ ਪੀਪਾ, ਲਮਕਣ ਲੀਰਾਂ, ਸਾਡੇ ਹਿੱਸੇ, ਰੱਜਿਆਂ ਦੇ ਰੱਬ, ਸਾਡੇ ਲਈ ਨਾ,ਜ਼ਬਰ ਜ਼ੁਲਮ ਦੀ 'ਨ੍ਹੇਰੀ ਥੰਮੀ। ਗੁਰਭਜਨ ਗਿੱਲ



ਹਰ ਪਲ ਮਾਨਣਯੋਗ ਦੋਸਤੋ, ਦੁੱਖ ਤੇ ਸੁਖ ਜ਼ਿੰਦਗੀ ਦੇ ਪਹੀਏ। ਹਰ ਧਰਤੀ ਦੀ ਬੁੱਕਲ ਮਾਣੋ, ਹੱਸ ਗੁਜ਼ਾਰੀਏ , ਜਿੱਥੇ ਰਹੀਏ। ਰੋਂਦਿਆਂ ਅੱਜ ਤੱਕ ਰਾਤ ਨਾ ਮੁੱਕੀ,ਇਹ ਸੂਤਰ ਜੇ ਪੱਲੇ ਬੰਨ੍ਹੀਏ, ਘੁੱਟਿਆ ਵੱਟਿਆ ਮਨ ਸਮਝਾਈਏ, ਸਭ ਦੀ ਸੁਣੀਏ, ਸਭ ਨੂੰ ਕਹੀਏ। ਗੁਰਭਜਨ ਗਿੱਲ



ਇੱਕੋ ਜੜ੍ਹ ਤੇ ਤਣਾ ਹੈ ਇੱਕੋ, ਤੂੰ ਝੜਿਆ ਮੈਂ ਖਿੜਨਾ ਵੀਰਾ।
ਆਾਉਣਾ ਜਾਣਾ ਵਾਰੋ ਵਾਰੀ ਸਦੀਆਂ ਤੋਂ ਇਹ ਜਗਤ ਰਵੀਰਾ। ਪਰ ਖ਼ੁਸ਼ਬੋਈ ਸਾਂਝੀ ਪੂੰਜੀ ਵੰਡਦੇ ਵੰਡਦੇ ਨਿੰਮੀਏ ਜੰਮੀਏ, ਬੰਦਾ ਕਿਉਂ ਨਹੀਂ ਸਾਥੋਂ ਸਿੱਖਦਾ,ਜਿਸ ਦਾ ਜਨਮ ਅਮੋਲਕ ਹੀਰਾ। ਗੁਰਭਜਨ ਗਿੱਲ



ਬਾਬਲ,ਮਾਤ ਪਿਆਰੀ ਦਾ ਮੈਂ ਹਰ ਸੁਪਨਾ ਸਾਕਾਰ ਕਰਾਂਗਾ। ਧਰਤੀ ,ਅੰਬਰ,ਚੰਦ ,ਸਿਤਾਰੇ ਦੋ ਬਾਹਾਂ ਵਿਚਕਾਰ ਕਰਾਂਗਾ। ਮੇਰੇ ਮਾਪੇ ਮੇਰੀ ਸ਼ਕਤੀ, ਹਰ ਪਲ ਮੇਰੇ ਸਾਹੀਂ ਵੱਸਣ, ਇਸ ਧਰਤੀ ਤੇ ਮਾਨਵਤਾ ਲਈ,ਧਰਮ ਕਰਮ ਵਿਸਥਾਰ ਕਰਾਂਗਾ। ਗੁਰਭਜਨ ਗਿੱਲ


ਸੁਰਖ਼ ਗੁਲਾਬੀ ਪੱਤਿਆਂ ਉੱਪਰ ਲਿਖ ਸੋਹਣਾ ਤੂੰ ਪੈਗਾਮ ਭੇਜਿਆ। ਬਿਨ ਸਿਰਨਾਵੇਂ ਚਿੱਠੀ ਮਿਲ ਗਈ ਲਿਖਤੁਮ ਨਾ ਤੂੰ ਨਾਮ ਭੇਜਿਆ। ਇਸ ਧਰਤੀ ਤੇ ਫਿਰ ਆਵਾਂਗੇ,ਵੇਖਿਉ ਜਦੋਂ ਫੁਟਾਰਾ ਫੁੱਟਿਆ, ਰੱਖਿਉ ਜੜ੍ਹਾਂ ਸਲਾਮਤ ਯਾਰੋ ਕਿੱਸਾ ਖੋਲ੍ਹ ਤਮਾਮ ਭੇਜਿਆ। ਗੁਰਭਜਨ ਗਿੱਲ





ਬੂਹਾ ਖੋਲ੍ਹੋ ,ਸੂਰਜ ਆਇਆ, ਸੁਣੋ ਸੁਣਾਵੇ ਬਾਤ ਬੇਲੀਉ।
ਵਿਸ਼ਵ ਕਲਾਵੇ ਅੰਦਰ ਲੈ ਲਉ, ਛੱਡੋ ਆਪਣੀ ਜ਼ਾਤ
ਬੇਲੀਉ। ਮੈਂ ਕਿਸ ਖ਼ਾਤਰ ਤੁਰਿਆ ਫਿਰਦਾਂ, ਉੱਤਰ
ਦੱਖਣ ,ਪੂਰਬ,ਪੱਛਮ, ਅੱਖਾਂ ਖੋਲ੍ਹ ਨਹੀਂ ਜੇ ਪਾਉਣੀ,
ਪੁੱਤਰ ਧੀਆਂ ਝਾਤ ਬੇਲੀਉ। ਗੁਰਭਜਨ ਗਿੱਲ


ਮਿਲੀਏ ਗਿਲੀਏ ਭਾਵੇਂ ਨਾ ਪਰ, ਦਿਲ ਦਰਵਾਜ਼ੇ ਬੰਦ ਨਾ ਕਰੀਏ। ਉਮਰ ਗੁਆਚ ਗਈ ਤਾਂ ਮਗਰੋਂ, ਐਵੇਂ ਨਾ ਫਿਰ ਹੌਕੇ ਭਰੀਏ। ਖ਼ੁਸ਼ਬੂ ਨੂੰ ਤਾਂ ਦੇਸ਼ ਕਾਲ ਦੀ, ਕਦੇ ਗੁਲਾਮੀ ਹੁੰਦੀ ਨਹੀਂਉਂ, ਇਹ ਜ਼ਿੰਦਗਾਨੀ ਫਿਰ ਨਾ ਮਿਲਣੀ, ਆ ਜਾ ਇਤਰ ਸਰੋਵਰ ਤਰੀਏ। ਗੁਰਭਜਨ ਗਿੱਲ
Reply


ਬਾਗਬਾਨ ਜੀ, ਕੀ ਕਰਦੇ ਹੋ, ਸਭ ਰੰਗਾਂ ਨੂੰ ਖਿੜਨ ਦਿਉ ਜੀ। ਚਰਖ਼ ਸਮੇਂ ਦਾ, ਰੋਕੋ ਨਾ ਜੀ, ਚਾਲ ਕੁਦਰਤੀ ਗਿੜਨ ਦਿਉ ਜੀ। ਉਲਟੀ ਗੰਗ ਵਹਾਉ ਨਾ ਜੀ, ਮੰਨਿਆ ਤਾਕਤ ਕੋਲ ਤੁਹਾਡੇ, ਸਮਰੱਥ ਆਪੇ ਜਿੱਤ ਜਾਵੇਗੀ, ਸੌ ਸੋਚਾਂ ਨੂੰ ਭਿੜਨ ਦਿਉ ਜੀ। ਗੁਰਭਜਨ ਗਿੱਲ



ਫੁੱਲ ਕੰਵਲ ਦਾ ਖਿੜਿਆ ਤਾਂ ਸੀ, ਢਾਬ ਦੇ ਗੰਧਲੇ ਪਾਣੀ ਅੰਦਰ। ਪਰ ਪਾਣੀ ਤੋਂ ਰਹੂ ਨਿਰਾਲਾ, ਲਿਖਿਆ ਹੈ ਗੁਰਬਾਣੀ ਅੰਦਰ। ਕੁਰਸੀ ਦੇ ਵੱਸ ਪੈ ਕੇ ਬਣਿਆ ਗੁੰਝਲਦਾਰ ਬੁਝਾਰਤ ਵਰਗਾ, ਹੋਰ ਪਤਾ ਨਹੀਂ ਕੀ ਕੁਝ ਟੁੱਟਣਾ,ਮਨ ਦੀ ਉਲਝੀ ਤਾਣੀ ਅੰਦਰ। ਗੁਰਭਜਨ ਗਿੱਲ



ਜੀਅ ਕਰਦੈ ਮੈਂ ਤਰ ਕੇ ਆ ਜਾਂ,ਸੱਤ ਸਮੁੰਦਰ ਲਾ ਕੇ ਤਾਰੀ। ਦੂਰ ਦੋਮੇਲ ਨੂੰ ਪਾਰ ਕਰਾਂ ਮੈਂ, ਬਾਜ਼ ਦੇ ਵਾਂਗੂੰ ਮਾਰ ਉਡਾਰੀ। ਧਰਤ ਓਪਰੀ ਵੱਲ ਨੂੰ ਬੰਦਾ, ਬਿਨ ਸਿਰਨਾਵੇਂ ਕਿੱਧਰ ਜਾਵੇ, ਤੋੜ ਦਿਆ ਕਰ ਚੁੱਪ ਦੇ ਜੰਦਰੇ, ਖੋਲ੍ਹ ਦਿਆ ਕਰ ਦਿਲ ਦੀ ਬਾਰੀ। ਗੁਰਭਜਨ ਗਿੱਲ



ਮੋਹ ਕਣੀਆਂ ਦੀ ਪਲ ਭਰ ਛਾਂ ਹੀ ਦੁਨੀਆਂ ਝੂਮਣ ਲਾ ਜਾਂਦੀ ਹੈ। ਰੂਹ ਅੰਦਰ ਵਿਸਮਾਦੀ ਧੜਕਣ ਰੋਮ ਰੋਮ ਨਸ਼ਿਆ ਜਾਂਦੀ ਹੈ। ਤਨ ਮਨ ਬਹੁਤ ਪਿਛਾਂਹ ਰਹਿ ਜਾਂਦਾ ਇਹ ਤੂੰ ਬਿਲਕੁਲ ਠੀਕ ਆਖਿਆ, ਇੱਕ ਮੁਸਕਾਨ ਤੇਰੀ ਸਹੁੰ ਲੱਗੇ ਦਿਲ ਦੇ ਤਾਰ ਹਿਲਾ ਜਾਂਦੀ ਹੈ। ਗੁਰਭਜਨ ਗਿੱਲ




ਰੂਹ ਦੀ ਤਾਰ ਹਿਲਾ ਮੇਰੀ ਜਿੰਦੀਏ, ਧਰਤੀ ਗਾਵਣ ਲਾ।
ਬ੍ਰਹਿਮੰਡ ਨੂੰ ਚੁੱਪ ਖਾ ਨਾ ਜਾਵੇ, ਸਰਗਮ ਕੰਠ ਛੁਹਾ।
ਆਪੋ ਆਪਣਾ ਹਿੱਸਾ ਪਾਈਏ, ਸ਼ਬਦ, ਧੁਨਾਂ ਰੰਗ ਸਾਰੇ,
ਇਹ ਵੇਲਾ ਜੇ ਖੁੰਝ ਗਿਆ ਤਾਂ, ਰਹਿ ਜਾਣਾ ਪਛਤਾਅ।
ਗੁਰਭਜਨ ਗਿੱਲ



ਬਣ ਮੇਰੇ ਅੰਬਰ ਦਾ ਸੂਰਜ, ਨੀ ਚਾਨਣ ਦੀ ਟਿੱਕੀ ਜਹੀਏ।
ਮਹਿਕ ਨਿਥਾਵੀਂ , ਭਟਕੇ ਨਾ ਹੁਣ, ਇੱਕ ਦੂਜੇ ਦੇ ਦਿਲ ਵਿੱਚ ਲਹੀਏ। ਧਰਤੀ ਦੀ ਲਾਲੀ ਹਰਿਆਲੀ, ਅੰਬਰ ਦੀ ਸਤਰੰਗੀ ਵਾਲੇ, ਕਿੱਥੋਂ ਇਹ ਰੰਗ ਮਿਲਦੇ ਸਾਰੇ, ਉਸ ਦਰ ਦਾ ਸਿਰਨਾਵਾਂ ਲਈਏ।ਗੁਰਭਜਨ ਗਿੱਲ



ਜਾਗ ਪੈਣ ਧਰਤੀ ਦੇ ਵਾਰਿਸ, ਹੱਥ ਲੈ ਪਰਚਮ ਸੂਹੇ ਰੰਗ ਦੇ। ਹਾਕਮ, ਹੁਕਮ, ਹਕੂਮਤ ਸਾਥੋਂ, ਫੇਰ ਦੋਬਾਰਾ ਰੱਤ ਨੇ ਮੰਗਦੇ। ਜਦ ਤੀਕਰ ਮਨ ਵੰਡਿਆ ਵੰਡਿਆ, ਏਕੇ ਦਾ ਪੱਲਾ ਨਹੀਂ ਫੜ੍ਹਦੇ, ਇਹ ਨਾ ਭੁੱਲਿਓ, ਸਦਾ ਸੂਰਮੇ , ਤਖ਼ਤ ਰਹਿਣਗੇ ਸੂਲੀ ਟੰਗਦੇ। ਗੁਰਭਜਨ ਗਿੱਲ




ਜੋ ਕੁਝ ਵਕਤ ਹਵਾ ਵਿੱਚ ਲਿਖਿਆ, ਉਸਨੂੰ ਪੜ੍ਹਨਾ ਸਿੱਖ ਲਿਆ ਹੈ। ਰਾਤ ਦੇ ਕੇਸੀਂ ਚੰਨ ਸਿਤਾਰੇ,ਕਿੱਦਾਂ ਜੜ੍ਹਨੇ, ਸਿੱਖ ਲਿਆ ਹੈ। ਆਖ ਦਿਉ ਝੱਖੜ ਨੂੰ ਸਾਡਾ ਹੋਰ ਵਧੇਰੇ ਸਿਦਕ ਨਾ ਪਰਖੇ, ਅਸੀਂ ਵੀ ਇਸ ਦੇ ਜਬਰ ਦੇ ਅੱਗੇ, ਕਿੱਦਾਂ ਅੜਨਾ, ਸਿੱਖ ਲਿਆ ਹੈ। ਗੁਰਭਜਨ ਗਿੱਲ


ਨੰਗੇ ਪਿੰਡੇ ਤੁਰਨਾ ਔਖਾ ਤਿੱਖੜ ਤੇਜ਼ ਦੁਪਹਿਰ ਦੇ ਅੰਦਰ।
ਬਿਰਖ਼ ਗੁਆਚ ਗਏ ਨੇ ਸੜ੍ਹਕੋਂ ਏਸ ਸਰਾਪੇ ਸ਼ਹਿਰ ਦੇ
ਅੰਦਰ। ਕਮਰੇ ਤੋਂ ਕਮਰੇ ਦਾ ਪੈਂਡਾ ਘਰ ਵਿੱਚ ਕੋਹਾਂ
ਵਧਿਆ ਵੇਖੋ, ਦਿਲ ਟੁੱਟਿਆ ਫੁੱਲ ਬਣ ਕੇ ਤਰਦਾ ਦਿਲ
ਦਰਿਆ ਦੀ ਲਹਿਰ ਦੇ ਅੰਦਰ। ਗੁਰਭਜਨ ਗਿੱਲ
Reply





ਫੁੱਲਾਂ ਵਿੱਚ ਖ਼ੁਸ਼ਬੋ ਵੀ ਤੂੰ ਹੈਂ, ਮੈਂ ਤੈਨੂੰ ਪਹਿਚਾਣ ਲਿਆ ਹੈ।
ਤੇਰਾ ਇਹ ਅੰਦਾਜ਼ ਪਿਆਰਾ, ਪਹਿਲਾਂ ਨਹੀਂ, ਹੁਣ ਜਾਣ
ਲਿਆ ਹੈ। ਇਹ ਸਾਹਾਂ ਵਿਚਕਾਰ ਦਾ ਰਿਸ਼ਤਾ ਵਿਰਲੇ
ਜੀਅ ਨੂੰ ਮਿਲਦਾ ਏਥੇ, ਤੂੰ ਤੇ ਅੱਜ ਤੱਕ ਦੱਸਿਆ ਨਹੀਂ
ਸੀ, ਵੇਖ ਮੈਂ ਕਿੱਦਾਂ ਮਾਣ ਲਿਆ ਹੈ। ਗੁਰਭਜਨ ਗਿੱਲ



ਮੇਰਾ ਤੇਰਾ ਸਭ ਦਾ ਮਸਲਾ,ਥੋੜਾ ਸੁਣੀਏਂ ਬਹੁਤਾ ਕਹੀਏ।
ਵਕਤ ਹਥੌੜਾ ਸਿਰ ਦੇ ਉੱਤੇ ਏਸੇ ਕਰਕੇ ਮੁੜ ਮੁੜ ਸਹੀਏ।
ਤੁਰਦੇ ਤੁਰਦੇ ਤੁਰਦੇ ਤੁਰਦੇ ਜਿੱਥੋਂ ਤੁਰੇ ਸਾਂ ਓਥੇ ਹੀ ਹਾਂ,
ਸੁਖ ਤੇ ਚੈਨ ਢੂੰਡੀਏ ਬਾਹਰੋਂ,ਆਪਣੇ ਕੋਲ ਘੜੀ ਨਾ ਬਹੀਏ। ਗੁਰਭਜਨ ਗਿੱਲ



ਪੰਜਾਬੀ ਸ਼ਾਇਰ ਤੇ ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਸ੍ਰ. ਹਰਭਜਨ ਹਲਵਾਰਵੀ ਦੀਆਂ ਸਾਹਿੱਤ ਬਾਰੇ ਉਮਰ ਭਰ ਲਿਖੀਆਂ ਟਿਪਣੀਆਂ ਦੀ ਵੱਡ ਆਕਾਰੀ ਪੁਸਤਕ "ਬੌਧਿਕਤਾ ਦੇ ਸਰੋਕਾਰ" ਉਨ੍ਹਾਂ ਦੇ ਨਿੱਕੇ ਵੀਰ ਕੇ ਪੰਜਾਬੀ ਯੂਨੀ. ਪਟਿਆਲਾ ਦੇ ਸੇਵਾ ਮੁਕਤ ਮੁਖੀ ਡਾ. ਨਵਤੇਜ ਸਿੰਘ ਨੇ ਸੰਪਾਦਿਤ ਕਰਕੇ ਯੂਨੀਸਟਾਰ ਤੋਂ ਪ੍ਰਕਾਸ਼ਿਤ ਕਰਵਾਈ ਹੈ। ਕੱਲ੍ਹ ਪੜ੍ਹਨ ਦਾ ਸਭਾਗ ਮਿਲਿਆ ਤਾਂ ਪਤਾ ਲੱਗਾ ਕਿ ਵੱਡੇ ਬੰਦੇ ਗੱਲਾਂ ਨਾਲ ਨਹੀਂ, ਵੱਡੇ ਕਾਰਜਾਂ ਨਾਲ ਵੱਡੇ ਹੁੰਦੇ ਹਨ। ਗੁਰਭਜਨ ਗਿੱਲ



ਸੁਣਿਆ ਸੀ, ਅੱਜ ਵੇਖ ਲਿਆ ਹੈ, ਚੰਗਿਆਂ ਮੂੰਹੋਂ ਫੁੱਲ ਨੇ ਕਿਰਦੇ। ਰੁੱਖ ਮੂੰਹੋਂ ਤਾਂ ਬੋਲ ਨਾ ਸਕਦੇ,ਏਹੀ ਕਿਰਿਆ ਕਰਦੇ ਚਿਰ ਦੇ। ਦਿਨ ਚੜ੍ਹਿਐ ਤੂੰ ਬਾਹਰ ਨਿਕਲ ਕੇ, ਧਰਤੀ ਮਾਂ ਦਾ ਰੂਪ ਵੇਖ ਲੈ, ਵੇਖਦਿਆ ਤੂੰ ਆਪ ਕਹੇਂਗਾ, ਪੈ ਗਈ ਹੈ ਠੰਢ ਮੇਰੇ ਹਿਰਦੇ। ਗੁਰਭਜਨ ਗਿੱਲ


ਕਦਮ ਤੇਰੇ ਸਿਖ਼ਰਾਂ ਨੂੰ ਚੁੰਮਣ,ਮੇਰੀ ਇਹ ਅਰਦਾਸ ਹਮੇਸ਼ਾਂ। ਮਨ ਨੀਵਾਂ, ਮੱਤ ਅੰਬਰ ਢੋਹੇ, ਹਰ ਪਲ ਤੇ ਹਰ ਸਾਸ ਹਮੇਸ਼ਾਂ। ਬੁਰਿਆਂ ਦੇ ਪਰਛਾਵਿਉਂ ਲਾਂਭੇ, ਕਾਲਖ਼ ਧੰਦਿਉਂ ਬਚ ਕੇ ਰਹਿਣਾ, ਕਣ ਕਣ ਦੇ ਵਿੱਚ ਏਸ ਤਰ੍ਹਾਂ ਹੀ ਵੱਸਦੀ ਚੰਦਨ ਬਾਸ ਹਮੇਸ਼ਾਂ। ਗੁਰਭਜਨ ਗਿੱਲ



ਸਿੱਖੋ ਚੱਜ ਆਚਾਰ ਦੋਸਤੋ, ਵਹਿੰਦੀ ਹੋਈ ਜਲਧਾਰ ਦੇ ਕੋਲੋਂ। ਤੋਰ ਮਟਕਣੀ ਤੁਰਨਾ ਜਾਣੋ ,ਨਦੀਆਂ ਦੀ ਰਫ਼ਤਾਰ ਦੇ ਕੋਲੋਂ। ਹਰ ਮੁਸ਼ਕਿਲ 'ਚੋਂ ਕਿੱਦਾਂ ਲੰਘਣਾ, ਪੁੱਛ ਲਉ ਪੌਣ ਪੁਰੇ ਦੀ ਕੋਲੋਂ, ਪਰ ਆਪਣਾ ਰਾਹ ਆਪੇ ਲੱਭਿਉ,ਨਾ ਪੁੱਛਿਉ ਮੰਝਧਾਰ ਦੇ ਕੋਲੋਂ। ਗੁਰਭਜਨ ਗਿੱਲ




ਚੱਲ ਚੱਲ ਲਾਖਿਆ ਓ ਤੱਤਾ ਤੱਤਾ ਬੱਗਿਆ। ਤੈਨੂੰ ਮੈਨੂੰ ਮੇਟਣੇ ਲਈ ਕਿੰਨਾ ਜ਼ੋਰ ਲੱਗਿਆ। ਵੇਖ ਤੂੰ ਦਲਾਲਾਂ ਰਲ਼ ਮਿਲ਼ ਕੀਤਾ ਫ਼ੈਸਲਾ, ਕਿਵੇਂ ਪਰਵਾਨ ਕਰਾਂ ਦੁੱਲਿਆ ਓ ਜੱਗਿਆ। ਗੁਰਭਜਨ ਗਿੱਲ




ਮੈਂ ਇਹ ਕੰਮ ਤਾਂ ਕਰ ਨਹੀਂ ਸਕਣਾ, ਏਨਾ ਕਦੇ ਉਦਾਸ ਨਾ ਹੋਣਾ। ਪਹਿਲਾ ਕੰਮ ਜ਼ਰੂਰੀ ਹੁਣ ਹੀ ਮਨ ਵਿੱਚੋਂ ਬੇਹਿੰਮਤੀ ਧੋਣਾ। ਬੰਦਾ ਹੈਂ ਤੂੰ, ਬੰਦਾ ਬਣ ਕੇ ਬੰਦੇ ਵਾਂਗੂੰ ਧਾਰ ਨਿਸ਼ਾਨਾ, ਵੇਖੀਂ ਜਿੱਤ ਨੇ ਅੱਗਲਵਾਂਢੀ , ਤੇਰੇ ਤੇਲ ਬਰੂਹੀਂ ਚੋਣਾ। ਗੁਰਭਜਨ ਗਿੱਲ


ਹਰ ਪਲ ਸਿੱਖਣਾ ਬਹੁਤ ਜ਼ਰੂਰੀ, ਜ਼ਿੰਦਗੀ ਜੋ ਵੀ ਸਬਕ ਪੜ੍ਹਾਵੇ। ਹਰ ਇੱਕ ਕਦਮ ਕਿਤਾਬ ਦੇ ਵਰਗਾ,ਜੇਕਰ ਬੰਦਾ ਪੜ੍ਹਨਾ ਚਾਹਵੇ। ਅੱਖਾਂ ਮੀਟ ਗੁਜ਼ਾਰਾ ਕਰਕੇ, ਦਿਨ ਕਟੀਏ ਤਾਂ ਬਣ ਸਕਦੇ ਨੇ, ਤਖ਼ਤ ਨਹੀਂ ਬਣ ਸਕਦੇ ਉਹ ਜੋ,ਰਹਿੰਦੇ ਨੇ ਪਾਵੇ ਦੇ ਪਾਵੇ। ਗੁਰਭਜਨ ਗਿੱਲ



ਧੀਆਂ ਸੁਹਜ ਸਮਰਪਣ ਘਰ ਦਾ, ਸਹਿਜ ਸਬਰ ਸੰਤੋਖ ਸਲੀਕਾ। ਧਰਤੀ ਜਿੱਡਾ ਜਿਗਰਾ ਰੱਖਣਾ,ਦੱਸਦੀ ਹੈ ਮਾਂ ਜੀਣ ਤਰੀਕਾ। ਇੱਲਾਂ ਤੇ ਬਘਿਆੜਾਂ ਕੋਲੋਂ, ਸਾਬਤ ਕਦਮ ਬਚਾ ਸਕਦੇ ਨੇ, ਮੁਲਕਾਂ ਨਾਲ ਫ਼ਰਕ ਨਹੀਂ ਪੈਂਦਾ, ਭਾਰਤ ਹੋਵੇ ਜਾਂ ਅਮਰੀਕਾ। ਗੁਰਭਜਨ ਗਿੱਲ



ਮਹਿਕ ਪਰੁੱਚਾ ਪੱਲੂ ਤੇਰਾ, ਕੋਲੋਂ ਖਹਿ ਕੇ ਲੰਘ ਗਿਆ ਹੈ।
ਕੁਝ ਪਲ ਬਹਿ ਜਾ,ਦਿਲ ਦੀ ਕਹਿ ਜਾ ਆਖਣ ਤੋਂ ਮਨ ਸੰਗ ਗਿਆ ਹੈ। ਏਨਾ ਹੀ ਧਰਵਾਸ ਬਥੇਰਾ, ਯਾਦਾਂ ਅੰਦਰ ਸਾਂਭ ਲਿਆ ਮੈਂ, ਪੋਲੇ ਕਦਮੀ ਤੁਰਨਾ ਤੇਰਾ, ਮਨ ਦੀ ਦੁਨੀਆ ਰੰਗ ਗਿਆ ਹੈ। ਗੁਰਭਜਨ ਗਿੱਲ



ਜੀਅ ਕਰਦੈ ਮੈਂ ਤਰ ਕੇ ਆ ਜਾਂ,ਸੱਤ ਸਮੁੰਦਰ ਲਾ ਕੇ ਤਾਰੀ। ਦੂਰ ਦੋਮੇਲ ਨੂੰ ਪਾਰ ਕਰਾਂ ਮੈਂ, ਬਾਜ਼ ਦੇ ਵਾਂਗੂੰ ਮਾਰ ਉਡਾਰੀ। ਧਰਤ ਓਪਰੀ ਵੱਲ ਨੂੰ ਬੰਦਾ, ਬਿਨ ਸਿਰਨਾਵੇਂ ਕਿੱਧਰ ਜਾਵੇ, ਤੋੜ ਦਿਆ ਕਰ ਚੁੱਪ ਦੇ ਜੰਦਰੇ, ਖੋਲ੍ਹ ਦਿਆ ਕਰ ਦਿਲ ਦੀ ਬਾਰੀ। ਗੁਰਭਜਨ ਗਿੱਲ



ਚੜ੍ਹਦਾ ਸੂਰਜ ਵੇਖ ਲਿਆ ਮੈਂ, ਇਓਂ ਲੱਗਿਆ ਤੂੰ ਕੋਲ ਹੈਂ ਮੇਰੇ। ਏਸ ਤਰ੍ਹਾਂ ਹੀ ਮਿਲ ਜਾਇਆ ਕਰ, ਚੀਰ ਚੂਰ ਕੇ ਘੋਰ ਹਨ੍ਹੇਰੇ। ਮਨ ਮਸਤਕ ਵੀ ਖਿੜ ਜਾਂਦਾ ਹੈ, ਨੂਰੀ ਕਿਰਨਾਂ ਮੱਥੇ ਝੱਸ ਕੇ, ਬੁੱਕਲ ਵਿੱਚ ਸ੍ਰਿਸ਼ਟੀ ਜਾਪੇ, ਜਦ ਹੋ ਜਾਂਦੇ ਦਰਸ਼ਨ ਤੇਰੇ। ਗੁਰਭਜਨ ਗਿੱਲ



ਫੁੱਲਾਂ ਨੂੰ ਜ਼ਬਾਨ ਲਾ ਕੇ ਓਸ ਕਿਹਾ ਖੋਲ੍ਹ ਨਾ।
ਮਹਿਕ ਦੇ ਕੇ ਆਖਿਆ ਤੂੰ ਵਿਕੀਂ ਮਹਿੰਗੇ ਤੋਲ ਨਾ।
ਆਉਣੇ ਵਣਜਾਰੇ ਲੱਖਾਂ, ਮੁੱਲ ਤੇਰਾ ਪਾਉਣ ਲਈ,
ਚੁੱਪ ਚਾਪ ਵੰਡੀ ਜਾਹ ਤੂੰ ਮੂੰਹੋਂ ਪਰ ਬੋਲ ਨਾ।
ਗੁਰਭਜਨ ਗਿੱਲ


ਦਿਨ ਚੜ੍ਹਿਆ ਹੈ,ਉੱਠ ਨੀ ਜਿੰਦੇ, ਭਰ ਭਰ ਮੁੱਠੀਆਂ ਵੰਡ ਖ਼ੁਸ਼ਬੋਈਆਂ। ਇਸ ਧਰਤੀ ਤੇ ਹਰ ਵਣਜਾਰੇ, ਕੋਮਲ ਕਲੀਆਂ ਸੂਲ ਪਰੋਈਆ। ਇਹ ਹੀ ਸਬਕ ਭੁਲਾਉਣਾ ਪੈਣੈ, ਹਰ ਵਸਤੂ ਨਾ ਮੰਡੀ ਖ਼ਾਤਰ, ਮਾਰ ਤਰੌਂਕਾ ਸੂਰਜ ਜਿੱਸਰਾਂ,ਧਰਤ ਦੀਆਂ ਸਭ ਨੁੱਕਰਾਂ ਧੋਈਆਂ। ਗੁਰਭਜਨ ਗਿੱਲ



ਫ਼ਾਸਲਿਆਂ ਨੇ ਖਾ ਜਾਣਾ ਹੈ,ਆ ਜਾ ਆਪਣੇ ਕੋਲ ਖਲੋਈਏ। ਕਰਕੇ ਸੁਰਤ ਇਕਾਗਰ ਖ਼ੁਦ ਨੂੰ ਨਵੇਂ ਸਿਰੇ ਤੋਂ ਮੁੜ ਕੇ ਗੋਈਏ। ਜਿਹੜੇ ਬਹੁਤੀਆਂ ਜੱਫੀਆਂ ਪਾਉਂਦੇ, ਸਾਵਧਾਨ ਜੀ ਬਚ ਕੇ ਰਹਿਣਾ, ਰਿਸ਼ਤਿਆਂ ਦੀ ਸੰਵੇਦਨ ਸ਼ਕਤੀ, ਲੱਭੀਏ ਸਾਹਾਂ ਵਿੱਚ ਪਰੋਈਏ। ਗੁਰਭਜਨ ਗਿੱਲ



ਖਿੜਨਾ ਚਾਹਾਂ ਸਿਖ਼ਰ ਦੁਪਹਿਰੇ ਇੱਕ ਮੁਸਕਾਨ ਪਿਆਰੀ ਦੇ ਦੇ। ਕੁਝ ਪਲ ਮੇਰੇ ਸਾਹੀਂ ਰਮ ਜਾ, ਰੰਗਾਂ ਭਰੀ ਪਟਾਰੀ ਦੇ ਦੇ, ਇਹ ਇਕਰਾਰ ਤੇਰਾ ਤੇ ਮੇਰਾ, ਕਣ ਕਣ ਮਹਿਕਾਂ ਵੰਡ ਦਿਆਂਗਾ, ਕੁੱਲ ਧਰਤੀ ਤੇ ਫ਼ੈਲਣ ਦੇ ਲਈ ਪੌਣਾਂ ਦੀ ਅਸਵਾਰੀ ਦੇ ਦੇ। ਗੁਰਭਜਨ ਗਿੱਲ



ਆ ਨੀ ਜਿੰਦੇ, ਵਾਂਗ ਪੰਛੀਆਂ, ਅੰਬਰ ਨੂੰ ਹੱਥ ਲਾ ਕੇ ਆਈਏ। ਖੰਭਾਂ ਵਿੱਚ ਪਰਵਾਜ਼ ਬੀੜ ਕੇ ਪੌਣਾਂ ਨੂੰ ਗਲਵੱਕੜੀ ਪਾਈਏ। ਕੰਨ ਖੋਲ੍ਹ ਕੇ ਮੇਰੀ ਸੁਣ ਲੈ, ਬੈਠਾ ਪਾਣੀ ਵੀ ਬੁੱਸ ਜਾਂਦਾ, ਹੋਰ ਨਹੀਂ ਤਾਂ ਸ਼ਬਦ ਉਡਾਰੀ ਲਾ ਕੇ ਕਣ ਕਣ ਨੂੰ ਮਹਿਕਾਈਏ। ਗੁਰਭਜਨ ਗਿੱਲ



ਅਮਰਜੀਤ ਗੁਰਦਾਸਪੁਰੀ ਨੂੰ ਮੈਂ ਕਹਿੰਦਾ ਸੀ ਸੁਰ ਸ਼ਹਿਜ਼ਾਦਾ। ਧਰਤੀ ਦੀ ਗਾਥਾ ਸੀ ਗਾਉਂਦਾ, ਬਣਿਆ ਕਦੇ ਨਾ ਰਾਜ -ਪਿਆਦਾ। ਸੱਤਰ ਸਾਲ ਵਜਾਈ ਤੂੰਬੀ, ਅੱਜ ਵੀ ਸੱਜਰਾ ਓਨਾ ਹੀ ਹੈ, ਸਾਨੂੰ ਪਾਲ ਕੇ ਵੱਡਿਆਂ ਕੀਤਾ,ਰੱਖਿਆ ਮਾਣ ਅਤੇ ਮਰਯਾਦਾ। ਗੁਰਭਜਨ ਗਿੱਲ



ਰਿਸ਼ਤਿਆਂ ਦਾ ਨਜ਼ਰਾਨਾ ਕੁਦਰਤ ਦੇ ਜਾਂਦੀ ਹੈ ਚੁੱਪ ਚੁਪੀਤੇ। ਪੱਕ ਪਕੇਰੇ ਹੋ ਜਾਂਦੇ ਨੇ, ਉਮਰਾਂ ਲੰਘਿਆਂ ਵਾਅਦੇ ਕੀਤੇ। ਘੱਟ ਬੋਲਣ ਤੇ ਬਹੁਤਾ ਸਮਝਣ, ਯਾਰ ਨਗੀਨੇ ਓਹੀ ਬਣਦੇ, ਥੋੜ੍ਹਾ ਮਿਲਣ ਦੇ ਬਾਵਜੂਦ ਵੀ, ਧੜਕਣ ਵਿੱਚ ਰਹਿੰਦੇ ਚੁੱਪ ਕੀਤੇ। ਗੁਰਭਜਨ ਗਿੱਲ


ਚੱਲ ਨੀ ਭੈਣੇ ਆਪਾਂ ਰਲ਼ ਕੇ, ਵੀਰਾਂ ਦੇ ਸੰਗ ਕਦਮ ਵਧਾਈਏ । ਘਰ ਦੀ ਚਾਰ ਦੀਵਾਰੀ ਅੰਦਰ, ਘਿਰ ਕੇ ਨਾ ਪਿੱਛੇ ਰਹਿ ਜਾਈਏ । ਧਰਤੀ ਤੋਂ ਲੈ ਚੰਦਰਮਾ ਤੱਕ, ਕਿਹੜੀ ਥਾਂ ਜੋ ਸਾਥੋਂ ਓਹਲੇ, ਹਰ ਵਰਕੇ ਤੇ ਲੀਕਾਂ ਵਾਹੀਏ, ਹਰ ਖੇਤਰ ਵਿੱਚ ਸੇਵ ਕਮਾਈਏ। ਗੁਰਭਜਨ ਗਿੱਲ
Reply








ਸਬਰ ਸਿਦਕ ਸੰਤੋਖ ਸਮਰਪਣ, ਸੁਹਜ ਸਲੀਕਾ ਸ਼ਾਮਿਲ ਕਰ ਦੇ । ਮਹਿੰਗੇ ਮੁੱਲ ਦੇ ਮਾਣਕ-ਮੋਤੀ, ਭਰ ਭਰ ਮੁੱਠੀਆਂ ਝੋਲੀ ਭਰ ਦੇ । ਬਹੁਤ ਦਿਨਾਂ ਤੋਂ ਗੱਲ ਨਹੀਂ ਹੋਈ, ਨਬਜ਼ ਖਲੋਤੀ ਹੋਵੇ ਜੀਕਣ, ਮਿੱਟੀ ਦਾ ਬੁੱਤ ਬੋਲਣ ਲਾ ਦੇ, ਮਾਰ ਆਵਾਜ਼ ਜਿਉਂਦਾ ਕਰ ਦੇ। ਗੁਰਭਜਨ ਗਿੱਲ



ਬਾਂਸ ਦੀ ਪੋਰੀ ਜਿਸ ਨੂੰ ਸਮਝੋਂ ,ਬੰਸਰੀ ਹੈ,ਹੋਠਾਂ ਤੇ ਧਰ ਲੈ। ਗ਼ਾਫ਼ਿਲ ਬੰਦਿਆ, ਇੱਕ ਸੁਰ ਹੋ ਜਾ ਰਹਿੰਦਾ ਸਫ਼ਰ ਸੁਰੀਲਾ ਕਰ ਲੈ। ਸੁਰ ਤੇ ਕੰਠ ਸੁਮੇਲ ਸਿਰਜ ਲੈ,ਇਹ ਕੰਮ ਵੀਰਾ ਤੇਰੇ ਜ਼ਿੰਮੇ, ਧਰਤ ਗਗਨ ਬ੍ਰਹਿਮੰਡ ਉਡੀਕੇ, ਸਾਰਾ ਜਗਤ ਕਲਾਵੇ ਭਰ ਲੈ। ਗੁਰਭਜਨ ਗਿੱਲ



ਸ਼ਬਦ ਕੋਸ਼ ਵਿੱਚ ਸ਼ਬਦ ਬੜੇ ਨੇ, ਅਰਥਾਂ ਦੀ ਭਰਮਾਰ ਬਰਾਬਰ। ਪਰ ਜ਼ਿੰਦਗੀ ਬੇਅਰਥ ਗੁਜ਼ਰਦੀ, ਹੋਵੇ ਮਾਰੋਮਾਰ ਬਰਾਬਰ। ਆਪਣੇ ਮਨ ਦਾ ਮੈਲ ਕੁਚੈਲਾ, ਸ਼ੀਸ਼ਾ ਵੀ ਹੁਣ ਪੁੱਛਦਾ ਨਹੀਓਂ, ਜਬਰ ਜ਼ੁਲਮ ਨੂੰ ਸਹਿੰਦੇ, ਕਰਦੇ, ਕਿਓਂ ਨਹੀਂ ਪੈਂਦਾ ਭਾਰ ਬਰਾਬਰ। ਗੁਰਭਜਨ ਗਿੱਲ




আহমদ ছফা

বাঙালি



मन के सूने आंगनमें

सुरेन्द्र अरोड़ा



पंजाबी कथा संग्रह


आधार भूमि

गुरचरण सिंह

हिंदी अनुवाद : राकेश तिवारी, हरदेव सिंह




चौधरी





ਫੁੱਲ ਨਹੀਂ, ਖ਼ੁਸ਼ਬੋਈ ਭਿੱਜਿਆ, ਹੁਣ ਹੀ ਤੇਰਾ ਖ਼ਤ
ਮਿਲਿਆ ਹੈ। ਸਿਰਫ਼ ਜਿਸਮ ਨਾ, ਧੁਰ ਅੰਦਰ ਤੱਕ ਲੂੰ ਲੂੰ
ਜਿੱਸਰਾਂ ਮਹਿਕ ਗਿਆ ਹੈ। ਏਸ ਤਰਜ਼ ਦੀ ਕਰੇਂ
ਗੁ਼ਫ਼ਤਗੂ, ਨਿਰਸ਼ਬਦੀ ਪਰ ਸਭ ਕੁਝ ਆਖੇਂ, ਖਿੜਿਆ
ਰਹਿ ਕੇ ਖੇੜਾ ਵੰਡੀਏ, ਫ਼ੁੱਲਾਂ ਤੋਂ ਮੈਂ ਸਮਝ ਲਿਆ ਹੈ।
ਗੁਰਭਜਨ ਗਿੱਲ


ਖਿੜਨਾ ਚਾਹਾਂ ਸਿਖ਼ਰ ਦੁਪਹਿਰੇ ਇੱਕ ਮੁਸਕਾਨ ਪਿਆਰੀ
ਦੇ ਦੇ। ਕੁਝ ਪਲ ਮੇਰੇ ਸਾਹੀਂ ਰਮ ਜਾ, ਰੰਗਾਂ ਭਰੀ ਪਟਾਰੀ
ਦੇ ਦੇ, ਇਹ ਇਕਰਾਰ ਤੇਰਾ ਤੇ ਮੇਰਾ, ਕਣ ਕਣ ਮਹਿਕਾਂ
ਵੰਡ ਦਿਆਂਗਾ, ਕੁੱਲ ਧਰਤੀ ਤੇ ਫ਼ੈਲਣ ਦੇ ਲਈ ਪੌਣਾਂ ਦੀ
ਅਸਵਾਰੀ ਦੇ ਦੇ। ਗੁਰਭਜਨ ਗਿੱਲ


ਬਿਰਖ਼ ਕਦੇ ਨਾ ਪੈਰੋਂ ਡੋਲੇ, ਟਾਹਣੀਆਂ ਪੱਤੇ ਡਰ ਜਾਂਦੇ ਨੇ।
ਡਰਦੇ ਡਰਦੇ ਕਿਰ ਜਾਂਦੇ ਨੇ, ਰਦੇ ਮਰਦੇ ਮਰ ਜਾਂਦੇ ਨੇ।
ਪਰ ਮੈਂ ਵੇਖੇ ਉਹ ਵੀ ਤਰਵਰ, ਹਰ ਮੁਸ਼ਕਿਲ ਵਿੱਚ ਤਣੇ ਖਲੋਤੇ, ਵੱਖਰੀ ਗੱਲ ਹੈ, ਝੱਖੜ ਝਾਂਜੇ, ਜਿਗਰ ਛਾਨਣੀ ਕਰ ਜਾਂਦੇ ਨੇ। ਗੁਰਭਜਨ ਗਿੱਲ



ਵੇਖ ਕਿਵੇਂ ਬਿਰਖਾਂ ਦੇ ਪੱਤਰ, ਲਾਲ ਤੇ ਪੀਲ਼ੇ ਵਿੱਛੜਨ ਵੇਲੇ। ਪਰੇਸ਼ਾਨ ਹਨ,ਸੋਚ ਰਹੇ ਨੇ,ਹੋਣਗੇ ਕਦੋਂ ਦੋਬਾਰਾ ਮੇਲੇ। ਪਰ ਮੇਰਾ ਵਿਸ਼ਵਾਸ ਅਟੱਲ ਹੈ, ਜੇਕਰ ਜੜ੍ਹਾਂ ਸਲਾਮਤ ਰਹੀਆਂ, ਫਿਰ ਪੁੰਗਰਨੀਆਂ ਲਗਰਾਂ ਉੱਤੇ,ਨਰਮ ਕਰੂੰਬਲਾਂ,ਜੰਗਲ ਬੇਲੇ। ਗੁਰਭਜਨ ਗਿੱਲ


ਮਿਲੀਏ ਗਿਲੀਏ ਭਾਵੇਂ ਨਾ ਪਰ, ਦਿਲ ਦਰਵਾਜ਼ੇ ਬੰਦ ਨਾ ਕਰੀਏ। ਉਮਰ ਗੁਆਚ ਗਈ ਤਾਂ ਮਗਰੋਂ, ਐਵੇਂ ਨਾ ਫਿਰ ਹਾਉਕੇ ਭਰੀਏ। ਖ਼ੁਸ਼ਬੂ ਨੂੰ ਤਾਂ ਦੇਸ਼ ਕਾਲ ਦੀ, ਕਦੇ ਗੁਲਾਮੀ ਹੁੰਦੀ ਨਹੀਂਉਂ, ਇਹ ਜ਼ਿੰਦਗਾਨੀ ਫਿਰ ਨਾ ਮਿਲਣੀ, ਆ ਜਾ ਇਤਰ ਸਰੋਵਰ ਤਰੀਏ। ਗੁਰਭਜਨ ਗਿੱਲ




ਮੰਜ਼ਿਲ ਬਹੁਤੀ ਦੂਰ ਨਾ ਹੁੰਦੀ , ਜੇਕਰ ਸਾਫ਼ ਨਿਸ਼ਾਨਾ ਹੋਵੇ। ਨਿਸ਼ਚਾ,ਹਿੰਮਤ, ਚਾਅ ਪਹੁੰਚਣ ਦਾ, ਚੌਥਾ ਤਨ ਨਜ਼ਰਾਨਾ ਹੋਵੇ। ਮੁਸ਼ਕਿਲ ਦੀ ਵੀ ਜ਼ੁਅਰਤ ਪਵੇ ਨਾ, ਐਸੇ ਰਾਹੀ ਦਾ ਰਾਹ ਰੋਕੇ,ਪਰਬਤ ਦੀ ਚੋਟੀ ਤੋਂ ਵੇਖਿਉ, ਆਪੇ ਮਗਰ ਜ਼ਮਾਨਾ ਹੋਵੇ। ਗੁਰਭਜਨ ਗਿੱਲ



ਬੋਲੇ ਨੀ ਬੰਬੀਹਾ ਬੋਲੇ, ਸ਼ਾਵਾ ਨੀ ਬੰਬੀਹਾ ਬੋਲੇ, ਬੋਲੇ ਤੇ ਬੋਲੇ ਦਿਨ ਪਹਿ ਰਾਤ ਨੀ ਬੰਬੀਹਾ ਬੋਲੇ। ਪੁੱਤਰ ਲੱਭਦੇ ਲੱਭਦੇ ਮੁੱਕ ਨਾ ਜਾਵੇ ਔਰਤ ਜ਼ਾਤ ਨੀ ਬੰਬੀਹਾ ਬੋਲੇ।
ਗੁਰਭਜਨ ਗਿੱਲ



ਲੋਕਤੰਤਰ ਬਣ ਗਿਆ ਹੈ ਵੇਖ ਲਉ ਦਾਦਾਗਿਰੀ। ਟੰਗਦੇ ਸੂਲੀ ਤੇ ਪਹਿਲਾਂ, ਫੇਰ ਦਿੰਦੇ ਦਿਲਬਰੀ। ਸਾਜ਼ਿਸ਼ੀ ਮਾਹੌਲ ਅੰਦਰ ਹੋ ਰਿਹਾ ਵਿਸ਼ਵਾਸਘਾਤ, ਧਰਮਸਾਲੀਂ ਬੈਠ ਧਰਮੀ ਕਰ ਰਹੇ ਨੇ ਚਾਕਰੀ। ਗੁਰਭਜਨ ਗਿੱਲ



ਵੀਹਵੀਂ ਸਦੀ ਗੁਜ਼ਾਰਨ ਮਗਰੋਂ ਬੰਦੇ ਦੇ ਤੂੰ ਕਾਰੇ ਵੇਖ ।
ਸ਼ਹਿਰ ਵਸਾਉਣ ਦੀ ਖ਼ਾਤਰ ਲਾਏ, ਜੰਗਲ ਦੇ ਵਿਚ ਆਰੇ ਵੇਖ । ਦਰਦ ਮਿਰੇ ਦੀ ਹਾਥ ਪਾਉਣ ਲਈ, ਲੰਘੀ ਰੂਹ ਦੇ ਦੁਆਰ ਜ਼ਰੂਰ, ਟੁੱਟਦੇ ਤਾਰੇ ਦੀ ਅੱਖ ਵਿਚੋਂ, ਅੱਥਰੂ ਮਣ ਮਣ ਭਾਰੇ ਵੇਖ। ਗੁਰਭਜਨ ਗਿੱਲ


ਕਿੰਨੇ ਚੋਰ ਲੁਕਾਏ ਨੇ ਮੈਂ, ਮਨ ਮੰਦਰ ਦੀ ਬਾਰੀ ਅੰਦਰ ।
ਚੋਰ-ਸਿਪਾਹੀ ਲੁਕਣ ਮਚਾਈ, ਖੇਡਣ ਚਾਰ ਦੀਵਾਰੀ ਅੰਦਰ । ਦੋਧੇ ਵਸਤਰ ਉੱਜਲੇ ਚਿਹਰੇ, ਖੇਡ ਰਹੇ ਜੂਏ ਦੀ ਬਾਜ਼ੀ, ਲੋਕ ਰਾਜ ਦੇ ਪਰਦੇ ਉਹਲੇ, ਭਾਰੀ ਪਹਿਰੇਦਾਰੀ ਅੰਦਰ। ਗੁਰਭਜਨ ਗਿੱਲ


ਕਈ ਜਨਮਾਂ ਤੋਂ ਵਿੱਛੜੇ ਆਪਾਂ, ਆ ਜਾ ਦੋਵੇਂ ਇੱਕ ਸਾਹ ਹੋਈਏ । ਕੋਸ਼ਿਸ਼ ਕਰੀਏ, ਘੁਲ਼ ਮਿਲ਼ ਜਾਈਏ, ਧੜਕਣ ਅੰਦਰ ਨਬਜ਼ ਪਰੋਈਏ । ਰੋਜ਼ ਉਡੀਕਣ ਬਿਖੜੇ ਪੈਂਡੇ, ਘੁੰਮਣ ਘੇਰ ਹਨ੍ਹੇਰੀਆਂ ਗਲੀਆਂ, ਡਰਦਿਆਂ ਨੂੰ ਇਹ ਹੋਰ ਡਰਾਵਣ, ਆ ਜਾ ਚਾਨਣ ਚਾਨਣ ਹੋਈਏ। ਗੁਰਭਜਨ ਗਿੱਲ



ਖ਼ਬਰੇ ਹੈ ਇਹ ਕਿਸ ਦਾ ਚਿਹਰਾ, ਜਿਸ ਨੂੰ ਆਖਣ ਵਤਨ ਪਿਆਰਾ। ਕਾਲੇ ਕਰਮੀਂ, ਮਾਰ ਨਹੁੰਦਰਾਂ, ਕੀਤਾ ਇਸ ਨੂੰ ਜ਼ਖ਼ਮੀ ਸਾਰਾ। ਇਸ ਵਿਚ ਕਿੱਥੇ ਸੁਰਗ ਨਜ਼ਾਰੇ,
ਕਸ਼ਮੀਰੀ ਸੇਬਾਂ ਜਹੇ ਬੱਚੇ, ਕਿੱਥੇ ਮੇਰੇ ਦੇਸ ਪੰਜਾਬ ਦਾ,
ਪਹਿਲ ਪਲੱਕੜਾ ਸੁਰਗ ਨਜ਼ਾਰਾ। ਗੁਰਭਜਨ ਗਿੱਲ



ਤੂੰ ਛੇੜ ਨਾ ਦਿਲ ਦੀਆਂ ਤਰਬਾਂ ਨੂੰ, ਇਹ ਸਾਜ਼ ਵਜਾਉਣ ਅਸਾਨ ਨਹੀਂ। ਦਿਲ ਸਭ ਕੁਝ ਖ਼ੁਦ ਹੀ ਕਹਿੰਦਾ ਹੈ, ਬੱਸ ਲੱਗੀ ਸਿਰਫ਼ ਜ਼ਬਾਨ ਨਹੀਂ। ਨਾ ਕੁਝ ਪਲ ਉੱਠਣਾ ਬਹਿਣਾ ਹੈ, ਮੈਂ ਪੱਕਾ ਏਥੇ ਰਹਿਣਾ ਹੈ, ਤੂੰ ਚਿੱਤ ਵਿਚ ਮੈਨੂੰ ਥਾਂ ਤਾਂ ਦੇ, ਮੈਂ ਕੁਝ ਪਲ ਦਾ ਮਹਿਮਾਨ ਨਹੀਂ।

ਗੁਰਭਜਨ ਗਿੱਲ



ਫ਼ਾਸਲਿਆਂ ਦੇ ਬਾਵਜੂਦ ਵੀ ਰਿਸ਼ਤੇ ਤਾਂ ਵਿਸ਼ਵਾਸ ਦਾ ਨਾਂ ਹੈ। ਇਹ ਉਹ ਬਿਰਖ਼ ਸੁਹਾਵਾ ਸੋਹਣਾ, ਜਿਸਦੀ ਹਰ ਮੌਸਮ ਵਿੱਚ ਛਾਂ ਹੈ। ਕੋਲ ਬੈਠਿਆਂ,ਮਨ ਪਰਦੇਸੀ,ਟੁੱਟ ਜਾਵੇ ਤਨ, ਮਨ ਦੇ ਨਾਲੋਂ, ਅੱਖਾਂ ਬੰਦ ਕਰਾਂ ਜੁੜ ਜਾਵਾਂ, ਕਿੰਨੀ ਸੁੱਚੀ ਬੁੱਕਲ ਮਾਂ ਹੈ। ਗੁਰਭਜਨ ਗਿੱਲ



ਮੈਂ ਆਪਣੇ ਅੱਜ ਦਿਲ ਦੇ ਵਰਕੇ ਦਿਨ ਚੜ੍ਹਦੇ ਹੀ ਫ਼ੋਲ ਰਿਹਾ ਸਾਂ। ਮੇਰੇ ਅੰਦਰ ਕਿੰਨੀ ਮਾਂ ਹੈ, ਬਾਪੂ ਜੀ ਨੂੰ ਟੋਲ ਰਿਹਾ ਸਾਂ। ਵਿੱਚ ਲਿਫ਼ਾਫ਼ੇ ਕੁਝ ਵੀ ਨਹੀਂ ਸੀ, ਜੋ ਕੁਝ ਉਨ੍ਹਾਂ ਮੈਨੂੰ ਸੌਂਪਿਆ, ਸਮਝ ਪਵੇ ਨਾ ਹੁਣ ਤੀਕਰ ਮੈਂ ਕਿਹੜਾ ਸੌਦਾ ਤੋਲ ਰਿਹਾ ਸਾਂ। ਗੁਰਭਜਨ ਗਿੱਲ



ਧਰਤੀ ਧਰਮ ਧਰਾਤਲ ਗਿਰਵੀ, ਜਿਸਮ ਨੀਲਾਮ,ਵਿਕਾਊ ਰੱਬ ਹੈ। ਅਸਲੀ ਗੱਲ ਤਾਂ ਏਸੇ ਕਰਕੇ ਸਾਡੀਆਂ ਸੋਚਾਂ ਦੇ ਵਿੱਚ ਡੱਬ ਹੈ। ਬਗਲ ਸਮਾਧੀ ਲਾ ਕੇ ਬਹਿੰਦੇ, ਮੱਛੀਆਂ ਲਈ ਨੇਤਾ,ਅਭਿਨੇਤਾ, ਮਾਛੀ ਵੀ ਤਾਂ ਨਾਲ ਰਲ਼ੇ ਨੇ, ਸੱਚ ਪੁੱਛੋ ਤਾਂ ਏਹੀ ਯੱਭ ਹੈ। ਗੁਰਭਜਨ ਗਿੱਲ



ਸੁਰ ਤੇ ਸ਼ਬਦ ਸੁਮੇਲ ਕਰੇ ਜਦ ਧਰਤੀ ਬੋਲਣ ਲਾ ਸਕਦਾ ਹੈ। ਬਿਨਾ ਕਿਤਾਬਾਂ ਪੜ੍ਹੇ, ਪੜ੍ਹਾਏ, ਰਾਗ ਵੀ ਸਬਕ ਸਿਖਾ ਸਕਦਾ ਹੈ। ਜ਼ਿੰਦਗੀ ਤਾਲੋਂ ਖੁੰਝੇ ਜਦ ਵੀ, ਸ਼ੋਰ ਕਰੇ ਸਰਦਾਰੀ ਓਥੇ, ਗ਼ਲੀਆਂ ਵਿੱਚ ਦਰਵੇਸ਼ ਗਾਵੱਈਆ,ਰੂਹ ਦਾ ਸਾਜ਼ ਵਜਾ ਸਕਦਾ ਹੈ। ਗੁਰਭਜਨ ਗਿੱਲ



ਹਰ ਪਲ ਮਾਨਣਯੋਗ ਦੋਸਤੋ, ਦੁੱਖ ਤੇ ਸੁਖ ਜ਼ਿੰਦਗੀ ਦੇ ਪਹੀਏ। ਹਰ ਧਰਤੀ ਦੀ ਬੁੱਕਲ ਮਾਣੋ, ਹੱਸ ਗੁਜ਼ਾਰੀਏ , ਜਿੱਥੇ ਰਹੀਏ। ਰੋਂਦਿਆਂ ਅੱਜ ਤੱਕ ਰਾਤ ਨਾ ਮੁੱਕੀ,ਇਹ ਸੂਤਰ ਜੇ ਪੱਲੇ ਬੰਨ੍ਹੀਏ, ਘੁੱਟਿਆ ਵੱਟਿਆ ਮਨ ਸਮਝਾਈਏ, ਸਭ ਦੀ ਸੁਣੀਏ, ਸਭ ਨੂੰ ਕਹੀਏ। ਗੁਰਭਜਨ ਗਿੱਲ



ਰੰਗ ਬਰੰਗੇ ਵਸਤਰ ਨੇ ਪਰ ਜ਼ਿੰਦਗੀ ਕਿਉਂ ਬਦਰੰਗ ਵੇ ਲੋਕਾ। ਚਾਵਾਂ ਨੂੰ ਦੱਸ ਕੌਣ ਮਸਲਦਾ, ਕਰਦਾ ਖੱਜਲ ਤੰਗ ਵੇ ਲੋਕਾ। ਹਰ ਸੱਸੀ ਦੇ ਪੈਰਾਂ ਥੱਲੇ ਅੱਜ ਵੀ ਤਪਦੀ ਰੇਤ ਥਲਾਂ ਦੀ, ਰਾਂਝੇ ਦੀ ਥਾਂ ਹੀਰ ਦੇ ਲੇਖੀਂ, ਹਰ ਥਾਂ ਖੇੜੇ ਝੰਗ ਵੇ ਲੋਕਾ। ਗੁਰਭਜਨ ਗਿੱਲ



ਫੁੱਲਾਂ ਨੂੰ ਜ਼ਬਾਨ ਲਾ ਕੇ ਓਸ ਕਿਹਾ ਖੋਲ੍ਹ ਨਾ। ਮਹਿਕ ਦੇ ਕੇ ਆਖਿਆ ਤੂੰ ਵਿਕੀਂ ਮਹਿੰਗੇ ਤੋਲ ਨਾ। ਆਉਣੇ ਵਣਜਾਰੇ ਲੱਖਾਂ, ਮੁੱਲ ਤੇਰਾ ਪਾਉਣ ਲਈ, ਚੁੱਪ ਚਾਪ ਵੰਡੀ ਜਾਹ ਤੂੰ ਮੂੰਹੋਂ ਪਰ ਬੋਲ ਨਾ। ਗੁਰਭਜਨ ਗਿੱਲ



ਦਿਨ ਚੜ੍ਹਿਆ ਹੈ,ਉੱਠ ਨੀ ਜਿੰਦੇ, ਭਰ ਭਰ ਮੁੱਠੀਆਂ ਵੰਡ ਖ਼ੁਸ਼ਬੋਈਆਂ। ਇਸ ਧਰਤੀ ਤੇ ਹਰ ਵਣਜਾਰੇ, ਕੋਮਲ ਕਲੀਆਂ ਸੂਲ ਪਰੋਈਆ। ਇਹ ਹੀ ਸਬਕ ਭੁਲਾਉਣਾ ਪੈਣੈ, ਹਰ ਵਸਤੂ ਨਾ ਮੰਡੀ ਖ਼ਾਤਰ, ਮਾਰ ਤਰੌਂਕਾ ਸੂਰਜ ਜਿੱਸਰਾਂ,ਧਰਤ ਦੀਆਂ ਸਭ ਨੁੱਕਰਾਂ ਧੋਈਆਂ। ਗੁਰਭਜਨ ਗਿੱਲ



ਫ਼ਾਸਲਿਆਂ ਨੇ ਖਾ ਜਾਣਾ ਹੈ,ਆ ਜਾ ਆਪਣੇ ਕੋਲ ਖਲੋਈਏ। ਕਰਕੇ ਸੁਰਤ ਇਕਾਗਰ ਖ਼ੁਦ ਨੂੰ ਨਵੇਂ ਸਿਰੇ ਤੋਂ ਮੁੜ ਕੇ ਗੋਈਏ। ਜਿਹੜੇ ਬਹੁਤੀਆਂ ਜੱਫੀਆਂ ਪਾਉਂਦੇ, ਸਾਵਧਾਨ ਜੀ ਬਚ ਕੇ ਰਹਿਣਾ, ਰਿਸ਼ਤਿਆਂ ਦੀ ਸੰਵੇਦਨ ਸ਼ਕਤੀ, ਲੱਭੀਏ ਸਾਹਾਂ ਵਿੱਚ ਪਰੋਈਏ। ਗੁਰਭਜਨ ਗਿੱਲ



Good morning



ਮੋਹ ਕਣੀਆਂ ਦੀ ਪਲ ਭਰ ਛਾਂ ਹੀ ਦੁਨੀਆਂ ਝੂਮਣ ਲਾ ਜਾਂਦੀ ਹੈ। ਰੂਹ ਅੰਦਰ ਵਿਸਮਾਦੀ ਧੜਕਣ ਰੋਮ ਰੋਮ ਨਸ਼ਿਆ ਜਾਂਦੀ ਹੈ। ਤਨ ਮਨ ਬਹੁਤ ਪਿਛਾਂਹ ਰਹਿ ਜਾਂਦਾ ਇਹ ਤੂੰ ਬਿਲਕੁਲ ਠੀਕ ਆਖਿਆ, ਇੱਕ ਮੁਸਕਾਨ ਤੇਰੀ ਸਹੁੰ ਲੱਗੇ ਦਿਲ ਦੇ ਤਾਰ ਹਿਲਾ ਜਾਂਦੀ ਹੈ। ਗੁਰਭਜਨ ਗਿੱਲ



ਨੰਗੇ ਪਿੰਡੇ ਤੁਰਨਾ ਔਖਾ ਤਿੱਖੜ ਤੇਜ਼ ਦੁਪਹਿਰ ਦੇ ਅੰਦਰ।
ਬਿਰਖ਼ ਗੁਆਚ ਗਏ ਨੇ ਸੜਕੋਂ ਏਸ ਸਰਾਪੇ ਸ਼ਹਿਰ ਦੇ ਅੰਦਰ। ਕਮਰੇ ਤੋਂ ਕਮਰੇ ਦਾ ਪੈਂਡਾ ਘਰ ਵਿੱਚ ਕੋਹਾਂ ਵਧਿਆ ਵੇਖੋ, ਦਿਲ ਟੁੱਟਿਆ ਫੁੱਲ ਬਣ ਕੇ ਤਰਦਾ ਦਿਲ ਦਰਿਆ ਦੀ ਲਹਿਰ ਦੇ ਅੰਦਰ। ਗੁਰਭਜਨ ਗਿੱਲ



ਕੁਰਬਾਨੀ ਦੇ ਨਾਲ ਸਿਰੀਂ, ਦਸਤਾਰ ਹਮੇਸ਼ਾ ਰੱਖ ਹੁੰਦੀ ਹੈ। ਬੇਅਣਖ਼ੇ ਬੰਦੇ ਦੀ ਜ਼ਿੰਦਗੀ, ਲੱਖ ਹੁੰਦਿਆਂ ਵੀ ਕੱਖ ਹੁੰਦੀ ਹੈ। ਦਸ ਗੁਰੂਆਂ ਦੀ ਬਾਣੀ ਨਿਸ ਦਿਨ, ਸਾਨੂੰ ਇਕੋ ਸਬਕ ਪੜ੍ਹਾਵੇ, ਅਸਲੀ ਨਕਲੀ ਪਰਖਣ ਵਾਲੀ, ਤੀਜੀ ਵੱਖਰੀ ਅੱਖ ਹੁੰਦੀ ਹੈ। ਗੁਰਭਜਨ ਗਿੱਲ



ਰੋਜ਼ ਦਿਹਾੜੀ ਟੁੱਟਦਾਂ ਸ਼ਾਮੀਂ ਸੁਬ੍ਹਾ ਮੁਕੰਮਲ ਬਣ ਜਾਂਦਾ ਹਾਂ। ਵੇਖਦਿਆਂ ਦੁਸ਼ਮਣ ਨੂੰ ਅੱਗੇ ਵਾਂਗ ਪਹਾੜਾਂ ਤਣ ਜਾਂਦਾ ਹਾਂ। ਮੈਂ ਸੂਰਜ ਦਾ ਜਾਇਆ ਚਾਨਣ ਹੋਰ ਨਹੀਂ ਸਿਰਨਾਵਾਂ ਮੇਰਾ, ਧਰਤੀ ਨੂੰ ਜਦ ਮਿਲਣਾ ਹੋਵੇ ਬਿਰਖਾਂ ਵਿੱਚ ਦੀ ਛਣ ਜਾਂਦਾ ਹਾਂ। ਗੁਰਭਜਨ ਗਿੱਲ




ਫ਼ਾਸਲਿਆਂ ਦੇ ਬਾਵਜੂਦ ਵੀ ਰਿਸ਼ਤੇ ਤਾਂ ਵਿਸ਼ਵਾਸ ਦਾ ਨਾਂ ਹੈ। ਇਹ ਉਹ ਬਿਰਖ਼ ਸੁਹਾਵਾ ਸੋਹਣਾ, ਜਿਸਦੀ ਹਰ ਮੌਸਮ ਵਿੱਚ ਛਾਂ ਹੈ। ਕੋਲ ਬੈਠਿਆਂ,ਮਨ ਪਰਦੇਸੀ,ਟੁੱਟ ਜਾਵੇ ਤਨ, ਮਨ ਦੇ ਨਾਲੋਂ, ਅੱਖਾਂ ਬੰਦ ਕਰਾਂ ਜੁੜ ਜਾਵਾਂ, ਕਿੰਨੀ ਸੁੱਚੀ ਬੁੱਕਲ ਮਾਂ ਹੈ। ਗੁਰਭਜਨ ਗਿੱਲ



ਘੁੰਮਣਘੇਰ ‘ਚ ਘਿਰ ਕੇ ਕਹੀਏ, ਜ਼ਿੰਦਗੀ ਤਾਂ ਜੰਜਾਲ ਜਹੀ ਹੈ। ਸਹਿਜਮਤੇ ਜੇ ਤੁਰੀਏ ਆਪਾਂ ਇਹ ਹੀ ਸਰਲ ਸਵਾਲ ਜਹੀ ਹੈ। ਨਜ਼ਰ, ਨਜ਼ਰੀਆ ਅੱਡਰੀ ਸ਼ੈ ਨੇ, ਸਮਝ ਪਵੇ ਤਾਂ ਮਸਲਾ ਹੱਲ ਹੈ, ਹਰ ਬੰਦੇ ਦੇ ਅੰਦਰ ਕਵਿਤਾ, ਧੜਕਣ ਸੁਰ ਤੇ ਤਾਲ ਜਹੀ ਹੈ। ਗੁਰਭਜਨ ਗਿੱਲ



ਤੁਰਿਆਂ ਬੰਦਿਆਂ ਅੱਗੇ ਸੱਜਣਾ, ਕਦੇ ਕੋਈ ਵੀ ਰਾਹ ਨਹੀਂ ਮੁੱਕਦੇ। ਸਫ਼ਰ ਸਦੀਵੀ ਸ਼ਕਤੀ ਜਿਸ ਦੀ, ਕਦੇ ਨਿਸ਼ਾਨੇ ਤੋਂ ਨਹੀਂ ਉੱਕਦੇ। ਮੀਲਾਂ ਵਾਲੇ ਪੱਥਰ ਗਿਣਦੇ ਲੋਕ ਹਮੇਸ਼ਾਂ ਥੱਕ ਜਾਂਦੇ ਨੇ, ਦਰਿਆਵਾਂ ਨੇ ਕੰਨ ਵਿੱਚ ਦੱਸਿਐ, ਹਿੰਮਤ ਦੇ ਸੋਮੇ ਨਹੀਂ ਸੁੱਕਦੇ। ਗੁਰਭਜਨ ਗਿੱਲ



ਜਗਦੇ ਮਘਦੇ ਹੱਥ ਵਿੱਚ ਆ ਗਏ, ਮੈ ਸ਼ਬਦਾਂ ਨੂੰ ਜਦੋਂ ਜਗਾਇਆ। ਕਾਗਜ਼ ਦੀ ਹਿੱਕ ਉੱਤੇ ਧਰ ਕੇ ਇਨ੍ਹਾਂ ਨੂੰ ਮੈਂ ਤੋਰਨ ਲਾਇਆ। ਕੁਝ ਲੋਕਾਂ ਨੇ ਗੀਤ ਕਿਹਾ, ਕੁਝ ਗ਼ਜ਼ਲਾਂ ਨਜ਼ਮਾਂ ਸਮਝ ਰਹੇ ਨੇ, ਮੈਂ ਤਾਂ ਆਪਣਾ ਗੱਲ ਆਖਣ ਦਾ ਸਦੀਆਂ ਲੰਮਾ ਇਸ਼ਕ ਪੁਗਾਇਆ।

ਗੁਰਭਜਨ ਗਿੱਲ




ਅੱਖਾਂ ਖੋਲ੍ਹ ਤੂੰ ਵੇਖ ਪਿਆਰੇ ਲੱਗਿਆ ਹੈ ਰੰਗਾਂ ਦਾ ਮੇਲਾ।
ਫੁੱਲਾਂ ਨਾਲ ਗੁ਼ਫ਼ਤਗੂ ਕਰਕੇ, ਹੋ ਜਾਂਦਾ ਏ ਜਨਮ ਸੁਹੇਲਾ।
ਦਿਲ ਦੀ ਖਿੜਕੀ ਖੋਲ੍ਹ ਸੋਹਣਿਆਂ, ਸੱਜਰੀ ਹਵਾ ਜ਼ਰੂਰੀ
ਇਸਨੂੰ, ਅੱਜ ਨੂੰ ਅੱਜ ਹੀ ਮਾਣ ਲਿਆ ਕਰ,ਕੱਲ੍ਹ ਦਾ ਤਾਂ
ਹੈ ਨਾਮ ਕੁਵੇਲਾ। ਗੁਰਭਜਨ ਗਿੱਲ



ਬੀਜ ਬਣੇ ਹਰਿਆਲਾ ਬੂਟਾ, ਖਿੜਦੇ ਨੇ ਫੁੱਲ ਵੰਨ ਸੁਵੰਨੇ।
ਕੁਦਰਤ ਪੈਰੀਂ ਪਾ ਕੇ ਝਾਂਜਰ, ਛਣਕਾਉਂਦੀ ਜਿਉਂ ਬੰਨੇ ਚੰਨੇ। ਮਨ ਮਸਤਕ ਵਿੱਚ ਸਰਗਮ ਛਿੜਦੀ, ਧੁਰ ਅੰਦਰ ਤੱਕ ਬਿਜਲੀ ਚਮਕੇ, ਇਸ ਪੁਸਤਕ ਦਾ ਪਾਠ ਅਲੱਗ ਹੈ, ਵਿਸਮਾਦੀ ਨੇ ਸਾਰੇ ਪੰਨੇ। ਗੁਰਭਜਨ ਗਿੱਲ



ਬਲਿਹਾਰੀ ਦੀ ਬੁੱਕਲ ਅੰਦਰ ਪਰਬਤ ਬਾਗ ਬਗੀਚੇ ਜਲ ਹੈ। ਜਿੱਥੇ ਇਹ ਕੁਝ ਦਿਸਦਾ ਨਹੀਂਉਂ, ਉਸ ਦਾ ਨਾਂ ਹੀ ਮਾਰੂਥਲ ਹੈ। ਥਲ ਅੰਦਰ ਦਾ ਜੀਣ ਅਨੋਖਾ, ਬਿਨ ਪਾਣੀ ਤੋਂ ਮਾਰੂ ਫ਼ਸਲਾਂ, ਜੰਤ, ਪਰਿੰਦੇ, ਵਣ ਤ੍ਰਿਣ, ਬੰਦੇ ਦਿਲ ਵਿੱਚ ਅਜਬ ਜਿਹੀ ਕਲਵਲ ਹੈ। ਗੁਰਭਜਨ ਗਿੱਲ



ਸੂਹੇ ਫੁੱਲ ਦੀ ਸ਼ਾਨ ਉਦੋਂ ਤੱਕ, ਜਦ ਤੱਕ ਅੰਗ ਸੰਗ ਪੱਤ ਹਰਿਆਲੇ। ਵੇਖ ਕਿਵੇਂ ਤੇਰੇ ਸਿਰ ਛਤਰੀ ਉੱਚੇ ਬਿਰਖ਼ ਮੁਹੱਬਤਾਂ ਵਾਲੇ। ਪੈਰਾਂ ਹੇਠ ਵਿਛੀ ਹੈ ਧਰਤੀ ਘਾਹ ਦੀਆਂ ਨਰਮ ਮਖ਼ਮਲੀ ਦਰੀਆਂ, ਬਲਿਹਾਰੀ ਲਿਖੀਆਂ ਕਵਿਤਾਵਾਂ, ਪੜ੍ਹਦੇ ਵਿਰਲੇ ਕਰਮਾਂ ਵਾਲੇ। ਗੁਰਭਜਨ ਗਿੱਲ


ਕਿੰਨਾ ਸੋਹਣਾ ਖ਼ਤ ਲਿਖਿਆ ਤੂੰ, ਸ਼ਬਦਾਂ ਦੀ ਥਾਂ ਵੇਲ ਤੇ
ਪੱਤੀਆਂ। ਰੁਮਕਦੀਆਂ ਪੌਣਾਂ ਘਰ ਆਈਆਂ,ਤੇਰੇ ਵਾਂਗੂੰ
ਹੀ ਮਦਮੱਤੀਆਂ। ਤੇਰੇ ਇਸ ਅੰਦਾਜ਼ ਤੋਂ ਸਦਕੇ, ਮੈਂ ਜਾਵਾਂ
ਬਲਿਹਾਰੇ ਤੈਥੋਂ, ਬਿਨ ਮਿਲਿਆਂ ਦੋਹਾਂ ਨੇ ਰਲ਼ ਕੇ,
ਕਿਰਨਾਂ 'ਕੱਠੀਆਂ ਕਰ ਕੇ ਕੱਤੀਆਂ। ਗੁਰਭਜਨ ਗਿੱਲ


ਪਰੇਸ਼ਾਨ ਹਾਂ ਵੇਖ ਵੇਖ ਕੇ, ਮਾਂ ਧਰਤੀ ਦੀ ਅਜਬ
ਮੁਹਾਰਤ। ਹਰ ਪੱਤੇ ਤੇ ਕਿੱਦਾਂ ਲਿਖਦੀ, ਵੱਖਰੀ ਸੋਹਣੀ
ਸਫ਼ਲ ਇਬਾਰਤ। ਸਿੱਖ ਨਹੀਂ ਸਕਿਆ ਮੈਂ ਪੁੱਤ ਹੋ ਕੇ,ਮਾਂ
ਕੋਲੋਂ ਇਹ ਸਗਲ ਜ਼ਬਾਨਾਂ, ਬੁੱਝਦਿਆਂ ਹੀ ਥੱਕ ਚੱਲਿਆ
ਹਾਂ, ਹਰ ਟਾਹਣੀ ਤੇ ਨਵੀਂ ਬੁਝਾਰਤ। ਗੁਰਭਜਨ ਗਿੱਲ



ਦਿਲ ਵਿੱਚ ਮੰਦੜੇ ਖ਼ਿਆਲ ਨਾ ਰੱਖੀਂ ਇਹ ਰਿਸ਼ਤੇ ਨੂੰ ਤੋੜ ਦੇਣਗੇ। ਨੇਕ ਅਮਲ ਤੇ ਸ਼ੁਭ ਚਿੰਤਨ ਕਰ, ਇਹ ਟੁੱਟਿਆਂ ਨੂੰ ਜੋੜ ਦੇਣਗੇ। ਕਦੇ ਮੁਸੀਬਤ ਆ ਜਾਵੇਂ ਤਾਂ, ਡਰਨਾ ਨਹੀਂ, ਘਬਰਾਉਣਾ ਵੀ ਨਾ, ਰਿਸ਼ਤੇ ਤੇਰੀ ਢਾਲ਼ ਬਣਨਗੇ, ਹਰ ਮੁਸ਼ਕਿਲ ਨੂੰ ਮੋੜ ਦੇਣਗੇ। ਗੁਰਭਜਨ ਗਿੱਲ



ਤੂੰ ਪੁੱਛਿਐ ਰਸ ਰੰਗੀਆ ਸੂਰਜ ਖੇਤਾਂ ਦੇ ਵਿੱਚ ਕੀ ਕਰਦਾ ਹੈ। ਚਾਨਣ ਦੀ ਪਿਚਕਾਰੀ ਲੈ ਕੇ ਕਣ ਕਣ ਜਲਵਾਗਰ ਕਰਦਾ ਹੈ। ਖਿੜਨ ਕਪਾਹਾਂ ਨਰਮੇ ਫੁੱਟੀਆਂ ਛੱਲੀਆਂ ਕੱਤਣ ਆਸ ਉਮੀਦਾਂ, ਪੱਤਿਆਂ ਵਿੱਚ ਦੀ ਬਿਨ ਦੱਸਿਆਂ ਤੋਂ ਗੰਨਿਆਂ ਵਿੱਚ ਇਹ ਰਸ ਭਰਦਾ ਹੈ। ਗੁਰਭਜਨ ਗਿੱਲ



ਨਕਲੀ ਫੁੱਲ ਬਾਜ਼ਾਰੋਂ ਲੈ ਕੇ, ਗੁਲਦਸਤੇ ਨੂੰ ਖ਼ੂਬ ਸਜਾਈਏ। ਮਹਿਕ ਵਿਹੂਣੀ ਜ਼ਿੰਦਗੀ ਅੰਦਰ ਰੰਗਾਂ ਦਾ ਸੰਸਾਰ ਵਸਾਈਏ। ਇਸ ਧਰਤੀ ਤੇ ਵਧ ਗਏ ਨਕਲੀ, ਚਿਹਰੇ, ਹਾਸੇ ਤੇ ਖ਼ੁਸ਼ਬੋਈਆਂ, ਅਸਲੀ ਜੜ੍ਹ ਤੋਂ ਟੁੱਟ ਗਏ ਆਂ, ਨਕਲੀ ਰਿਸ਼ਤੇ ਸਾਕ ਬਣਾਈਏ। ਗੁਰਭਜਨ ਗਿੱਲ



ਸੁਣੋ! ਸੁਣੋ! ਸਾਹ ਰੋਕੋ ਸੁਣ ਲਉ, ਧਰਤੀ ਗੀਤ ਸੁਣਾਵੇ।
ਆਪੇ ਲਿਖਦੀ ਆਪੇ ਗਾਉਂਦੀ, ਆਪੇ ਤਰਜ਼ ਬਣਾਵੇ।
ਕਾਹਲੀ ਕਾਹਲੀ ਲੰਘ ਜਾਂਦੇ ਓ, ਸੁਰ ਮੇਲੇ ਦੇ ਕੋਲੋਂ, ਸੁਣ ਸਕਦੇ ਓ ਫੁੱਲਾਂ ਕੋਲੋਂ,ਜੇਕਰ ਮਨ ਚਿੱਤ ਚਾਹਵੇ। ਗੁਰਭਜਨ ਗਿੱਲ



ਮੇਰਾ ਤੇਰਾ ਸਭ ਦਾ ਮਸਲਾ,ਥੋੜਾ ਸੁਣੀਏਂ ਬਹੁਤਾ ਕਹੀਏ।
ਵਕਤ ਹਥੌੜਾ ਸਿਰ ਦੇ ਉੱਤੇ ਏਸੇ ਕਰਕੇ ਮੁੜ ਮੁੜ ਸਹੀਏ।
ਤੁਰਦੇ ਤੁਰਦੇ ਤੁਰਦੇ ਤੁਰਦੇ ਜਿੱਥੋਂ ਤੁਰੇ ਸਾਂ ਓਥੇ ਹੀ ਹਾਂ,
ਸੁਖ ਤੇ ਚੈਨ ਢੂੰਡੀਏ ਬਾਹਰੋਂ,ਆਪਣੇ ਕੋਲ ਘੜੀ ਨਾ ਬਹੀਏ। ਗੁਰਭਜਨ ਗਿੱਲ




ਸੁਣਿਆ ਸੀ, ਅੱਜ ਵੇਖ ਲਿਆ ਹੈ, ਚੰਗਿਆਂ ਮੂੰਹੋਂ ਫੁੱਲ ਨੇ ਕਿਰਦੇ। ਰੁੱਖ ਮੂੰਹੋਂ ਤਾਂ ਬੋਲ ਨਾ ਸਕਦੇ,ਏਹੀ ਕਿਰਿਆ ਕਰਦੇ ਚਿਰ ਦੇ। ਦਿਨ ਚੜ੍ਹਿਐ ਤੂੰ ਬਾਹਰ ਨਿਕਲ ਕੇ, ਧਰਤੀ ਮਾਂ ਦਾ ਰੂਪ ਵੇਖ ਲੈ, ਵੇਖਦਿਆ ਤੂੰ ਆਪ ਕਹੇਂਗਾ, ਪੈ ਗਈ ਹੈ ਠੰਢ ਮੇਰੇ ਹਿਰਦੇ। ਗੁਰਭਜਨ ਗਿੱਲ



ਸੂਰਤ ਲੈ ਕੇ ਸੂਹੀ ਕੂਚੀ,ਧਰਤੀ ਨੂੰ ਸ਼ਿੰਗਾਰਨ ਆਇਆ। ਬਿਰਖ਼ ਦੇ ਟਾਹਣਾਂ ਵਿੱਚ ਦੀ ਵੇਖੋ, ਕਲਾਕਾਰ ਦੀ ਕੈਸੀ ਮਾਇਆ। ਕਿਰਨ ਕਹਿਕਸ਼ਾਂ ਪੰਡਾਂ ਬੰਨ੍ਹ ਕੇ,ਗਲੀ ਗਲੀ ਫਿਰਦਾ ਵਣਜਾਰਾ, ਹੋਕਾ ਦੇਵੇ,ਤੁਰ ਜਾਹ ਰਾਤੇ, ਤੇਰੀ ਥਾਂ ਤੇ ਹੁਣ ਮੈਂ ਆਇਆ। ਗੁਰਭਜਨ ਗਿੱਲ


ਰਾਤ ਦੀ ਕਾਲ਼ੀ ਚਾਦਰ ਉੱਤੇ ਫੁੱਲਾਂ ਲਿਖੀ ਇਬਾਰਤ ਪੜ੍ਹ ਲਉ। ਭਰੀ ਦਵਾਤ ਚਾਨਣਾ ਸੂਰਜ, ਹਿੰਮਤ ਕਰਕੇ ਕਲਮਾਂ ਘੜ ਲਉ। ਵਕਤ ਉਡੀਕ ਰਿਹਾ ਏ ਸਾਨੂੰ, ਸ਼ਬਦ ਸਾਧਕੋ,ਜਾਗੋ ਜਾਗੋ, ਲੰਘ ਜਾਵੇ ਨਾ ਸੂਰਜ ਦਾ ਰੱਥ, ਹਿੰਮਤ ਕਰਕੇ ਵਾਗਾਂ ਫੜ ਲਉ। ਗੁਰਭਜਨ ਗਿੱਲ



ਸੱਤ ਸ਼ਕਤੀਆਂ ਸਾਂਭ ਲੈ ਬੰਦਿਆ,ਸੁਣਨਾ ਤੱਕਣਾ,ਛੋਹਣਾ।
ਹੱਸਣ ਤੇ ਮਹਿਸੂਸਣ ਸ਼ਕਤੀ ਸਵਾਦ ਪਰਖ਼ ਦਾ ਹੋਣਾ।
ਇਸ ਤੋਂ ਮਿਲਣੀ ਅਸਲੀ ਪੂੰਜੀ ਬੰਦਿਆ ਬੰਦਾ ਬਣ ਕੇ,
ਮਨ ਮਿੱਟੀ ਜੇ ਕੁੱਟਣਾ ਸਿੱਖ ਲਏਂ,ਰੱਤ ਆਪਣੀ ਵਿੱਚ
ਗੋਣਾ। ਗੁਰਭਜਨ ਗਿੱਲ


ਚਮੜੀ ਗੋਰੀ ਚਿੱਟੀ ਵਰਗੀ ਰੰਗਾਂ ਦੀ ਗੱਲ ਕਰਿਆ ਨਾ ਕਰ। ਦਿਲ ਦੀ ਦੌਲਤ ਹੁੰਦਿਆਂ ਸੁੰਦਿਆਂ ਠੰਢੇ ਹਾਉਕੇ ਭਰਿਆ ਨਾ ਕਰ। ਤੂੰ ਤਾਂ ਹੈਂ ਹਰ ਰਣ ਦਾ ਜੋਧਾ, ਤੂੰ ਰੰਗਾਂ ਤੋਂ ਕੀ ਲੈਣਾ ਹੈ, ਦੁਨੀਆਦਾਰ ਬਾਜ਼ਾਰ ਦੇ ਕੈਦੀ, ਤੂੰ ਇਨ੍ਹਾਂ ਤੋਂ ਡਰਿਆ ਨਾ ਕਰ। ਗੁਰਭਜਨ ਗਿੱਲ



ਹੁਸਨ ਸਦੀਵੀ ਲੰਮਾ ਚਿਰ ਤਾਂ,ਅੱਖੀਆਂ ਅੰਦਰ ਬਹਿ ਨਹੀਂ ਸਕਦਾ। ਦਿਲ ਦੀ ਦੌਲਤ ਜੋ ਬਣ ਜਾਵੇ,ਹੋਰ ਕਿਸੇ ਥਾਂ ਰਹਿ ਨਹੀਂ ਸਕਦਾ। ਨੈਣ ਨਿਰੰਤਰ ਤੱਕਦੇ ਜਲਵੇ, ਇਸ ਧਰਤੀ ਤੇ ਵੰਨ ਸੁਵੰਨੇ, ਦਿਲ ਦੀ ਧੜਕਣ ਵਿੱਚ ਤੂੰ ਹਾਜ਼ਰ, ਇਸ ਤੋਂ ਅੱਗੇ ਕਹਿ ਨਹੀਂ ਸਕਦਾ। ਗੁਰਭਜਨ ਗਿੱਲ



ਡੁੱਬਦਾ ਸੂਰਜ ਵੀ ਛੱਡ ਜਾਂਦਾ, ਧਰਤੀ ਪੱਲੇ ਕਿੰਨੀ ਲਾਲੀ।
ਸਾਡੀ ਹੀ ਬੁੱਕਲ ਹੈ ਨਿੱਕੀ,ਸਾਥੋਂ ਹੀ ਨਾ ਜਾਏ ਸੰਭਾਲੀ।
ਰਾਤ ਸਮਝਦੀ ਮੈਂ ਚਾਨਣ ਨੂੰ, ਬੁਰਕੀ ਮਾਰ ਸਮੇਟ ਲਿਆ ਹੈ, ਇੱਕੋ ਹੱਲਾ ਮਾਰਨ ਕਿਰਨਾਂ, ਪਾੜਨ ਚਾਦਰ ਗੂੜ੍ਹੀ ਕਾਲੀ। ਗੁਰਭਜਨ ਗਿੱਲ



ਸੋਹਣੇ ਹੱਥਾਂ ਬੁਣਤੀ ਕੀਤੀ,ਜਾਵਾਂ ਮੈਂ ਬਲਿਹਾਰੇ। ਰੰਗ ਹੀ ਬੋਲਣ, ਰੰਗ ਹੀ ਸੁਣਦੇ, ਰੰਗ ਹੀ ਭਰਨ ਹੁੰਗਾਰੇ। ਧਰਤ ਸੁਹਾਗਣ ਦੇ ਘਰ ਅੰਦਰ ਚੂਹੇ ਪਲ਼ ਗਏ ਮੋਟੇ, ਜੋ ਤੰਦਾਂ ਨੂੰ ਕੁਤਰ ਰਹੇ ਨੇ, ਬਣ ਕੇ ਮੀਤ ਹਮਾਰੇ। ਗੁਰਭਜਨ ਗਿੱਲ


ਸੁਖਨ ਸੁਨੇਹਾ ਲੈ ਕੇ ਆਇਆ,ਸੂਰਜ ਬਿਰਖ਼ਾਂ ਓਹਲੇ।
ਰੌਸ਼ਨੀਆਂ ਦਾ ਪੂਰ ਪਰਾਗਾ, ਵੰਡ ਰਿਹਾ ਬਿਨ ਬੋਲੇ। ਮਾਂ
ਦੀ ਮਾਂਗ ਸੰਧੂਰੀ ਇਸ ਨੇ ਰਲ਼ ਕੇ ਸ਼ਗਨ ਮਨਾਉ, ਜਿਸ
ਦੇ ਮਾਪੇ ਸੂਰਜ ਧਰਤੀ, ਉਹ ਪੈਰੋਂ ਕਿਉਂ ਡੋਲੇ। ਗੁਰਭਜਨ
ਗਿੱਲ



ਤੁਰਿਆਂ ਬੰਦਿਆਂ ਅੱਗੇ ਸੱਜਣਾ, ਕਦੇ ਕੋਈ ਵੀ ਰਾਹ ਨਹੀਂ ਮੁੱਕਦੇ। ਸਫ਼ਰ ਸਦੀਵੀ ਸ਼ਕਤੀ ਜਿਸ ਦੀ, ਕਦੇ ਨਿਸ਼ਾਨੇ ਤੋਂ ਨਹੀਂ ਉੱਕਦੇ। ਮੀਲਾਂ ਵਾਲੇ ਪੱਥਰ ਗਿਣਦੇ ਲੋਕ ਹਮੇਸ਼ਾਂ ਥੱਕ ਜਾਂਦੇ ਨੇ, ਦਰਿਆਵਾਂ ਨੇ ਕੰਨ ਵਿੱਚ ਦੱਸਿਐ, ਹਿੰਮਤ ਦੇ ਸੋਮੇ ਨਹੀਂ ਸੁੱਕਦੇ। ਗੁਰਭਜਨ ਗਿੱਲ



ਕੀ ਹੋਇਆ ਜੇ ਜੱਗ ਨਹੀਂ ਸੁਣਦਾ, ਬੇ ਕਦਰਾਂ ਨੂੰ ਕੁਝ ਨਹੀਂ ਕਹਿਣਾ। ਬੰਸਰੀਆਂ ਤਾਂ ਸਿਰਫ਼ ਬਹਾਨਾ, ਅਸਲੀ ਗੱਲ ਹੈ ਅੰਦਰ ਲਹਿਣਾ। ਸ਼ਬਦ ਸਰੂਰੇ ਸੁਰ ਦੀ ਸੰਗਤ, ਇਸ ਤੋਂ ਅੱਗੇ ਮੈਂ ਕੀ ਦੱਸਾਂ, ਪਲ ਵਿਸਮਾਦੀ ਨਾਲੋਂ ਮਹਿੰਗਾ, ਧਰਤੀ ਤੇ ਨਾ ਇੱਕ ਵੀ ਗਹਿਣਾ। ਗੁਰਭਜਨ ਗਿੱਲ


ਮੰਨਿਆ ਤੂੰ ਵੀ ਜ਼ੋਰਾਵਰ ਹੈਂ, ਏਨੀ ਗੂੜ੍ਹੀ ਚੁੱਪ ਨਾ ਚੰਗੀ।
ਨਾ ਹੂੰਗਾਰ ਨਾ ਕੋਈ ਹੁੰਗਾਰਾ, ਜਾਨ ਮੇਰੀ ਕਿਉਂ ਸੂਲੀ
ਟੰਗੀ। ਇੱਕ ਸੂਰਜ ਇੱਕ ਧਰਤੀ ਤੋਂ ਵੱਧ,ਜੇ ਦੇਣੈਂ ਤਾਂ ਇਹ
ਕੁਝ ਦੇ ਦੇ, ਰਸ ਰੰਗ ਤੇ ਖ਼ੁਸ਼ਬੋ ਅਣਮਿਣਵੀਂ,ਜੋ ਅੱਜ
ਤੀਕ ਨਾ ਤੈਥੋਂ ਮੰਗੀ। ਗੁਰਭਜਨ ਗਿੱਲ




ਫ਼ਾਸਲਿਆਂ ਦੇ ਬਾਵਜੂਦ ਵੀ ਰਿਸ਼ਤੇ ਤਾਂ ਵਿਸ਼ਵਾਸ ਦਾ ਨਾਂ ਹੈ। ਇਹ ਉਹ ਬਿਰਖ਼ ਸੁਹਾਵਾ ਸੋਹਣਾ, ਜਿਸਦੀ ਹਰ ਮੌਸਮ ਵਿੱਚ ਛਾਂ ਹੈ। ਕੋਲ ਬੈਠਿਆਂ,ਮਨ ਪਰਦੇਸੀ,ਟੁੱਟ ਜਾਵੇ ਤਨ, ਮਨ ਦੇ ਨਾਲੋਂ, ਅੱਖਾਂ ਬੰਦ ਕਰਾਂ ਜੁੜ ਜਾਵਾਂ, ਕਿੰਨੀ ਸੁੱਚੀ ਬੁੱਕਲ ਮਾਂ ਹੈ। ਗੁਰਭਜਨ ਗਿੱਲ



ਨਜ਼ਰ ਟਿਕਾ ਕੇ ਵੇਖੋ ਜੇਕਰ,ਕਤਰਾ ਵੀ ਦਰਿਆ ਹੁੰਦਾ ਹੈ।
ਉਸ ਬੰਦੇ ਨੂੰ ਨਜ਼ਰੀਂ ਆਵੇ, ਜਿਸ ਦੇ ਅੰਦਰ ਚਾਅ ਹੁੰਦਾ ਹੈ। ਸੁੰਗੜਿਆਂ ਨੂੰ ਸੱਤ ਸਮੁੰਦਰ, ਲੱਗਣ ਛੱਪੜ ਵੱਡਾ ਸਾਰਾ, ਨਜ਼ਰ ਨਜ਼ਰੀਆ ਸਾਂਭ ਕੇ ਰੱਖਿਉ,ਨਹੀਂ ਤਾਂ ਮਨ ਗੁੰਮਰਾਹ ਹੁੰਦਾ ਹੈ। ਗੁਰਭਜਨ ਗਿੱਲ




ਬਹੁਤ ਹੋ ਗਿਆ ਵੀਰਾ ਵੇ, ਹੁਣ ਤੂੰ ਵੀ ਸੁਣ ਲੈ, ਚੁੱਪ ਨਹੀਂ ਬਹਿਣਾ। ਚੁੱਪ ਰਿਹਾਂ ਤਾਂ ਤੇਰੇ ਸਿਰ ਤੋਂ ਲੋਕਾਂ ਦਾ ਕਰਜ਼ਾ ਨਹੀਂ ਲਹਿਣਾ। ਜਿੱਥੇ ਵੀ ਹੈਂ, ਜੋ ਕਰ ਸਕਦੈਂ, ਕਰ ਲੈ, ਅੱਜ ਹੀ, ਰੂਹ ਤੇ ਭਾਰ ਪਿਆ ਜੇ ਕੱਲ੍ਹ ਨੂੰ,ਮਗਰੋਂ ਫਿਰ ਮੈਨੂੰ ਨਾ ਕਹਿਣਾ। ਗੁਰਭਜਨ ਗਿੱਲ


ਸ਼ਬਦ ਮੇਰੇ ਲਈ ਮਾਪਿਆਂ ਵਰਗੇ, ਜੋ ਮੰਗਦਾ ਹਾਂ, ਨਾਂਹ ਨਹੀਂ ਕਰਦੇ। ਜੇਕਰ ਕਰਾਂ ਫ਼ਜ਼ੂਲ ਖ਼ਰਚੀਆਂ,ਫੇਰ ਕਦੇ ਵੀ ਹਾਂ ਨਹੀਂ ਕਰਦੇ। ਮਾਂ ਬੋਲੀ ਦੀਆਂ ਪੋਟਲੀਆਂ 'ਚੋਂ ਸਗਲ ਖ਼ਜ਼ਾਨੇ ਵਰਤ ਰਿਹਾ ਹਾਂ, ਸਹੀ ਸਮੇਂ ਜੇ ਸੱਚ ਨੂੰ ਆਖਾਂ , ਇੱਕ ਵੀ ਕਦਮ ਪਿਛਾਂਹ ਨਹੀਂ ਕਰਦੇ। ਗੁਰਭਜਨ ਗਿੱਲ



ਉਹ ਤਾਂ ਸਮਝ ਰਹੇ ਸੀ ਜੰਗਲ ਅਗਨ ਹਵਾਲੇ ਕਰਕੇ।
ਪੱਤੀ ਪੱਤੀ ਰਾਖ਼ ਬਣੀ ਹੈ, ਕਿੰਜ ਉੱਠੇਗੀ ਮਰ ਕੇ।
ਪਰ ਜ਼ਰਖ਼ੇਜ਼ ਜ਼ਮੀਨ, ਜ਼ਮੀਰਾਂ ਮਰਨ ਕਦੇ ਨਾ ਸ਼ਾਹੋ,
ਅਸੀਂ ਜਿਉਂਦੇ ਅਸੀਂ ਜਾਗਦੇ, ਸਦਾ ਹੋਣੀਆਂ ਵਰ ਕੇ।
ਗੁਰਭਜਨ ਗਿੱਲ



ਸੁਣੋ ਸੁਣੋ ਧਰਤੀ ਦੇ ਲੋਕੋ, ਜਾਂਦਾ ਸੂਰਜ ਕੀ ਕਹਿ ਚੱਲਿਆ। ਮੇਰੀ ਚੜ੍ਹਤਲ ਦਿਨ ਚੜ੍ਹਿਆ ਸੀ,ਰਾਤ ਪਊ ਹੁਣ ਮੈਂ ਲਹਿ ਚੱਲਿਆ। ਫ਼ੁੱਲ, ਫ਼ਲਾਂ ਵਿੱਚ ਰੰਗ ਰਸ ਭਰਨਾ, ਮੇਰੀ ਅਜ਼ਲੋਂ ਜ਼ੁੰਮੇਵਾਰੀ, ਕੱਲ੍ਹ ਸਵੇਰੇ ਫਿਰ ਆਵਾਂਗਾ, ਸਮਝ ਲਇਓ ਨਾ ਮੈਂ ਬਹਿ ਚੱਲਿਆ।


ਗੁਰਭਜਨ ਗਿੱਲ



ਫੁੱਲਾਂ ਵਿੱਚ ਖ਼ੁਸ਼ਬੋ ਵੀ ਤੂੰ ਹੈਂ, ਮੈਂ ਤੈਨੂੰ ਪਹਿਚਾਣ ਲਿਆ ਹੈ।
ਤੇਰਾ ਇਹ ਅੰਦਾਜ਼ ਪਿਆਰਾ, ਪਹਿਲਾਂ ਨਹੀਂ, ਹੁਣ ਜਾਣ ਲਿਆ ਹੈ। ਇਹ ਸਾਹਾਂ ਵਿਚਕਾਰ ਦਾ ਰਿਸ਼ਤਾ ਵਿਰਲੇ ਜੀਅ ਨੂੰ ਮਿਲਦਾ ਏਥੇ, ਤੂੰ ਤੇ ਅੱਜ ਤੱਕ ਦੱਸਿਆ ਨਹੀਂ ਸੀ, ਵੇਖ ਮੈਂ ਕਿੱਦਾਂ ਮਾਣ ਲਿਆ ਹੈ। ਗੁਰਭਜਨ ਗਿੱਲ



ਸਾਡੇ ਵੱਡੇ ਭਾ ਜੀ ਪ੍ਰਿੰਸੀਪਲ ਜਸਵੰਤ ਸਿੰਘ ਗਿੱਲ ਸਿਡਨੀ(ਆਸਟਰੇਲੀਆ) ਤੋਂ ਆਏ ਹੋਏ ਨੇ। ਕੱਲ੍ਹ (24.10.2024) ਭਾ ਜੀ ਪ੍ਰੋ. ਸੁਖਵੰਤ ਸਿੰਘ ਗਿੱਲ ਵੀ ਬਟਾਲਿਉਂ ਆਏ ਹੋਏ ਸਨ। ਦਿਲ ਕੀਤਾ ਕਿ ਇਕੱਠੀ ਮੂਰਤ ਖਿਚਵਾਈਏ। ਪੁਨੀਤ ਪੁੱਤਰ ਨੇ ਇਹ ਪਲ ਸਾਂਭ ਲਿਆ ਗੁਰਭਜਨ ਗਿੱਲ



ਜ਼ਿੰਦਗੀ ਨਾਲ ਸਮਾਂ ਰਲ਼ ਦੋਵੇਂ ਜਿਹੜੇ ਸਬਕ ਪੜ੍ਹਾਉਂਦੇ।
ਸੱਚ ਪੁੱਛੋ ਤਾਂ ਅਸਲ 'ਚ ਓਹੀ, ਹਰ ਪਲ ਨੇ ਕੰਮ ਆਉਂਦੇ।
ਜ਼ਿੰਦਗੀ ਦੱਸੇ ਵਕਤ ਦੀ ਕੀਮਤ, ਸਮਾਂ ਸਿਖਾਵੇ ਜੀਣਾ,
ਜੋ ਵੀ ਇਸ ਦੇ ਅਰਥ ਨਾ ਜਾਨਣ, ਹਰ ਸਾਹ ਨੇ
ਪਛਤਾਉਂਦੇ। ਗੁਰਭਜਨ ਗਿੱਲ

ਇੱਕ ਦਰਵਾਜ਼ਾ ਬੰਦ ਹੋਵੇ ਤਾਂ ਅੱਗੇ ਤੁਰ ਸੌ ਖੁੱਲ੍ਹ ਜਾਂਦਾ ਹੈ। ਜ਼ਿੰਦਗੀ ਸਫ਼ਰ ਨਿਰੰਤਰ ਕਰਦੇ ਬੰਦਾ ਅਕਸਰ ਭੁੱਲ ਜਾਂਦਾ ਹੈ। ਮੇਰੇ ਬਾਬਲ ਇਹ ਸਮਝਾਇਆ,ਸੰਭਲ ਤੁਰਿਆਂ ਕਦਮ ਨਾ ਥਿੜਕੇ, ਕਾਹਲਿਆਂ ਦੇ ਸਿਰ ਉੱਤੋਂ ਅਕਸਰ ਘਿਉ ਦਾ ਪੀਪਾ ਡੁੱਲ੍ਹ ਜਾਂਦਾ ਹੈ। ਗੁਰਭਜਨ ਗਿੱਲ



ਵਾਗਾਂ ਖਿੱਚ ਕੇ ਰੱਖਿਉ ਇਸ ਦੀ, ਵਕਤ ਦਾ ਅੱਥਰਾ ਘੋੜਾ ਮਿੱਤਰੋ। ਜੋਸ਼ ਨਾਲ ਹੈ ਹੋਸ਼ ਜ਼ਰੂਰੀ,ਵਰਤੋ ਕਰਕੇ ਜੋੜਾ ਮਿੱਤਰੋ। ਜੇ ਨਿੱਖੜੇ ਤਾਂ ਮਿਲੂ ਖੁਆਰੀ,ਉਮਰਾਂ ਦਾ ਪਛਤਾਵਾ ਮਗਰੋਂ, ਬਣ ਜਾਵੇ ਨਾਸੂਰ ਕਿਤੇ ਨਾ,ਵਾਲ ਤੋੜ ਦਾ ਫੋੜਾ ਮਿੱਤਰੋ। ਗੁਰਭਜਨ ਗਿੱਲ



ਸੂਰਜ ਚੜ੍ਹਨੋਂ ਪਹਿਲਾਂ ਜਾਗੇ, ਕਣ ਕਣ ਦੇ ਵਿੱਚ ਮਹਿਕ ਪਰੋਵੇ। ਓਥੇ ਓਥੇ ਦਿਸੇ ਚਾਨਣਾ, ਜਿੱਥੇ ਕਦਮ ਅਸੀਸ ਦਾ ਹੋਵੇ। ਨਿੱਕੇ ਨਿੱਕੇ ਵਾਕ ਬੁਣਦਿਆਂ ਅਰਥ ਬੜੇ ਸਮਝਾਵੇ ਸਾਨੂੰ, ਹਰ ਵੇਲੇ ਹਰਕਤ ਵਿੱਚ ਰੱਖਦੀ, ਜਦ ਸੌਂ ਜਾਵੇ ਧਰਤ ਖਲੋਵੇ। ਗੁਰਭਜਨ ਗਿੱਲ




ਤੇਰੇ ਤੀਕ ਕਦੇ ਨਾ ਪੁੱਜਦਾ, ਜੇ ਮੁਸ਼ਕਿਲ ਵੰਗਾਰ ਨਾ ਬਣਦੀ। ਸੁਖ ਦੀ ਛਾਵੇਂ ਸੌਂ ਜਾਂਦਾ ਤਾਂ ਕਿੱਦਾਂ ਫੇਰ ਮੁਸੀਬਤ ਛਣਦੀ। ਜ਼ਿੰਦਗੀ! ਤੇਰਾ ਲੱਖ ਸ਼ੁਕਰਾਨਾ, ਧੁੱਪਾਂ ਦਿੱਤੀਆਂ, ਛਾਵਾਂ ਦਿੱਤੀਆਂ, ਏਸੇ ਨੇ ਹੀ ਮੈਨੂੰ ਘੜਿਆ, ਸੋਝੀ ਦਿੱਤੀ ਹੈ ਕਣ ਕਣ ਦੀ। ਗੁਰਭਜਨ ਗਿੱਲ


ਬਿਨ ਸੰਘਰਸ਼ ਕਦੇ ਵੀ ਬੰਦਾ, ਗੱਲਾਂ ਨਾਲ ਮਹਾਨ ਨਹੀਂ ਬਣਦਾ। ਬਿਨਾ ਤਰਾਸ਼ੇ ਪੱਥਰ ਟੁਕੜਾ, ਮਿੱਟੀ ਹੈ, ਭਗਵਾਨ ਨਹੀਂ ਬਣਦਾ। ਕਰਮੋਂ ਖੋਟੇ ਬੰਦਿਆਂ ਦੀ ਬੱਸ ਜੀਭ ਬੋਲਦੀ ਰਹੇ ਨਿਰੰਤਰ, ਬਾਣ ਲੱਗੇ ਬਿਨ ਰੋਸ ਨਾ ਜਾਗੇ, ਐਵੇਂ ਤਾਂ ਮੁੱਕਾ ਨਹੀਂ ਤਣਦਾ। ਗੁਰਭਜਨ ਗਿੱਲ



ਬਲਿਹਾਰੀ ਦੀ ਬੁੱਕਲ ਅੰਦਰ ਪਰਬਤ ਬਾਗ ਬਗੀਚੇ ਜਲ ਹੈ। ਜਿੱਥੇ ਇਹ ਕੁਝ ਦਿਸਦਾ ਨਹੀਂਉਂ, ਉਸ ਦਾ ਨਾਂ ਹੀ ਮਾਰੂਥਲ ਹੈ। ਥਲ ਅੰਦਰ ਦਾ ਜੀਣ ਅਨੋਖਾ, ਬਿਨ ਪਾਣੀ ਤੋਂ ਮਾਰੂ ਫ਼ਸਲਾਂ, ਜੰਤ, ਪਰਿੰਦੇ, ਵਣ ਤ੍ਰਿਣ, ਬੰਦੇ ਦਿਲ ਵਿੱਚ ਅਜਬ ਜਿਹੀ ਕਲਵਲ ਹੈ। ਗੁਰਭਜਨ ਗਿੱਲ



ਹਿੰਮਤੀ ਕਰਦੇ ਪਾਰ ਅੜਿੱਕੇ, ਮੰਜ਼ਿਲ ਤਾਂ ਸਰ ਕਰਦੇ।
ਰਾਹ ਵਿੱਚ ਬੈਠ ਆਰਾਮ ਕਰਨ,ਨਾ ਠੰਢੇ ਹੌਕੇ ਭਰਦੇ।
ਲੰਮੀ ਦੌੜ ਦੇ ਘੋੜੇ ਜਿੱਤਦੇ,ਦਮ ਪੱਕਿਆਂ ਦੇ ਸਦਕੇ,
ਸਿਖ਼ਰ ਪਰਬਤੀਂ ਜਾ ਚੜ੍ਹਦੇ ਨੇ,ਜਦ ਨਿਸ਼ਚਾ ਮਨ ਧਰਦੇ।
ਗੁਰਭਜਨ ਗਿੱਲ



ਕਿਉਂ ਮਹਿਲਾਂ ਦਾ ਮਾਣ ਕਰੇਂ ਤੂੰ, ਰੁੱਖ ਬਿਜੜੇ ਦਾ ਘਰ ਹੁੰਦਾ ਹੈ। ਤੀਲੇ ਬੁਣੇ ਬਣਾਉਣ ਦੇ ਵੇਲੇ ਟੁੱਟ ਨਾ ਜਾਵੇ ਡਰ ਹੁੰਦਾ ਹੈ। ਓਸ ਬਿਰਖ਼ ਜੜ੍ਹ ਆਰੀ ਫੇਰੇਂ,ਆਪਣੇ ਬੂਹੇ ਬਾਰੀਆਂ ਖ਼ਾਤਰ, ਉਸ ਦੀ ਥਾਂ ਤੇ ਬਹਿ ਕੇ ਸੋਚੀਂ, ਸਦਮਾ ਕਿੱਦਾਂ ਜਰ ਹੁੰਦਾ ਹੈ। ਗੁਰਭਜਨ ਗਿੱਲ



ਤਰੇਲ ਦੇ ਮੋਤੀ ਲਿਸ਼ਕ ਰਹੇ ਨੇ ਟਾਹਣੀ ਟਾਹਣੀ ਬਣ ਕੇ ਜਲ ਕਣ। ਸਾਗਰ ਤਪਿਆ ਅੰਬਰੀਂ ਪਹੁੰਚੇ ਸੀਤਲ ਹੋ ਕੇ ਬਿਰਖ਼ੀਂ ਲਮਕਣ। ਇਹ ਅੱਥਰੂ ਨੇ ਪ੍ਰਕਿਰਤੀ ਦੇ ਨੇਤਰ ਖੋਲ੍ਹੋ ਦਰਦ ਪਛਾਣੋ, ਇੱਕ ਤੁਪਕੇ ਵਿੱਚ ਕੀ ਕੁਝ ਬੋਲੇ ਦਮ ਦਮ ਬੋਲੇ ਇਸ 'ਚੋਂ ਕਣ ਕਣ। ਗੁਰਭਜਨ ਗਿੱਲ



ਦਿਨ ਚੜ੍ਹਿਆ ਹੈ, ਪੋਲੇ ਪੈਰੀਂ ਆ ਗਈ ਤੇਰੀ ਯਾਦ ਸੁਲੱਖਣੀ। ਸ਼ਬਦ ਮੋਤੀਆਂ ਵਰਗੀ ਪੂੰਜੀ ਕਾਹਦੇ ਲਈ ਮੈਂ ਸਾਂਭ ਕੇ ਰੱਖਣੀ। ਤੇਰਾ ਦਿੱਤਾ ਤੈਨੂੰ ਹੀ ਮੈਂ, ਕਿਣਕਾ ਕਿਣਕਾ ਮੋੜ ਰਿਹਾ ਹਾਂ, ਤੂੰ ਨਾ ਮਿਲਦਾ, ਪੈ ਜਾਣੀ ਸੀ, ਮੈਨੂੰ ਸਿੱਲ ਅਲੂਣੀ ਚੱਖਣੀ। ਗੁਰਭਜਨ ਗਿੱਲ



ਇਸ ਧਰਤੀ ਤੇ ਕਿੰਨਾ ਕੁਝ ਹੈ, ਰਹਿ ਚੱਲਿਆ ਸਾਥੋਂ ਅਣਮਾਣਿਆ। ਸੁਰਗ ਨਜ਼ਾਰੇ ਵਰਗਾ ਕੀ ਕੁਝ,ਜੋ ਆਪਾਂ ਵੇਖਿਆ ਨਾ ਜਾਣਿਆ। ਹਰ ਪਲ ਮਿੱਟੀ ਠੀਕਰੀਆਂ ਤੇ ਕੂੜ ਕਬਾੜਾ ਚੁਗਦੇ ਫਿਰੀਏ, ਪੈਰਾਂ ਹੇਠ ਜ਼ਮੀਨ ਗੁਆਚੀ,ਕੈਸਾ ਭਰਮਾਂ ਤੰਬੂ ਤਾਣਿਆ। ਗੁਰਭਜਨ ਗਿੱਲ




ਬੜੇ ਬੜੇ ਹੰਕਾਰੀ ਤੁਰ ਗਏ, ਵਕਤ ਫਰੇਮ ਚ ਕੈਦ ਨਾ ਹੋਵੇ। ਅਣਚਾਹੀਆਂ ਤਸਵੀਰਾਂ ਵਾਛੜ, ਕਣੀਆਂ ਮਾਰ ਮਾਰ ਕੇ ਧੋਵੇ। ਕੈਪਸੂਲ ਧਰਤੀ ਵਿੱਚ ਦੱਬ ਕੇ ਕਿੰਨੇ ਹਾਕਮ ਕਬਰੀਂ ਸੁੱਤੇ, ਉਹ ਰਹਿੰਦਾ ਦਿਲ ਅੰਦਰ ਹਰ ਦਮ, ਜਿਹੜਾ ਲੋਕਾਂ ਨਾਲ ਖਲੋਵੇ। ਗੁਰਭਜਨ ਗਿੱਲ



ਤੋੜਨ ਵਾਲੇ ਬਹੁਤ ਮਿਲਣਗੇ, ਮੇਰੇ ਸੁਹਲ ਦਿਲੇ ਦੀਏ ਕਲੀਏ। ਬੜੇ ਬਣਨਗੇ ਜਾਨ ਤੋਂ ਪਿਆਰੇ ਰੰਗ ਬਰੰਗੇ ਫਿਰਦੇ ਛਲੀਏ। ਦੇਵਤਿਆਂ ਨੂੰ ਪੂਜਣ ਵਾਲੇ ਹਸਤੀ ਤੇਰੀ ਮੇਟ ਦੇਣਗੇ, ਪਰ ਤੂੰ ਸਵਾਸ ਅਖ਼ੀਰੀ ਤੀਕਰ, ਸਭ ਨੂੰ ਮਹਿਕਾਂ ਵੰਡੀਂ ਭਲੀਏ। ਗੁਰਭਜਨ ਗਿੱਲ



ਇੱਕ ਟਾਹਣੀ ਫੁੱਲ ਕੰਡੇ ਜੰਮਣ, ਜੋ ਖਿੜਦੇ, ਕਿਉਂ ਓਹੀ ਝੜਦੇ। ਕੰਡਿਆਂ ਨੂੰ ਫੁੱਲ ਦੇਣ ਝਕਾਨੀਂ, ਖ਼ੁਸ਼ਬੋਈ ਬਣ ਹਰ ਸਾਹ ਵੜਦੇ। ਤੂੰ ਪੁੱਛਿਆ ਹੈ, ਕੰਡਿਆਂ ਉੱਤੇ ਸੰਗਤ ਰੂਪ ਕਿਉਂ ਨਹੀਂ ਚੜ੍ਹਦਾ, ਚੋਭਾਂ ਮਾਰਨ ਵਾਲੇ ਬੱਲਿਆ, ਦਿਲ ਦੀ ਕੋਈ ਕਿਤਾਬ ਨਾ ਪੜ੍ਹਦੇ। ਗੁਰਭਜਨ ਗਿੱਲ



ਦਿਨ ਚੜ੍ਹਿਆ ਹੈ,ਉੱਠ ਨੀ ਜਿੰਦੇ, ਭਰ ਭਰ ਮੁੱਠੀਆਂ ਵੰਡ ਖ਼ੁਸ਼ਬੋਈਆਂ। ਇਸ ਧਰਤੀ ਤੇ ਹਰ ਵਣਜਾਰੇ, ਕੋਮਲ ਕਲੀਆਂ ਸੂਲ ਪਰੋਈਆ। ਇਹ ਹੀ ਸਬਕ ਭੁਲਾਉਣਾ ਪੈਣੈ, ਹਰ ਵਸਤੂ ਨਾ ਮੰਡੀ ਖ਼ਾਤਰ, ਮਾਰ ਤਰੌਂਕਾ ਸੂਰਜ ਜਿੱਸਰਾਂ,ਧਰਤ ਦੀਆਂ ਸਭ ਨੁੱਕਰਾਂ ਧੋਈਆਂ। ਗੁਰਭਜਨ ਗਿੱਲ



ਇੱਕ ਮਿੱਠੜੀ ਮੁਸਕਾਨ ਬਿਨਾ ਮੈਂ ਤੇਰੇ ਤੋਂ ਕੁਝ ਹੋਰ ਨਾ ਮੰਗਦਾ। ਤੇਰਾ ਕੰਡ ਘੁਮਾ ਕੇ ਬਹਿਣਾ, ਜਿੰਦ ਮੇਰੀ ਸੂਲੀ ਤੇ ਟੰਗਦਾ। ਮੰਨਿਆ!ਛਣਕਣ ਹਾਸੇ ਅੰਦਰ ਸੁੱਕੀਆਂ ਜਿਵੇਂ ਸ਼ਰੀਂਹ ਦੀਆਂ ਫ਼ਲੀਆਂ, ਇੱਕ ਅੱਧ ਡੋਬਾ ਦੇ ਜਾ ਮੈਨੂੰ,ਮੋਰਨੀਏ ਨੀ ਰੂਹ ਦੇ ਰੰਗ ਦਾ। ਗੁਰਭਜਨ ਗਿੱਲ



ਫ਼ਾਸਲਿਆਂ ਨੇ ਖਾ ਜਾਣਾ ਹੈ,ਆ ਜਾ ਆਪਣੇ ਕੋਲ ਖਲੋਈਏ। ਕਰਕੇ ਸੁਰਤ ਇਕਾਗਰ ਖ਼ੁਦ ਨੂੰ ਨਵੇਂ ਸਿਰੇ ਤੋਂ ਮੁੜ ਕੇ ਗੋਈਏ। ਜਿਹੜੇ ਬਹੁਤੀਆਂ ਜੱਫੀਆਂ ਪਾਉਂਦੇ, ਸਾਵਧਾਨ ਜੀ ਬਚ ਕੇ ਰਹਿਣਾ, ਰਿਸ਼ਤਿਆਂ ਦੀ ਸੰਵੇਦਨ ਸ਼ਕਤੀ, ਲੱਭੀਏ ਸਾਹਾਂ ਵਿੱਚ ਪਰੋਈਏ। ਗੁਰਭਜਨ ਗਿੱਲ



ਮੈਨੂੰ ਬਾਹਰੋਂ ਲੱਭਿਆ ਨਾ ਕਰ ਮੈਂ ਤੇਰੇ ਅੰਦਰ ਹੀ ਵੱਸਦਾਂ।
ਕਿੰਨੀ ਵਾਰੀ ਪਹਿਲਾਂ ਦੱਸਿਐ, ਅੰਤਮ ਵਾਰੀ ਮੁੜ ਕੇ ਦੱਸਦਾਂ। ਹਿਰਨਾਂ ਦੇ ਸਿੰਗਾਂ ਤੇ ਚੜ੍ਹ ਕੇ, ਲੱਭਦਾ ਫਿਰਦੈਂ ਕਿਹੜੇ ਰੱਬ ਨੂੰ, ਥੱਕ ਟੁੱਟ ਕੇ ਜਦ ਪੈ ਜਾਂਦਾ ਏਂ, ਤੇਰੀ ਕਮਅਕਲੀ ਤੇ ਹੱਸਦਾਂ। ਗੁਰਭਜਨ ਗਿੱਲ




ਜੇ ਕਰਨਾ ਵਿਸ਼ਵਾਸ ਤਾਂ ਪਹਿਲਾਂ,ਬਹੁਤ ਜ਼ਰੂਰੀ ਦੁਨੀਆਂ ਪੜ੍ਹਿਉ। ਚਮਕਣਹਾਰ ਮੁਲੰਮਾ ਮੰਡੀ, ਸੋਚ ਸਮਝ ਕੇ ਉਂਗਲੀ ਫੜਿਉ। ਰਾਤੋ ਰਾਤ ਅਮੀਰੀ ਮਾਰਗ, 'ਨੇਰ੍ਹ ਗੁ਼ਫ਼ਾ ਅੰਦਰ ਨੂੰ ਜਾਵੇ, ਛਾਲਾਂ ਮਾਰਨ ਵਾਲੇ ਡਿੱਗਦੇ,ਪੌੜੀ ਪੌੜੀ ਕਰਕੇ ਚੜ੍ਹਿਉ। ਗੁਰਭਜਨ ਗਿੱਲ



ਤੋੜਨ ਵਾਲੇ ਬਹੁਤ ਮਿਲਣਗੇ, ਮੇਰੇ ਸੁਹਲ ਦਿਲੇ ਦੀਏ ਕਲੀਏ। ਬੜੇ ਬਣਨਗੇ ਜਾਨ ਤੋਂ ਪਿਆਰੇ ਰੰਗ ਬਰੰਗੇ ਫਿਰਦੇ ਛਲੀਏ। ਦੇਵਤਿਆਂ ਨੂੰ ਪੂਜਣ ਵਾਲੇ ਹਸਤੀ ਤੇਰੀ ਮੇਟ ਦੇਣਗੇ, ਪਰ ਤੂੰ ਸਵਾਸ ਅਖ਼ੀਰੀ ਤੀਕਰ, ਸਭ ਨੂੰ ਮਹਿਕਾਂ ਵੰਡੀਂ ਭਲੀਏ। ਗੁਰਭਜਨ ਗਿੱਲ



ਇੱਕ ਟਾਹਣੀ ਫੁੱਲ ਕੰਡੇ ਜੰਮਣ, ਜੋ ਖਿੜਦੇ, ਕਿਉਂ ਓਹੀ ਝੜਦੇ। ਕੰਡਿਆਂ ਨੂੰ ਫੁੱਲ ਦੇਣ ਝਕਾਨੀਂ, ਖ਼ੁਸ਼ਬੋਈ ਬਣ ਹਰ ਸਾਹ ਵੜਦੇ। ਤੂੰ ਪੁੱਛਿਆ ਹੈ, ਕੰਡਿਆਂ ਉੱਤੇ ਸੰਗਤ ਰੂਪ ਕਿਉਂ ਨਹੀਂ ਚੜ੍ਹਦਾ, ਚੋਭਾਂ ਮਾਰਨ ਵਾਲੇ ਬੱਲਿਆ, ਦਿਲ ਦੀ ਕੋਈ ਕਿਤਾਬ ਨਾ ਪੜ੍ਹਦੇ। ਗੁਰਭਜਨ ਗਿੱਲ



ਦਿਨ ਚੜ੍ਹਿਆ ਹੈ,ਉੱਠ ਨੀ ਜਿੰਦੇ, ਭਰ ਭਰ ਮੁੱਠੀਆਂ ਵੰਡ ਖ਼ੁਸ਼ਬੋਈਆਂ। ਇਸ ਧਰਤੀ ਤੇ ਹਰ ਵਣਜਾਰੇ, ਕੋਮਲ ਕਲੀਆਂ ਸੂਲ ਪਰੋਈਆ। ਇਹ ਹੀ ਸਬਕ ਭੁਲਾਉਣਾ ਪੈਣੈ, ਹਰ ਵਸਤੂ ਨਾ ਮੰਡੀ ਖ਼ਾਤਰ, ਮਾਰ ਤਰੌਂਕਾ ਸੂਰਜ ਜਿੱਸਰਾਂ,ਧਰਤ ਦੀਆਂ ਸਭ ਨੁੱਕਰਾਂ ਧੋਈਆਂ। ਗੁਰਭਜਨ ਗਿੱਲ



ਬੜੇ ਬੜੇ ਹੰਕਾਰੀ ਤੁਰ ਗਏ, ਵਕਤ ਫਰੇਮ ਚ ਕੈਦ ਨਾ ਹੋਵੇ। ਅਣਚਾਹੀਆਂ ਤਸਵੀਰਾਂ ਵਾਛੜ, ਕਣੀਆਂ ਮਾਰ ਮਾਰ ਕੇ ਧੋਵੇ। ਕੈਪਸੂਲ ਧਰਤੀ ਵਿੱਚ ਦੱਬ ਕੇ ਕਿੰਨੇ ਹਾਕਮ ਕਬਰੀਂ ਸੁੱਤੇ, ਉਹ ਰਹਿੰਦਾ ਦਿਲ ਅੰਦਰ ਹਰ ਦਮ, ਜਿਹੜਾ ਲੋਕਾਂ ਨਾਲ ਖਲੋਵੇ। ਗੁਰਭਜਨ ਗਿੱਲ



ਫ਼ਾਸਲਿਆਂ ਨੇ ਖਾ ਜਾਣਾ ਹੈ,ਆ ਜਾ ਆਪਣੇ ਕੋਲ ਖਲੋਈਏ। ਕਰਕੇ ਸੁਰਤ ਇਕਾਗਰ ਖ਼ੁਦ ਨੂੰ ਨਵੇਂ ਸਿਰੇ ਤੋਂ ਮੁੜ ਕੇ ਗੋਈਏ। ਜਿਹੜੇ ਬਹੁਤੀਆਂ ਜੱਫੀਆਂ ਪਾਉਂਦੇ, ਸਾਵਧਾਨ ਜੀ ਬਚ ਕੇ ਰਹਿਣਾ, ਰਿਸ਼ਤਿਆਂ ਦੀ ਸੰਵੇਦਨ ਸ਼ਕਤੀ, ਲੱਭੀਏ ਸਾਹਾਂ ਵਿੱਚ ਪਰੋਈਏ। ਗੁਰਭਜਨ ਗਿੱਲ



ਮੈਨੂੰ ਬਾਹਰੋਂ ਲੱਭਿਆ ਨਾ ਕਰ ਮੈਂ ਤੇਰੇ ਅੰਦਰ ਹੀ ਵੱਸਦਾਂ।
ਕਿੰਨੀ ਵਾਰੀ ਪਹਿਲਾਂ ਦੱਸਿਐ, ਅੰਤਮ ਵਾਰੀ ਮੁੜ ਕੇ ਦੱਸਦਾਂ। ਹਿਰਨਾਂ ਦੇ ਸਿੰਗਾਂ ਤੇ ਚੜ੍ਹ ਕੇ, ਲੱਭਦਾ ਫਿਰਦੈਂ ਕਿਹੜੇ ਰੱਬ ਨੂੰ, ਥੱਕ ਟੁੱਟ ਕੇ ਜਦ ਪੈ ਜਾਂਦਾ ਏਂ, ਤੇਰੀ ਕਮਅਕਲੀ ਤੇ ਹੱਸਦਾਂ। ਗੁਰਭਜਨ ਗਿੱਲ




ਸਦੀਆਂ ਤੋਂ ਹੀ ਵੇਖ ਰਹੇ ਹਾਂ ਬਦਨੀਤਾਂ ਦਾ ਮੂੰਹ ਸਿਰ ਕਾਲ਼ਾ। ਮੂੰਹ ਵਿੱਚ ਰਾਮ ਬਗਲ ਵਿੱਚ ਛੁਰੀਆਂ, ਓਹਲੇ ਵਿੱਚ ਹੀ ਘਾਲ਼ਾ ਮਾਲ਼ਾ। ਥੈਲੀਸ਼ਾਹ ਦੀ ਕਰਨ ਦਲਾਲੀ, ਮੀਸਣੀਆਂ ਮੁਸਕਾਨਾਂ ਵਾਲੇ, ਮਣਕਾ ਮਣਕਾ ਕਰ ਸੁੱਟਦੇ ਨੇ,ਮੁਸ਼ਕਲ ਨਾਲ ਪਰੋਈ ਮਾਲ਼ਾ। ਗੁਰਭਜਨ ਗਿੱਲ



ਘਰੋਂ ਤੁਰਦਿਆਂ ਮਾਂ ਦੱਸਿਆ ਸੀ, ਪੱਕੀਆਂ ਰਾਹਾਂ ਛੱਡ ਕੇ ਤੁਰਨਾ। ਕੰਕਰੀਟ ਤਾਂ ਖਾ ਜਾਂਦਾ ਹੈ, ਸੁਪਨ ਧਰਤੀਆਂ,ਮਨ ਦਾ ਫੁਰਨਾ। ਕੱਚੀਆਂ ਰਾਹਾਂ ਤੇ ਹੀ ਉੱਗਦੇ ਵੰਨ ਸੁਵੰਨੇ ਬਿਰਖ਼ ਬਰੂਟੇ, ਨੁਕਤਾ ਇੱਕ ਵਿਸਾਰਨ ਮਗਰੋਂ ਸਾਰੀ ਉਮਰਾ ਪੈਂਦਾ ਝੁਰਨਾ। ਗੁਰਭਜਨ ਗਿੱਲ




ਕਿਹੜੇ ਰਾਹੀਂ ਤੋਰਿਆ ਜਿੱਧਰ ਪੈੜਾਂ ਨਾ ਪਗਡੰਡੀਆਂ।
ਮੂੰਹ ਅੱਡਿਆ ਹੈ ਚਾਰ ਚੁਫ਼ੇਰੇ ਵੰਨ ਸੁਵੰਨੀਆਂ ਮੰਡੀਆਂ।
ਖਾ ਨਾ ਜਾਵਣ ਹਸਤੀ ਸਾਡੀ, ਧਰਤੀ ਤੇ ਮਰਯਾਦਾ, ਹੋਰ
ਕਦੋਂ ਦੱਸ ਵਰਤਣੀਆਂ ਨੇ, ਸੋਚਾਂ, ਤਿੱਖੀਆਂ ਚੰਡੀਆਂ।
ਗੁਰਭਜਨ ਗਿੱਲ


ਜ਼ੁਲਮ ਕਮਾਇਆ ਮੈਂ ਤੇਰੇ ਤੇ, ਜ਼ਾਲਮ ਆਖੇ ਸਾਬਤ ਕਰ।
ਹੋਰ ਕਰਾਂਗਾ, ਜੇ ਨਾ ਝੁਕਿਆ, ਆਪਣੇ ਸਿਰ ਨੂੰ ਨੀਂਵਾਂ
ਕਰ। ਪਰ ਮੇਰਾ ਇਤਿਹਾਸ ਕਹੇ ਤੂੰ ਜੀਣ ਜੋਗਿਆ ਡੋਲੀਂ
ਨਾ, ਪਰਖ਼ ਘੜੀ ਹੈ ਬੱਚਿਆ ਤੇਰੀ, ਮੌਤ ਸਦੀਵੀ ਪਲ ਦਾ
ਡਰ। ਗੁਰਭਜਨ ਗਿੱਲ



ਅੱਜ ਤੂੰ ਯਾਦ ਕਰਾਇਆ ਮੈਨੂੰ, ਸੋਚ ਰਿਹਾ ਸਾਂ ਬੜੇ ਚਿਰਾਂ ਤੋਂ। ਪੱਕੀਆਂ ਸੜਕਾਂ ਲੈ ਗਈਆਂ ਨੇ ਦੁੱਧ ਪੁੱਤ ਵਰਗੇ ਸਾਕ ਗਿਰਾਂ ਤੋਂ। ਏਦਾਂ ਲੱਗਦੈ ਗੰਨੇ ਦੀ ਥਾਂ ਚਰ੍ਹੀ ਦੇ ਟਾਂਡੇ ਚੂਪ ਰਿਹਾਂ ਹਾਂ, ਮਹਿਕ ਗੁਆਚੀ ਗੀਤਾਂ ਵਿੱਚੋਂ, ਲਹਿ ਗਈ ਏ ਦਸਤਾਰ ਸਿਰਾਂ ਤੋਂ। ਗੁਰਭਜਨ ਗਿੱਲ

Reply






ਸਭ ਤੇ ਉਮਰ ਬੁਢਾਪਾ ਆਉਣੈਂ ,ਚੜ੍ਹੀ ਜਵਾਨੀ ਭੁੱਲ ਜਾਂਦੀ ਹੈ। ਫ਼ਰਜ਼ ਭੁਲਾ ਕੇ ਗ਼ਰਜ਼ਾਂ ਪਿੱਛੇ ਪੈਰ ਪੈਰ ਤੇ ਡੁੱਲ੍ਹ ਜਾਂਦੀ ਹੈ। ਘਰ ਨੂੰ ਕੁੰਡੇ ਜੰਦਰੇ ਲਾ ਕੇ,ਜਾਣ ਵਾਲਿਆਂ ਨੂੰ ਇਹ ਕਹਿਣਾ, ਮਨ ਦੀਆਂ ਤੰਦਾਂ ਪੀਚ ਨਾ ਦੇਣਾ,ਗੰਢ ਖਿਸਕਾਵੀਂ ਖੁੱਲ੍ਹ ਜਾਂਦੀ ਹੈ। ਗੁਰਭਜਨ ਗਿੱਲ



ਸੋਚਾਂ ਦੀ ਖ਼ਾਮੋਸ਼ ਨਦੀ ਵਿੱਚ ਹਰ ਵੇਲੇ ਪਾਣੀ ਨਹੀਂ ਵਹਿੰਦਾ। ਵੇਖ ਲਿਆ ਕਰ ਸੂਰਜ ਰਾਣਾ ਕੀ ਕਹਿੰਦਾ ਹੈ ਚੜ੍ਹਦਾ ਲਹਿੰਦਾ। ਘੁੰਮਣਘੇਰ ਹਵਾ ਦੇ ਅੰਦਰ ਮਿੱਟੀ ਘੱਟਾ ਰਲ਼ ਜਾਂਦੇ ਨੇ, ਉਮਰ ਤਜ਼ਰਬੇ ਨੇ ਇਹ ਦੱਸਿਐ, ਬਾਤ ਕਿਤਾਬੀ ਮੈਂ ਨਹੀਂ ਕਹਿੰਦਾ। ਗੁਰਭਜਨ ਗਿੱਲ


ਹੇ ਧਰਤੀ ਦੇ ਜਾਇਓ ! ਜਾਗੋ, ਸਾਜ਼ਾਂ ਨਾਲ ਆਵਾਜ਼ ਮਿਲਾਉ। ਰਾਗ ਨਾਦ ਸ਼ਬਦਾਂ ਦੀ ਸੰਗਤ, ਭਾਗਾਂ ਵਾਲਿਉ, ਰੂਹ ਤ੍ਰਿਪਤਾਉ। ਰਾਵੀ ਪਾਰ ਬਾਰ ਦੇ ਢੋਲੇ, ਮਾਝੇ ਦੀ ਸੱਦ, ਹੇਕ ਮਾਲਵਾ, ਦੇਸ ਦੋਆਬਾ, ਸਣੇ ਪੁਆਧਾ,ਮਨ ਮੰਦਰ ਵਿੱਚ ਜੋਤ ਜਗਾਉ। ਗੁਰਭਜਨ ਗਿੱਲ



ਵਕਤ ਦੇ ਕੋਰੇ ਵਰਕੇ ਉੱਤੇ ਹਰਫ਼ ਕੋਈ ਤਾਂ ਭਰਿਆ ਕਰ ਤੂੰ। ਦੂਸਰਿਆਂ ਦੀ ਨੁਕਤਾਚੀਨੀ ਏਸ ਤਰ੍ਹਾਂ ਵੀ ਕਰਿਆ ਕਰ ਤੂੰ। ਤੇਰੇ ਪੱਲੇ ਕਿੰਨਾ ਕੁਝ ਸੀ ਜੋ ਨਫ਼ਰਤ ਦੀ ਭੇਂਟ ਚੜ੍ਹਾਇਆ, ਦੂਸਰਿਆਂ ਦੀ ਵੇਖ ਬੁਲੰਦੀ, ਹੌਕੇ ਭਰ ਨਾ ਮਰਿਆ ਕਰ ਤੂੰ। ਗੁਰਭਜਨ ਗਿੱਲ


ਸੂਰਜ ਵਰਗਾ ਮੁੱਖ ਜੇ ਹੋਵੇ, ਉਹ ਰੁਸ਼ਨਾਈ ਕਰ ਨਹੀਂ ਸਕਦਾ। ਮਿੱਟੀ ਤੇ ਪੱਥਰ ਦਾ ਬੁੱਤ ਵੀ ਦਰਦ ਨਿਵਾਰਨ ਕਰ ਨਹੀਂ ਸਕਦਾ। ਬਿਜਲੀ ਵਾਂਗ ਕੜਕਦੈਂ ਏਨਾ, ਬਹਿ ਬੱਦਲਾਂ ਦੇ ਪੱਲੂ ਓਹਲੇ, ਹੋਰ ਕਿਸੇ ਨੂੰ ਦਈਂ ਡਰਾਵਾ, ਤੇਰੇ ਤੋਂ ਮੈਂ ਡਰ ਨਹੀਂ ਸਕਦਾ। ਗੁਰਭਜਨ ਗਿੱਲ



ਹਰ ਦੀਪਕ ਦੇ ਨਾਲ ਨਿਭਣ ਲਈ, ਵਾਂਗ ਪਤੰਗੇ ਸੜਨਾ ਪੈਂਦੈ । ਸਿਖ਼ਰ ਪਹਾੜੀ ਮਾਨਣ ਦੇ ਲਈ ਕਦਮ ਕਦਮ ਕਰ ਚੜ੍ਹਨਾ ਪੈਂਦੈ। ਪਰ ਏਨਾ ਸੰਤੋਖ ਸਮਰਪਣ ਵਿਰਲੇ ਜੀਆਂ ਹਿੱਸੇ ਆਵੇ, ਜ਼ਿੰਦਗੀ ਸਿਰਫ਼ ਉਬਾਲ਼ਾ ਨਹੀਂ ਜੀ, ਵਿੱਚ ਕਾੜ੍ਹਨੀ ਕੜ੍ਹਨਾ ਪੈਂਦੈ। ਗੁਰਭਜਨ ਗਿੱਲ



ਇੱਕ ਮਿੱਠੜੀ ਮੁਸਕਾਨ ਬਿਨਾ ਮੈਂ ਤੇਰੇ ਤੋਂ ਕੁਝ ਹੋਰ ਨਾ ਮੰਗਦਾ। ਤੇਰਾ ਕੰਡ ਘੁਮਾ ਕੇ ਬਹਿਣਾ, ਜਿੰਦ ਮੇਰੀ ਸੂਲੀ ਤੇ ਟੰਗਦਾ। ਮੰਨਿਆ!ਛਣਕਣ ਹਾਸੇ ਅੰਦਰ ਸੁੱਕੀਆਂ ਜਿਵੇਂ ਸ਼ਰੀਂਹ ਦੀਆਂ ਫ਼ਲੀਆਂ, ਇੱਕ ਅੱਧ ਡੋਬਾ ਦੇ ਜਾ ਮੈਨੂੰ,ਮੋਰਨੀਏ ਨੀ ਰੂਹ ਦੇ ਰੰਗ ਦਾ। ਗੁਰਭਜਨ ਗਿੱਲ




ਸਮਝ ਲਿਆ ਕਰ ਮੇਰੀਏ ਜਾਨੇ, ਜੇ ਨਾ ਦੇਂਦੇ ਸ਼ਬਦ ਸਹਾਰਾ। ਹੱਡਾਂ ਦੇ ਵਿੱਚ ਬਹਿ ਜਾਣਾ ਸੀ, ਦਰਦ-ਵਿਛੋੜਾ ਬਣ ਕੇ ਪਾਰਾ। ਫ਼ਗਮ ਦਾ ਗੋਲ਼ਾ ਫਟ ਨਾ ਜਾਵੇ, ਗੀਤ, ਫ਼ਗ਼ਲ ਤੋਂ ਏਹੀ ਮੰਗਦਾਂ, ਦਿਲ ਵਿੱਚ ਐਸੀ ਰੀਝ ਨਾ ਕੋਈ, ਮਰ ਕੇ ਚੰਨ ਬਣਾਂ ਜਾਂ ਤਾਰਾ। ਗੁਰਭਜਨ ਗਿੱਲ

Reply





ਸਗਲ ਇਬਾਰਤ ਪੱਤੇ ਉੱਤੇ, ਮੈਂ ਇਹ ਵਾਂਗ ਤਰੇਲ ਨਾ ਡਿੱਠੀ। ਸੰਦਲੀ ਸਾਹਾਂ ਦੇ ਸੰਗ ਉਕਰੀ ,ਇਹ ਤਾਂ ਜਾਪੇ ਤੇਰੀ ਚਿੱਠੀ। ਇਸ ਤੋਂ ਸੁੱਚਾ ਵਰਕਾ ਹਾਲੇ ਬਣਿਆ ਹੀ ਨਾ ਧਰਤੀ ਉੱਤੇ, ਬਿਨ ਲਿਖਿਆਂ ਜੋ ਬਾਤ ਸੁਣਾਵੇ ,ਸ਼ਹਿਦ ਕਟੋਰੀ ਨਾਲੋਂ ਮਿੱਠੀ। ਗੁਰਭਜਨ ਗਿੱਲ



ਬਾਬਾ ਨਜਮੀ ਸ਼ਬਦ ਬਾਣ ਦਾ ਬਿਲਕੁਲ ਜਿੱਸਰਾਂ ਦੂਜਾ ਨਾਂ ਹੈ। ਜਿਸ ਉੱਪਰ ਇਹ ਹੱਲਾ ਬੋਲੇ, ਮਰਨ ਲਈ ਉਹ ਲੱਭਦਾ ਥਾਂ ਹੈ। ਜਦੋਂ ਬੋਲਦੈ ਭਰੀ ਸਭਾ ਵਿੱਚ ਜਾਂ ਕਿਧਰੇ ਜਲਸੇ ਵਿੱਚ ਗੱਜੇ, ਲੱਗਦੈ, ਇਹਦਾ ਸੂਰਜ ਬਾਬਲ, ਧਰਤੀ ਇਹਦੀ ਸੱਕੀ ਮਾਂ ਹੈ। ਗੁਰਭਜਨ ਗਿੱਲ



ਫੁੱਲ ਨਹੀਂ, ਖ਼ੁਸ਼ਬੋਈ ਭਿੱਜਿਆ, ਹੁਣ ਹੀ ਤੇਰਾ ਖ਼ਤ ਮਿਲਿਆ ਹੈ। ਸਿਰਫ਼ ਜਿਸਮ ਨਾ, ਧੁਰ ਅੰਦਰ ਤੱਕ ਲੂੰ ਲੂੰ ਜਿੱਸਰਾਂ ਮਹਿਕ ਗਿਆ ਹੈ। ਏਸ ਤਰਜ਼ ਦੀ ਕਰੇਂ ਗੁ਼ਫ਼ਤਗੂ, ਨਿਰਸ਼ਬਦੀ ਪਰ ਸਭ ਕੁਝ ਆਖੇਂ, ਖਿੜਿਆ ਰਹਿ ਕੇ ਖੇੜਾ ਵੰਡੀਏ, ਫ਼ੁੱਲਾਂ ਤੋਂ ਮੈਂ ਸਮਝ ਲਿਆ ਹੈ।
ਗੁਰਭਜਨ ਗਿੱਲ



ਜਿਹੜੇ ਘਰ ਧੀ ਜਨਮ ਮੁਬਾਰਕ, ਉਸ ਘਰ ਰਹਿਮਤ ਤਾਂ ਹੁੰਦੀ ਹੈ। ਸੁਪਨੇ ਜਿੱਡਾ ਬਾਬਲ ਅੰਬਰ, ਸਬਰ ਸਿਦਕਣੀ ਮਾਂ ਹੁੰਦੀ ਹੈ। ਪੁਰਖ਼ਿਆਂ ਦੇ ਵਿਰਸੇ ਵਿੱਚ ਮਿਹਨਤ, ਮੇਰੀਏ ਧੀਏ ਗੁੰਨ੍ਹਦੀ ਰਹਿਣਾ, ਤੋਰ ਨਿਰੰਤਰ, ਚੇਤਨ ਮੱਥੇ ਉੱਪਰ ਰੱਬ ਦੀ ਛਾਂ ਹੁੰਦੀ ਹੈ। ਗੁਰਭਜਨ ਗਿੱਲ


ਧਰਤੀ ਦੀ ਹੈ ਅਸਲੀ ਤਾਕਤ ਰੰਗ ਬਰੰਗੇ ਫੁੱਲ ਤੇ
ਪੱਤੀਆਂ। ਭਰੇ ਗਲੋਟੇ ਸਾਡੀ ਖ਼ਾਤਰ, ਮਾਂ ਨੇ ਕਿੰਨੀਆਂ
ਕਿਰਨਾਂ ਕੱਤੀਆਂ। ਕੰਕਰੀਟ ਦੀ ਕਰੇਂ ਗੁਲਾਮੀ, ਬੇਕਦਰਾ
ਤੂੰ ਰੂਹੋਂ ਕੈਦੀ, ਚੰਦਰਮਾ ਤੇ ਸੂਰਜ ਤਾਰੇ, ਵੇਖ ਲਿਆ ਕਰ
ਅੰਬਰੋਂ ਬੱਤੀਆਂ। ਗੁਰਭਜਨ ਗਿੱਲ


ਜੇਕਰ ਅਜੇ ਹਨ੍ਹੇਰਾ ਗੂੜ੍ਹਾ, ਹੋਰ ਘੜੀ ਤੱਕ ਸੂਰਜ ਚੜ੍ਹਨਾ।
ਦਿਨ ਦੇ ਚਿੱਟੇ ਚਾਨਣ ਅੰਦਰ ਸਾਂਝਾ ਸੁਪਨਾ ਰਲ਼ ਕੇ
ਘੜਨਾ। ਆਪੋ ਆਪਣੀ ਧਰਤੀ ਵੰਡੀ , ਤਾਂਹੀਉਂ ਸਭ ਦੇ
ਸੁਪਨ ਅਧੂਰੇ, ਆਪਣੀ ਹਉਮੈਂ ਲਾਹ ਸੁੱਟ ਮਾਰਿਉ, ਫਿਰ
ਨਾ ਦੋਸ਼ ਕਿਸੇ ਸਿਰ ਮੜ੍ਹਨਾ। ਗੁਰਭਜਨ ਗਿੱਲ



ਸੂਰਜ ਨੂੰ ਮੱਥੇ ਵਿੱਚ ਧਰਿਆ ਕਰਾਮਾਤ ਕਰ ਸੀਤ ਬਣਾ ਕੇ। ਰਾਣੀ ਹਾਰ ਪਰੋਵੇਂ ਬੀਬਾ, ਸ਼ਬਦਾਂ ਨੂੰ ਮਨਮੀਤ ਬਣਾ ਕੇ। ਇਹ ਪ੍ਰਤਾਪ ਜਾਂ ਕਹਾਂ ਕ੍ਰਿਸ਼ਮਾ, ਸੱਚੇ ਰੱਬ ਦੀ ਮਿਹਰ ਜਿਹਾ ਜੋ, ਧਰਤ ਸੁਹਾਵੀ ਕਰ ਦਿੱਤੀ, ਖਿੱਲਰੇ ਹਰਫ਼ੋਂ ਗੀਤ ਬਣਾ ਕੇ। ਗੁਰਭਜਨ ਗਿੱਲ



ਪਰੇਸ਼ਾਨ ਹਾਂ ਵੇਖ ਵੇਖ ਕੇ, ਮਾਂ ਧਰਤੀ ਦੀ ਅਜਬ ਮੁਹਾਰਤ। ਹਰ ਪੱਤੇ ਤੇ ਕਿੱਦਾਂ ਲਿਖਦੀ, ਵੱਖਰੀ ਸੋਹਣੀ ਸਫ਼ਲ ਇਬਾਰਤ। ਸਿੱਖ ਨਹੀਂ ਸਕਿਆ ਮੈਂ ਪੁੱਤ ਹੋ ਕੇ,ਮਾਂ ਕੋਲੋਂ ਇਹ ਸਗਲ ਜ਼ਬਾਨਾਂ, ਬੁੱਝਦਿਆਂ ਹੀ ਥੱਕ ਚੱਲਿਆ ਹਾਂ, ਹਰ ਟਾਹਣੀ ਤੇ ਨਵੀਂ ਬੁਝਾਰਤ। ਗੁਰਭਜਨ ਗਿੱਲ




ਸ਼ੁਭ ਕਰਮਨ ਦਾ ਅਜ਼ਮ ਹਮੇਸ਼ਾਂ ਆਪਣੇ ਹੱਥ ਉਚੇਰੇ ਰੱਖਣਾ। ਜਦ ਵੀ ਕਿਧਰੇ ਸੰਗਤ ਕਰਨੀ ,ਖ਼ੁਸ਼ਬੂ ਦੀ ਕਰਨੀ ਪਰਦੱਖਣਾ। ਅੱਖੀਆਂ ਅੰਦਰ ਨੂਰ ਇਲਾਹੀ, ਮੱਥਾ ਸੂਰਜ ਵਾਂਗੂੰ ਚਮਕੂ, ਖ਼ੁਦ ਤੇ ਪਹਿਰੇਦਾਰੀ ਕਰਕੇ, ਅੰਮ੍ਰਿਤ ਬੂੰਦ ਸਦੀਵੀ ਚੱਖਣਾ। ਗੁਰਭਜਨ ਗਿੱਲ


ਤੇਰੇ ਬੂਹੇ ਖੜ੍ਹਾ ਵੇਖ ਲੈ, ਇੱਕੋ ਲੱਤ ਦੇ ਭਾਰ ਖਲੋ ਕੇ। ਇਸ ਦਰਵੇਸ਼ ਨੇ ਸਭ ਕੁਝ ਘੜਿਆ, ਆਪਣੇ ਤਨ ਦੀ ਮਿੱਟੀ ਗੋ ਕੇ। ਕਿਉਂ ਨਹੀਂ ਸੁਣਦਾ ਅੰਨ੍ਹਿਆ ਬੋਲ਼ਿਆ,ਚੀਕਾਂ ਕੂਕਾਂ ਤੇ ਫ਼ਰਿਆਦਾਂ, ਇਸ ਕੋਲੋਂ ਨਾ ਆਸ ਕਰੀਂ ਤੂੰ,ਦਰਦ ਸੁਣਾਊ ਤੈਨੂੰ ਰੋ ਕੇ। ਗੁਰਭਜਨ ਗਿੱਲ
Good morning



ਸ਼ਬਦ ਮੇਰੇ ਲਈ ਮਾਪਿਆਂ ਵਰਗੇ, ਜੋ ਮੰਗਦਾ ਹਾਂ, ਨਾਂਹ ਨਹੀਂ ਕਰਦੇ। ਜੇਕਰ ਕਰਾਂ ਫ਼ਜ਼ੂਲ ਖ਼ਰਚੀਆਂ,ਫੇਰ ਕਦੇ ਵੀ ਹਾਂ ਨਹੀਂ ਕਰਦੇ। ਮਾਂ ਬੋਲੀ ਦੀਆਂ ਪੋਟਲੀਆਂ 'ਚੋਂ ਸਗਲ ਖ਼ਜ਼ਾਨੇ ਵਰਤ ਰਿਹਾ ਹਾਂ, ਸਹੀ ਸਮੇਂ ਜੇ ਸੱਚ ਨੂੰ ਆਖਾਂ , ਇੱਕ ਵੀ ਕਦਮ ਪਿਛਾਂਹ ਨਹੀਂ ਕਰਦੇ। ਗੁਰਭਜਨ ਗਿੱਲ



ਮੇਰੇ ਪੁਰਖਿਆਂ ਇਹ ਸਮਝਾਇਐ, ਕਿਸ ਮੁਸ਼ਕਿਲ ਦਾ ਹੱਲ ਨਹੀਂ ਹੁੰਦਾ? ਅੱਜ ਤੀਕਰ ਉਹ ਦਿਨ ਨਹੀਂ ਆਇਆ ਜਿਸ ਦੇ ਅੱਗੇ ਕੱਲ੍ਹ ਨਹੀਂ ਹੁੰਦਾ। ਚੜ੍ਹਿਆ ਸੂਰਜ ਜੇ ਨਾ ਦਿਸਦਾ, ਨਜ਼ਰ ਨਜ਼ਰੀਆ ਦੋਵੇਂ ਟੀਰੇ, ਲੰਗੜੀ ਸੋਚੋਂ ਸੱਚ ਦੇ ਵੱਲ ਨੂੰ, ਏਸੇ ਕਰਕੇ ਚੱਲ ਨਹੀਂ ਹੁੰਦਾ। ਗੁਰਭਜਨ ਗਿੱਲ



ਬੈਠ ,ਉਡੀਕ ਕਰੀ ਜਾਹ ਮੇਰੀ, ਵਕਤ ਕਦੇ ਵੀ ਇਹ ਨਹੀਂ ਕਹਿੰਦਾ। ਵੇਖ ਲਿਆ ਕਰ ਸ਼ਾਮ ਸਵੇਰੇ, ਸੂਰਜ ਕਿੱਸਰਾਂ ਚੜ੍ਹਦਾ ਲਹਿੰਦਾ। ਤੂੰ ਦਰਿਆਵਾਂ ਦਾ ਪੁੱਤ ਬਾਂਕਾ, ਕਿਉਂ ਬੈਠਾ ਏਂ ਢੇਰੀ ਢਾਹ ਕੇ, ਰੁਕਿਆ ਪਾਣੀ ਬੁੱਸ ਜਾਂਦਾ ਹੈ, ਵਰਤਣ ਦੇ ਕਾਬਿਲ ਨਹੀਂ ਰਹਿੰਦਾ। ਗੁਰਭਜਨ ਗਿੱਲ



ਬੰਦਾ ਹੈ ਬੰਦੇ ਦਾ ਦਾਰੂ ਬੁਰੇ ਵਕਤ ਸਮਝਾਇਆ। ਸੁਖ ਵੇਲੇ ਤਾਂ ਪੜ੍ਹ ਨਾ ਸਕਿਆ ਗੁੰਝਲਦਾਰੀ ਮਾਇਆ। ਕੁਰਸੀ, ਪਦਵੀ, ਮਾਣ ਮਰਤਬਾ,ਖੰਭ ਉਡਾਵਣ ਉੱਚਾ, ਆਪਣੀ ਹਸਤੀ ਓਦੋਂ ਜਾਣੀ, ਜਦ ਧਰਤੀ ਤੇ ਆਇਆ। ਗੁਰਭਜਨ ਗਿੱਲ



ਧਰਤੀ ਦੀ ਬੁੱਕਲ ਵਿੱਚ ਸੋਨਾ,ਚਾਂਦੀ ਹੀਰੇ ਲੁਕੇ ਖ਼ਜ਼ਾਨੇ। ਸਾਗਰ ਦੀ ਤਹਿ ਹੇਠ ਪਏ ਸੀ ,ਮਾਣਕ ਮੋਤੀ ਲੱਖ ਨਜ਼ਰਾਨੇ। ਇਹ ਸਾਰਾ ਕੁਝ ਹਾਸਲ ਕਰਕੇ, ਭੁੱਖਿਆ ਤੂੰ ਭੁੱਖੇ ਦਾ ਭੁੱਖਾ, ਮਨ ਦਾ ਚੈਨ ਤੇ ਖੁਸ਼ੀਆਂ ਖੇੜੇ, ਤਾਹੀਂਓਂ ਤੈਥੋਂ ਬਣੇ ਬੇਗਾਨੇ। ਗੁਰਭਜਨ ਗਿੱਲ



ਜੋਤੋਂ ਜੋਤ ਜਗਾਇਆਂ ਮਿੱਤਰੋ, ਕੁਝ ਨਹੀਂ ਘਟਦਾ ਚਾਨਣ ਦਾ। ਰਲ ਮਿਲ ਬੈਠ ਵਿਚਾਰਾਂ ਕਰੀਏ,ਵਕਤ ਹੈ ਫ਼ਰਜ਼ ਪਛਾਨਣ ਦਾ। ਹੱਟੀਆਂ ਅੰਦਰ ਡੱਬੀਆਂ ਵਾਂਗਰ ਵਕਤ ਕਿਤੇ ਨਾ ਚਿਣ ਦੇਵੇ, ਬੰਦ ਗੁ਼ਫ਼ਾ ਚੋਂ ਬਾਹਰ ਚੱਲੀਏ,ਪਰਚਮ ਲੈ ਕੇ ਚਾਨਣ ਦਾ। ਗੁਰਭਜਨ ਗਿੱਲ



ਅਣਖ਼ ਜਗਾਵੇ ਨਾ ਜੋ, ਉਹ ਵੰਗਾਰ ਨਹੀਂ ਹੁੰਦੀ। ਚੋਰਾਂ ਨਾਲ ਜੋ ਰਲ਼ ਜੇ, ਉਹ ਸਰਕਾਰ ਨਹੀਂ ਹੁੰਦੀ। ਹੱਕ, ਸੱਚ, ਇਨਸਾਫ਼ ਤੇ ਡਾਕੇ ਸਿਖ਼ਰ ਦੁਪਹਿਰੇ ਜੇ, ਵੇਖ ਕੇ ਅੱਖਾਂ ਮੀਟ ਲਵੇ, ਅਖ਼ਬਾਰ ਨਹੀਂ ਹੁੰਦੀ। ਗੁਰਭਜਨ ਗਿੱਲ



ਅੱਗ ਦੇ ਅਨਾਰ ਨਾ ਚਲਾਇਆ ਕਰੋ ਦੋਸਤੋ! ਜ਼ਿੰਦਗੀ ਤਾਂ ਜ਼ਸ਼ਨ, ਮਨਾਇਆ ਕਰੋ ਦੋਸਤੋ! ਆਪਣੀ ਹੀ ਅੱਗ ਵਿਚ ਜਿਹੜੇ ਸੜੀ ਜਾਂਦੇ ਨੇ, ਐਸੇ ਨਾਮੁਰਾਦ ਨਾ ਬੁਲਾਇਆ ਕਰੋ ਦੋਸਤੋ! ਗੁਰਭਜਨ ਗਿੱਲ


ਕੌਣ ਆਖਦੈ ਮਾਪੇ ਹੁੰਦੇ ਬੱਦਲਾਂ ਵਰਗੀ ਛਾਂ। ਅੱਜ ਵੀ
ਤੁਰਦੇ ਫਿਰਦੇ ਦਿਸਦੇ ਮੈਨੂੰ ਹਰ ਇਕ ਥਾਂ। ਅੱਜ ਵੀ ਬਾਪੂ
ਜੀ ਦੀ ਘੂਰੀ ਕਦਮ ਕਦਮ ਸਮਝਾਵੇ, ਧੌਲ਼ੀ ਦਾੜ੍ਹੀ ਵਾਲੇ
ਪੁੱਤ ਨੂੰ ਹੁਣ ਵੀ ਝਿੜਕੇ ਮਾਂ। ਗੁਰਭਜਨ ਗਿੱਲ




ਸਮਝ ਲਿਆ ਕਰ ਖ਼ੁਸ਼ਬੂ ਜਹੀਏ, ਹਰ ਰਿਸ਼ਤੇ ਦਾ ਨਾਂ ਨਹੀਂ ਹੁੰਦਾ। ਯਾਦ ਕਰਨ ਤੇ ਮਿਲ ਜਾਈਏ ਜਦ, ਇੱਕ ਵੀ ਕਦਮ ਅਗਾਂਹ ਨਹੀਂ ਹੁੰਦਾ। ਧਰਤੀ ਸੂਰਜ ਰੋਜ਼ ਮਿਲਣ ਪਰ ਇਹ ਕੀ ਲੇਖ ਲਿਖਾਏ ਦੋਹਾਂ, ਮੁਲਾਕਾਤ ਲਈ ਅਜ਼ਲਾਂ ਤੋਂ ਹੀ ਕੋਈ ਵੀ ਨਿਸ਼ਚਤ ਥਾਂ ਨਹੀਂ ਹੁੰਦਾ।

ਗੁਰਭਜਨ ਗਿੱਲ



ਲੋਕਾਂ ਲਈ ਮਿੱਟੀ ਦੇ ਦੀਵੇ ਮੇਰੇ ਲਈ ਇਹ ਅੰਨ ਤੇ ਪਾਣੀ। ਵਿਰਲੇ ਗਾਹਕ ਖ਼ਰੀਦਣ ਵਾਲੇ ਸਮਝ ਲਵੋ ਹੁਣ ਖ਼ਤਮ ਕਹਾਣੀ। ਸਿਰਫ਼ ਦੀਵਾਲੀ ਨੂੰ ਹੀ ਵਿਕਦੇ ਇੱਕੋ ਰਾਤ ਜਗਣ ਤੇ ਬੁਝਦੇ, ਜਿੰਦੜੀ ਫੇਰ ਹਨ੍ਹੇਰ 'ਚ ਡੁੱਬੇ ਚੜ੍ਹ ਜੇ ਗ਼ਮ ਦਾ ਗ਼ਲ ਗ਼ਲ ਪਾਣੀ। ਗੁਰਭਜਨ ਗਿੱਲ


ਸ਼ੁਭ ਕਰਮਨ ਦਾ ਅਜ਼ਮ ਹਮੇਸ਼ਾਂ ਆਪਣੇ ਹੱਥ ਉਚੇਰੇ ਰੱਖਣਾ। ਜਦ ਵੀ ਕਿਧਰੇ ਸੰਗਤ ਕਰਨੀ ,ਖ਼ੁਸ਼ਬੂ ਦੀ ਕਰਨੀ ਪਰਦੱਖਣਾ। ਅੱਖੀਆਂ ਅੰਦਰ ਨੂਰ ਇਲਾਹੀ, ਮੱਥਾ ਸੂਰਜ ਵਾਂਗੂੰ ਚਮਕੂ, ਖ਼ੁਦ ਤੇ ਪਹਿਰੇਦਾਰੀ ਕਰਕੇ, ਅੰਮ੍ਰਿਤ ਬੂੰਦ ਸਦੀਵੀ ਚੱਖਣਾ। ਗੁਰਭਜਨ ਗਿੱਲ



ਨਜ਼ਰ ਟਿਕਾ ਕੇ ਵੇਖੋ ਜੇਕਰ,ਕਤਰਾ ਵੀ ਦਰਿਆ ਹੁੰਦਾ ਹੈ। ਉਸ ਬੰਦੇ ਨੂੰ ਨਜ਼ਰੀਂ ਆਵੇ, ਜਿਸ ਦੇ ਅੰਦਰ ਚਾਅ ਹੁੰਦਾ ਹੈ। ਸੁੰਗੜਿਆਂ ਨੂੰ ਸੱਤ ਸਮੁੰਦਰ, ਲੱਗਣ ਛੱਪੜ ਵੱਡਾ ਸਾਰਾ, ਨਜ਼ਰ ਨਜ਼ਰੀਆ ਸਾਂਭ ਕੇ ਰੱਖਿਉ,ਨਹੀਂ ਤਾਂ ਮਨ ਗੁੰਮਰਾਹ ਹੁੰਦਾ ਹੈ। ਗੁਰਭਜਨ ਗਿੱਲ



ਹਰ ਦੀਪਕ ਦੇ ਨਾਲ ਨਿਭਣ ਲਈ, ਵਾਂਗ ਪਤੰਗੇ ਸੜਨਾ ਪੈਂਦੈ । ਸਿਖ਼ਰ ਪਹਾੜੀ ਮਾਨਣ ਦੇ ਲਈ ਕਦਮ ਕਦਮ ਕਰ ਚੜ੍ਹਨਾ ਪੈਂਦੈ। ਪਰ ਏਨਾ ਸੰਤੋਖ ਸਮਰਪਣ ਵਿਰਲੇ ਜੀਆਂ ਹਿੱਸੇ ਆਵੇ, ਜ਼ਿੰਦਗੀ ਸਿਰਫ਼ ਉਬਾਲ਼ਾ ਨਹੀਂ ਜੀ, ਵਿੱਚ ਕਾੜ੍ਹਨੀ ਕੜ੍ਹਨਾ ਪੈਂਦੈ। ਗੁਰਭਜਨ ਗਿੱਲ

ਐਟਮ ਦੇ ਵਣਜਾਰਿਉ ਮੈਨੂੰ ਕਦ ਦੇਵੋਗੇ ਕਲਮ ਦਵਾਤ।
ਏਸ ਬਿਨਾ ਨਾ ਮੁੱਕਣੀ ਏਥੋਂ ਅੰਨ੍ਹੀ ਲੰਮ ਸਲੰਮੀ ਰਾਤ।
ਜਿੱਥੇ ਜਿੱਥੇ ਸ਼ਬਦਾਂ ਦੀ ਥਾਂ ਹਥਿਆਰਾਂ ਦੀ ਸਰਦਾਰੀ ਹੈ,
ਓਥੇ ਓਥੇ ਜ਼ਿੰਦਗੀ ਵਿਲਕੇ, ਤੜ੍ਹਫ਼ ਰਹੀ ਹੈ ਆਦਮ ਜ਼ਾਤ।
ਗੁਰਭਜਨ ਗਿੱਲ

Reply


ਫੁੱਲ ਕਲੀਆਂ ਖ਼ੁਸ਼ਬੋਈਆਂ ਵਾਂਗੂੰ ਕਦੇ ਕਦਾਈਂ ਮਿਲ ਜਾਇਆ ਕਰ। ਆਪਣਿਆਂ ਤੋਂ ਕਾਹਦਾ ਪਰਦਾ ਆਪਣਿਆਂ ਤੋਂ ਕਿਸ ਗੱਲ ਦਾ ਡਰ। ਸੱਚੀ ਗੱਲ ਹੈ ਅੱਜ ਕੱਲ੍ਹ ਤਾਂ ਬਈ ਡਰਦੀ 'ਵਾਜ ਨਾ ਸੰਘੀਉਂ ਨਿਕਲੇ, ਥੱਕ ਜਾਂਦੇ ਆਂ ਰੋਜ਼ ਦਿਹਾੜੀ ਘਰ ਅੰਦਰ ਬਿਨ ਆਈ ਮਰ ਮਰ। ਗੁਰਭਜਨ ਗਿੱਲ


ਮਿਲੀਏ ਗਿਲੀਏ ਭਾਵੇਂ ਨਾ ਪਰ, ਦਿਲ ਦਰਵਾਜ਼ੇ ਬੰਦ ਨਾ ਕਰੀਏ। ਉਮਰ ਗੁਆਚ ਗਈ ਤਾਂ ਮਗਰੋਂ, ਐਵੇਂ ਨਾ ਫਿਰ ਹਾਉਕੇ ਭਰੀਏ। ਖ਼ੁਸ਼ਬੂ ਨੂੰ ਤਾਂ ਦੇਸ਼ ਕਾਲ ਦੀ, ਕਦੇ ਗੁਲਾਮੀ ਹੁੰਦੀ ਨਹੀਂਉਂ, ਇਹ ਜ਼ਿੰਦਗਾਨੀ ਫਿਰ ਨਾ ਮਿਲਣੀ, ਆ ਜਾ ਇਤਰ ਸਰੋਵਰ ਤਰੀਏ। ਗੁਰਭਜਨ ਗਿੱਲ




ਹਿੰਮਤੀਆਂ ਦੇ ਪੈਰੀਂ ਪਰਬਤ ਮੈਂ ਵੇਖੇ ਜਿਉਂ ਵਿਛੀਆਂ ਦਰੀਆਂ। ਅਗਨ ਸਮੁੰਦਰ, ਦਰਿਆ ਨਦੀਆਂ ਹਿੰਮਤੀਆਂ ਨੇ ਹਰ ਯੁਗ ਤਰੀਆਂ। ਕੰਢੇ ਬੈਠ ਸਲਾਹਾਂ ਕਰਦੇ, ਡੁੱਬ ਜਾਂਦੇ ਨੇ ਸੋਚਾਂ ਅੰਦਰ, ਆਤਮ ਬਲ ਤੇ ਨਿਸ਼ਚੇ ਰਲ਼ ਕੇ, ਸਿਖ਼ਰ ਚੋਟੀਆਂ ਪੈਰੀਂ ਧਰੀਆਂ।
ਗੁਰਭਜਨ ਗਿੱਲ



ਹੋਰ ਕਿਸੇ ਨੂੰ ਕਿਉਂ ਪੁੱਛਦੇ ਹੋ,ਆਪਣੀ ਸ਼ਕਤੀ ਆਪ ਨਿਹਾਰੋ। ਸਾਰਾ ਕੁਝ ਵਿਸ਼ਵਾਸ ਦੇ ਅੰਦਰ, ਸਮਝ ਲਵੋ ਇਹ ਬਰਖ਼ੁਰਦਾਰੋ। ਮਨ ਹੈ ਜੋਤਿ ਸਰੂਪ ਪੜ੍ਹੋ ਜੇ, ਜੋ ਗੁਰ ਗੂੜ੍ਹਾ ਲਿਖਿਆ ਮੱਥੇ, ਜੇਕਰ ਪੱਲੇ ਪਾਕ ਦ੍ਰਿਸ਼ਟੀ ਸਗਲ ਸ੍ਰਿਸ਼ਟੀ ਆਪ ਸੰਵਾਰੋ। ਗੁਰਭਜਨ ਗਿੱਲ



ਮਹਿਕਾਂ ਵੰਡੀਂ, ਖੇੜੇ ਬਖ਼ਸ਼ੀ, ਧਰਤ ਸ਼ਿੰਗਾਰੀਂ ਨੀ
ਖ਼ੁਸ਼ਬੋਈਏ। ਦਿਲ ਕਰਦੈ ਉਹ ਮੌਸਮ ਆਵੇ, ਆਪਾਂ ਦੋਵੇਂ
ਇੱਕ ਸਾਹ ਹੋਈਏ। ਬੇਕਦਰਾਂ ਘਰ ਰੁਲ ਚੱਲੇ ਨੇ ,ਖਿੱਲਰੇ
ਪੁੱਲਰੇ ਮਹਿੰਗੇ ਮਣਕੇ, ਸਾਹਾਂ ਦੀ ਡੋਰੀ ਵਿੱਚ ਮਹਿੰਗੇ
ਮਾਣਕ ਮੋਤੀ ਫੇਰ ਪਰੋਈਏ। ਗੁਰਭਜਨ ਗਿੱਲ



ਸ਼ਬਦਾਂ ਨੂੰ ਮੈਂ ਸਾਫ਼ ਕਿਹਾ ਹੈ, ਕਦੇ ਕਿਸੇ ਦਾ ਭਯ ਨਹੀਂ ਮੰਨਣਾ। ਕੂੜ ਦਾ ਭਾਂਡਾ ਵੇਖਦਿਆਂ ਹੀ ਚੌਂਕ ਚੁਰਸਤੇ ਦੇ ਵਿੱਚ ਭੰਨਣਾ। ਧਰਤੀ ਅੰਬਰ ਦੋਵੇਂ ਮੇਰੇ ਅੰਮੜੀ ਬਾਬਲ ਅੰਗ ਸੰਗ ਹਰ ਪਲ, ਫ਼ਰਜ਼ਾਂ ਵਾਂਗ ਵਿਚਰਨਾ ਹਰ ਥਾਂ, ਗ਼ਰਜ਼ਾਂ ਨਾਲ ਨਾ ਰੂਹ ਨੂੰ ਬੰਨ੍ਹਣਾ। ਗੁਰਭਜਨ ਗਿੱਲ



ਇੱਕੋ ਧਰਤੀ ਮਹਿਕ ਉਗਾਵੇ ਮਿੱਠੇ ਫ਼ਲ ਹਰਿਆਲੀ। ਕੌੜੇ ਤੁੰਮ ਮਿਰਚ ਮਸਾਲੇ, ਕਿੰਨੀ ਜ਼ਹਿਰ ਸੰਭਾਲੀ। ਟਾਹਣੀ ਦੀ ਹਰਿਆਲੀ ਅੰਦਰ ਸੂਹੇ ਖ਼੍ਵਾਬ ਪਰੁੱਚੇ, , ਪਰ ਕਿਉਂ ਛਾਂਗੇ ਵੰਨ ਸੁਵੰਨਤਾ, ਅਜਬ ਬਾਗ ਦਾ ਮਾਲੀ। ਗੁਰਭਜਨ ਗਿੱਲ



ਉਹ ਤਾਂ ਸਮਝ ਰਹੇ ਸੀ ਜੰਗਲ ਅਗਨ ਹਵਾਲੇ ਕਰਕੇ।
ਪੱਤੀ ਪੱਤੀ ਰਾਖ਼ ਬਣੀ ਹੈ, ਕਿੰਜ ਉੱਠੇਗੀ ਮਰ ਕੇ।
ਪਰ ਜ਼ਰਖ਼ੇਜ਼ ਜ਼ਮੀਨ, ਜ਼ਮੀਰਾਂ ਮਰਨ ਕਦੇ ਨਾ ਸ਼ਾਹੋ,
ਅਸੀਂ ਜਿਉਂਦੇ ਅਸੀਂ ਜਾਗਦੇ, ਸਦਾ ਹੋਣੀਆਂ ਵਰ ਕੇ।
ਗੁਰਭਜਨ ਗਿੱਲ



ਗ਼ਜ਼ਲ

ਧਿਨ ਰੰਗਾ' ਤੋਂ , ਰੀਝਾਂ ਦੇ ਟੁੱਲ, ਕੰਧਾਂ ਤੇ ਵੀ ਧੋਲ ਰਹੇ ਸੇ।
ਮਾਏ! ਤੇਰੇ ਸੁਪਨ ਪਰਿਦੇ ਵੇਖ ਕਿਵੇਂ ਪਰ ਤੋਲ ਰਹੇ ਸੇ।

ਕਿਹੜਾ ਕਹਿੰਦੈ ,ਰੇਸ਼ਮ ਅੱਟੀ, ਬਣ ਸਕਦੀ ਏ ਟੁੱਲ ਟੁਲਕਾਰੀ,
ਵੇਖ ਲਵੋ ਮਿੱਟੀ ਦੇ ਕਣ ਵੀ ,ਦਿਲ ਦੇ ਵਲਕੇ ਫ਼ੋਲ ਰਹੇ ਸੇ।

ਮਿੱਟੀ ਅੰਦਰ ਮਿੱਟੀ ਹੋ ਕੇ, ਮਿੱਟੀ ਦੀ ਕੁਖ ਧੋਏ ਸੁਣ ਲਓ,
ਇੱਕ ਰੰਗ ਦੀ ਟੁਲਕਾਰੀ ਕੰਧ ਤੇ, ਕਿੰਨਾ ਦਰਦ ਫ਼ਰੋਲ ਰਹੇ ਸੇ।

ਮੀਂਹ ਆਵੇਗਾ, ਖੁਰ ਜਾਵੇਗਾ ਚਾਵਾਂ ਦਾ ਇਹ ਧਾਗ ਧਗੀਚਾ,
ਇੱਸੇ ਘਰ ਨੂੰ ਲੱਭ ਕੇ ਦੇਵੋ,ਰੰਗ ਟੁੱਲ ਕਸੀਆਂ ਟੋਲ ਰਹੇ ਸੇ।

ਜਿਸ ਦੇ ਧਾਗ ਹਵਾਏ ਕੀਤਾ, ਓਹੀ ਆਰੀ ਫੇਰ ਗਿਆ ਹੈ,
ਰਖਵਾਏ ਹੀ ਪੱਤਾ ਪੱਤਾ,ਪੈਰਾਂ ਹੇਠ ਮਧੋਲ ਰਹੇ ਸੇ।

ਮਾਣ,ਮਰਤਬੇ, ਕਸਰਗੀ,ਕੌਡਾਂ', 'ਕੱਠੀਆਂ' ਕਰਦੇ ਸਰ ਚੱਲੇ ਸੋ,
ਮਿੱਟੀ ਦੇ ਇਹ ਸਰਿਲ ਮੁਨਾਰੇ, ਪੁੱਛੋ ਕਿਸ ਦੇ ਕੋਲ ਰਹੇ ਸੇ।

ਚੜ੍ਹੀ ਹਨ੍ਹੇਰੀ, ਧੂੜ੍ਹਾਂ ਭਾਵੇਂ, ਅੱਖੀਆਂ ਅੱਗੇ ਗਹਿਰ ਚੁਫ਼ੇਰੇ,
ਦੀਵੇ ਆਸ ਉਮੀਦਾਂ ਵਾਲੇ, ਜਗਦੇ ਸੇ, ਪਰ ਡੋਲ ਰਹੇ ਸੇ।

ਸੰਪਰਕ: 98726 31199

ਗੁਰਭਜਨ ਗਿੱਲ



ਗ਼ਜ਼ਲ

ਦਿਨ ਚੜ੍ਹਦੇ ਤੋਂ ਸੈ ਸ਼ਾਮ ਤੀਕ ਸਦ ਯਾਦਾਂ ਝੁਰਮਟ ਪੌਂਦੀਆਂ ਨੇ।
ਸਾਹਾਂ ਵਿੱਚ ਸਰਗਮ ਛਿੜ ਪੈਂਦੀ,ਫਿਰ ਪੌਣਾਂ ਰਗਮੇ ਗੌਂਦੀਆਂ ਨੇ।

ਕਦੇ ਸੂਰਜ ਚੰਨ ਤੇ ਤਾਰਿਆਂ ਵਿੱਚ, ਸਿੰਦ ਪੱਭਦੀ ਤੈਨੂੰ ਸਾਰਿਆਂ ਵਿੱਚ,
ਸੁਣਿਆ ਕਰ ਅੰਬਰਾਂ ਵਾਪਰ੍ਹਿਆ, ਸਦ ਕੂੰਜੜੀਆਂ ਕੁਰਲੌਂਦੀਆਂ ਨੇ।

ਤਪ ਸਾਵੇ ਪਿੰਡਾ ਧਰਤੀ ਦਾ, ਮੁਰਝਾਉਂਦੇ ਬਿਰਖ਼ ਥਰੂਟੇ ਸਦ,
ਅੰਦਾਜ਼ ਅਸ਼ਧ ਮੀਂਹ ਮੰਗਣ ਦਾ ,ਤਦ ਚਿੜ੍ਹੀਆਂ ਰੇਤ ਨਹੌਂਦੀਆਂ ਨੇ।

ਧਰਤੀ ਵਿੱਚ ਸਡ੍ਹਾਂ ਸਸਾਮਤ ਸੋ,ਪੱਤਿਆਂ ਨੂੰ ਝੋਰੀਆਂ ਪੌਣ ਦਏ,
ਖਿੜ੍ਹਦਾ ਹੈ ਧਾਗ ਧਗੀਚਾ ਫਿਰ ਖ਼ੁਸ਼ਬੋਈਆਂ ਆਪ ਧੁਰੌਂਦੀਆਂ ਨੇ।

ਸੂਰਜ ਦੀ ਅੱਖ ਵਿੱਚ ਅੱਖ ਪਾਵਾਂ,
ਕਿਰਨਾਂ ਵੀ ਮੇਰਾ ਨੇੜ੍ਹ ਕਰਨ,
ਚਾਨਣ ਦੀ ਸੁਰਮ ਸਸਾਈ ਸੈ,ਮੇਰੇ ਨੈਣਾਂ ਦੇ ਵਿੱਚ ਪੌਂਦੀਆਂ ਨੇ।

ਰੂਹ ਵਾਸੇ ਵਰਕ ਫ਼ਰੋਲਦੀਆਂ ਤੇ ਆਖਣ ਮੂੰਹ 'ਚੋਂ ਬੋਲ ਸ਼ਰਾ,
ਦਸਤਰ ਦਰ ਦਸਤਰ ਦੇ ਦੇ ਕੇ,ਦਿਲ ਦਾ ਧੂਹਾ ਖੜ੍ਹਕੌਂਦੀਆਂ ਨੇ।

ਖ਼ੂਹਾਂ ਦੇ ਪਾਣੀ ਉੱਤਰ ਗਏ, ਆਹ ਅੱਖੀਆਂ ਵਿੱਚੋਂ ਕੀ ਵਗਦਾ,
ਹੰਝੂਆਂ ਦੀ ਮਾਝ ਨਹੀਂ ਤਰਦੀ, ਟਿੰਡਾਂ ਕਿਉਂ ਭਰ ਭਰ ਔਂਦੀਆਂ ਨੇ।

ਸੁਪਨੇ ਵਿੱਚ ਰੋਜ਼ ਮੈਂ ਵੇਖ ਰਿਹਾਂ,ਮੇਰੀ ਮਾਂ ਤੇ ਚਾਚੀ ਤਾਈ ਸਭ,
ਹਾਏ ਵੀ ਸਾਂਝ ਧਾਰਣ ਸੈ, ਹਰ ਸ਼ਾਮ ਤੰਦੂਰ ਤਪੌਂਦੀਆਂ ਨੇ।

ਖ਼ਾਬਾਂ ਦੇ ਉਡਣ ਖਟੋਲੇ ਵਿੱਚ,ਯਾਦਾਂ ਅਸਵਾਰ ਸਦੀਵੀ ਨੇ,
ਦਿਨ ਰਾਤ ਮੇਰੇ ਸੰਗ ਜਾਗਦੀਆਂ ,ਖ਼ੈਰੇ
ਕਿਸ ਵੇਲੇ ਸੌਂਦੀਆਂ ਨੇ।

ਗੁਰਭਜਨ ਗਿੱਲ



ਗੁਰਭਜਸਾਰ ਸਿੱਧੂ

ਗਸੀ ਗਸੀ ਵਵਸਾਰਾ ਫਿਰਦਾ ਹੋਕਾ ਦਏ ਹਥਿਆਰਾਂ ਦਾ।
ਜ਼ਿੰਦਗੀ ਧਦਮੇ ਮੌਤ ਖ਼ਰੀਦੋ, ਸੌਦਾ ਗੁੱਸ਼ੀਆਂ ਮਾਰਾਂ ਦਾ।

ਉਡਵ ਖਟੋਸੇ, ਤੋਪਾਂ ਸੈ ਸਉ, ਅਸਮ ਚੈਨ ਤੋਂ ਸਾਵੇਂ ਤੋਸ,
ਸ਼ਿਸਤਾਂ ਧੰਸ਼ ਕੇ ਘੁੱਗੀਆਂ ਮਾਰੋ, ਨਾਸ਼ ਕਰੋ ਸਭ ਡਾਰਾਂ ਦਾ।

ਕਵਨਾਂ,ਨਰਮੇ, ਸੰਤ ਪਰਿੰਦੇ, ਖ਼ੂਾਧ ਖ਼ਿਆਸ ਤਿਆਗ ਦਿਉ,
ਸਿਰਫ਼ ਧਿਆਨ ਧਰੋ ਇਹ ਕਰਿੰਦਾ ਤੇਗਾਂ ਤੇ ਤਸਵਵਾਰਾਂ ਦਾ।


ਸੱਤ ਸਮੁੰਦਰ ਪਾਰੋਂ ਆਇਆ ਨਾਰਦ ਪਰਖ਼ਣ ਨਰਦਾਂ ਨੂੰ,
ਕਿੰਨਾ ਦਮ ਹੈ ਧਾਕੀ ਧਕਿਆ ਹਿੰਮਤੀ ਪੌਣ ਸਵਾਰਾਂ ਦਾ।

ਸ਼ਾਮ ਸਵੇਰੇ ਟੀ ਵੀ ਭੌਂਕੇ, ਅੰਨ੍ਹੀ 'ਵਾ ਨੂੰ ਪਾਰ਼ਸ ਵਾਂਗ,
ਅੱਖਰ ਅੱਖਰ ਸੱਚੋ ਸੱਚ ਹੈ, ਹਨ੍ਹੇਰ ਗਏ
ਅਖ਼ਬਾਰਾਂ ਦਾ।

ਵੇਖ ਸਵੋ ਖ਼ਰਗੋਸ਼ ਧਰਾਧਰ,ਨਾਸ ਸ਼ਿਕਾਰੀ ਦੌੜ ਗਿਆ,
ਸਮਸ਼ ਗਿਆ ਨਾ ਚਾਸਾਂ ਇਹ ਸੀ ਸਧਸ਼-ਧਾਗ ਸਰਕਾਰਾਂ ਦਾ।

ਸੋਚ ਧਾਸ਼ਾਰੀ,ਚੁਸਤ ਮਦਾਰੀ ,ਤੇਸ਼ ਸਸਾਰੀ
ਵੇਖ ਸਵੋ,
ਡੋਧਾ ਦੇ ਕੇ ਇੱਕ ਰੰਗ ਚਾਹੁੰਦੈ,ਚੁੰਨੀਆਂ ਤੇ ਦਸਤਾਰਾਂ ਦਾ।

ਸੰਪਰਕ: 98726 31199



ਗੀਤ

ਗੁਰਭਸਾਰ ਸਿੱਧੂ

ਰਿਸ਼ੀ ਮਿੱਟੀ ਦੀ ਹੈ ਮੁੱਠ, ਤੇਰੇ ਵਿਹੜਾ ਵਿਹਾ ਸਰੀਰ।
ਸਾਡੀ ਤੇਰੇ ਤੋਂ ਹੀ ਸ਼ੁਰੂ, ਹੋਵੇ ਤੇਰੇ ਤੇ ਅਖ਼ੀਰ।

ਤੈਨੂੰ ਧੁੱਪ ਵਿੱਚੋਂ ਲੱਭਾਂ ਕਦੇ ਛਾਵਾਂ ਚੋਂ ਧੁਖਾਵਾਂ।
ਓਹਾ ਦੂਰ ਦੂਰ ਹੋਵੇਂ ,ਸਿੰਹਾ ਕੋਲ ਕੋਲ ਸਾਵਾਂ।
ਕਹਾਂ ਕਿੱਥੇ ਫ਼ਰਿਆਦ, ਹਾ ਧੰਨ੍ਹਾਵੇ ਕੋਈ ਧੀਰ।

ਦਿਹ ਚੜ੍ਹਦੇ ਦੀ ਲਾਲੀ ਚੋਂ ਰਿਹਾਂ ਤੇਰਾ ਮੁੱਖ।
ਇੱਕ ਵਾਰ ਤੱਕਾਂ ਲਹਿ ਜੇ ,ਮੇਰੀ ਉਮਰਾਂ ਦੀ ਭੁੱਖ।
ਉਵੇਂ ਸਾਂਭੀ ਫਿਰਾਂ ਅੱਖਾਂ ਵਿੱਚ ਓਹੀ ਤਸਵੀਰ।

ਤੇਰੇ ਹਾਸਿਆਂ ਦੀ ਸੁਵੇ ਹਾਏ ਤੀਕ ਟੁਵਕਾਰ।
ਜਿਵੇਂ ਪਹਿਲੀ ਬਰਸਾਤ, ਵਰ੍ਹੇ ਮੇਘ ਮਲਹਾਰ।
ਜਿਵੇਂ ਗਾਵੇ ਪਰਭਾਤ ਵੇਲੇ ਗਾੜ੍ਹੀ ਚ ਫ਼ਕੀਰ।

ਹਾ ਹੀ ਤਖ਼ਤ ਹਜ਼ਾਰਾ ਹਾ ਮੁਰੱਦਿਆਂ ਦਾ ਮਾਵ।
ਸੁੱਚੇ ਪਿਆਰ ਦਾ ਹਮੇਸ਼ ਜੀਵੇ , ਹਿੱਕੜੀ ‘ਚ ਤਾਵ।
ਰਹੀਂ ਅੰਗ ਸੰਗ ਉਵੇਂ, ਜੀਕੂੰ ਰਹਿਵ ਖੰਡ ਖ਼ੀਰ।

ਜੀਕੂੰ ਫੁੱਲਾਂ ਵਿੱਚ ਰਹਿਵ ‘ਕੱਠੇ ਰੰਗ ਖੁਸ਼ਬੋਈ।
ਤੇਰੇ ਮੇਰੇ ਵਿਚਕਾਰ ਹੋਵੇ ਦੂਸਰਾ ਹਾ ਕੋਈ।
ਵੱਸੇ ਵੰਝਲੀ, ਵਸਾਵੇ ਹਾਂਝਾ, ਸੁਵੇ ਸੱਚੀ ਹੀਰ।
ਰਿਸ਼ੀ ਮਿੱਟੀ ਦੀ ਹੈ ਮੁੱਠ ਤੇਰੇ ਧਾਹ ਵਿਹਾ ਸਰੀਰ।

ਸੰਪਰਕ: 98726 31199



ਯਾਸ਼ਰ

ਗੁਰਭਜਸਰ ਗਿੱਲ

ਘਰ ਵਿੱਚ ਬੰਦ ਹਾਂ, ਸੋਚ ਰਿਹਾ ਹਾਂ, ਕੰਧ ਤੇ ਲਿਖਿਆ ਕਦੋਂ ਪੜ੍ਹਾਂਗੇ।
ਲਿਖੇ ਲਿਖਾਏ ਸਬਕ ਸੁਣਦਿਆਂ, ਵਾਰੀ ਸਮੇਂ ਦੀ ਕਿੰਜ ਫੜ੍ਹਾਂਗੇ।

ਕੱਚੀ ਮਿੱਟੀ ਗੁੰਨ੍ਹ ਕੇ ਮਗਰੋਂ,ਮਨ ਭਾਉਂਦਾ ਸੰਸਾਰ ਸਿਰਜ ਕੇ,
ਭੱਠੇ ਦੀ ਅੱਗ ਦੇ ਵਿੱਚ ਆਪਣਾ, ਮਨ ਚਾਹਿਆ ਆਕਾਰ ਘੜ੍ਹਾਂਗੇ।

ਜ਼ਿੰਦਗੀ ਭਾਵੇਂ ਦੁਸ਼ਮਣ ਰੱਖਾਂ, ਇਸ ਨੂੰ ਸਦਾ ਸਨਾਮਤ ਰੱਖਾਂ,
ਰੱਖੀ ਸੰਗਨ ਮੇਰੇ ਅੰਗ ਸੰਗ, ਵੈਰੀ ਸਨਸੁਖ ਫੇਰ ਖੜ੍ਹਾਂਗੇ।

ਨਸਨਪ੍ਰਸਤੇ, ਕੁਰਸੀ ਖ਼ਾਤਰ ਵੇਚ ਰਹੇ ਸੋ ਵਤਨਪ੍ਰਸਤੀ,
ਧਰਤੀ ਦੇ ਰਖਵਾਲੇ ਥਵ ਕੇ ਹਰ ਵਾਇਰਸ ਦੇ ਨਾਸ ਸੜ੍ਹਾਂਗੇ।

ਮੇਰੇ ਸੰਗ ਇਤਿਹਾਸ ਤੁਰੇਗਾ, ਗਾਸਗੁਰੂ, ਸੁਖਦੇਵ,ਭਗਤ ਸਿੰਘ,
ਦੁਸ਼ਮਣ ਦੀ ਛਾਤੀ ਵਿੱਚ ਕਿੱਲਾਂ, ਇੱਕ ਸਾਹ ਹੋ ਕੇ ਫੇਰ ਸੜ੍ਹਾਂਗੇ।

ਦੂਸੇ ਦੇ ਘਰ ਅੱਗ ਧਰੰਤਰ,ਆਖਣ ਵਾਲੇ ਹੋਰ ਹੋਣਗੇ,
ਸੋ ਨਾ ਧਰਦੀ ਅਗਨ ਧੁਸ਼ਾਈ,ਆਪਾਂ ਇਸ ਵਿੱਚ ਆਪ ਸੜ੍ਹਾਂਗੇ।

ਹਰ ਮੁਸ਼ਕਿਲ ਦਾ ਹੱਲ ਹੁੰਦਾ ਹੈ,ਅੱਜ ਨਹੀਂ ਤਾਂ ਕੱਲ੍ਹ ਹੋਵੇਗਾ,
ਧਰਿ ਨਾ ਜਾਇਉ, ਤੁਰਦੇ ਰਹਿਣਾ, ਹਰ ਚੋਟੀ ਦੇ ਆਪ ਚੜ੍ਹਾਂਗੇ।

ਸੰਪਰਕ: 98726 31199



ਹੁਣ ਦੁਸ਼ਮਣ ਨੇ ਭੇਸ ਧਦਲਿਆ
ਗੁਰਭਜਨ ਗਿੱਲ

ਸਰਹੱਦਾਂ ਦੀ ਰਾਖੀ ਕਰਦੇ
ਹੱਥ ਅਤੇ ਹਥਿਆਰ ਵੀ
ਹੱਥਲ ਹੋ ਕੇ ਧਰਿ ਗਏ।
ਨਵੇਂ ਨਵੇਲੇ ਦੁਸ਼ਮਣ ਤੋਂ ਮੁਕਤੀ ਦੀ ਖ਼ਾਤਰ,
ਕੁੱਲ ਦੁਨੀਆਂ ਦੇ ਲੋਕੀਂ
ਫ਼ਿਕਰਾਂ ਦੇ ਵਿੱਚ ਵਰਿ ਗਏ।

ਕੁੱਲ ਆਲਮ ਨੇ ਦੋ ਜੰਗਾਂ ਤਾਂ ਅੱਖੀਂ ਤੱਕੀਆਂ
ਇਹ ਤੀਜੀ ਜੰਗ ਆਦਮਖਾਈ।
ਕੌਣ ਕਿਸੇ ਸੰਗ ਕਿੰਦਾਂ ਟੱਕਰੇ।
ਧਰ ਗਏ ਸਭ ਧੌਂਸੀ ਦੇ ਧੱਕਰੇ।
ਹੁਣ ਦੁਸ਼ਮਣ ਨੇ ਭੇਸ ਧਦਲਿਆ।

ਅਸੀਂ ਤਾਂ ਇਸ ਹੰਕਾਰ ਚ
ਹੁਣ ਤੱਕ ਰਹੇ ਗਵਾਚੇ।
ਸਾਡੀ ਧੁੱਕਲ ਵਿੱਚ ਪਰਮਾਣੂੰ।
ਇਹ ਰਖਵਾਲਾ ਧਰ ਸਿਰ ਸਾਡੇ,
ਜੰਗ ਜੁੱਧ ਅੰਦਰ ਛਤਰੀ ਤਾਣੂੰ।
ਪਰ ਇਹ ਕਿੱਥੋਂ ਕਿਹੜਾ ਦੁਸ਼ਮਣ,
ਨਾਮ ਕਰੋਨਾ ਰੋਗ ਸੀਵਾਣੂੰ।

ਘਰ ਦੇ ਅੰਦਰ ਸਭ ਧਰਤੀ ਤੇ,
ਅੰਦਰ ਧਰਿ ਕੇ ਸੋਚ ਵਿਚਾਰੋ।
ਆਪਣੇ ਅੰਦਰ ਝਾਤੀ ਮਾਰੋ।
ਹੁਣ ਹੱਦਾਂ ਸਰਹੱਦਾਂ ਤੋਂ ਵੀ
ਖਿਤਾ ਧੁਨਾਏ ਯੱਘਦਾ ਦੁਸ਼ਮਣ।
ਰੰਗ ਨਸਲ ਇਹ ਦੇਸ਼ ਨਾ ਵੇਖੇ।
ਰੁਤਬੇ, ਕੁਰਸੀ ਭੇਸ ਨਾ ਵੇਖੇ।
ਦੱਧ ਸੈਂਦਾ ਹੈ ਸਾਰੇ ਸੁੱਤੇ।
ਇਸ ਦੁਸ਼ਮਣ ਦੀ ਨਸਲ ਪਛਾਣੋ।
ਆਦਮ ਜ਼ਾਤ ਦੀ ਪੀੜ੍ਹ ਪਛਾਣੋ।

ਕੁੱਲ ਦੁਨੀਆ ਦੀ ਖ਼ੈਰ ਮਨਾਉ।
ਗਿਆਨ ਅਤੇ ਵਿਗਿਆਨ ਸਹਾਰੇ,
ਇਸ ਵੈਰੀ ਨੂੰ ਮਾਰ ਮੁਕਾਉ।
ਨਫ਼ਰਤ ਦੀ ਅੱਗ ਖੇਡ ਖੇਡ ਕੇ
ਅੱਜ ਤੀਕਰ ਕਿਸ ਕੀ ਖੱਟਿਆ ਹੈ?

🔴 ਸੰਪਰਕ: 98726 31199

ਆ ਜਾਂਦੇ ਨੇ, ਤੁਰ ਜਾਂਦੇ ਨੇ, ਦੁੱਖ ਸੁੱਖ ਤਾਂ ਅਨਿਮਾਨ ਜਨੇ ਨੇ।
ਰੂਹ ਵਿੱਚ ਸੁਪਨੇ ਕਰਨ ਕਲੋਲਾਂ, ਉਹ ਤਾਂ ਮੇਰੀ ਜਾਨ ਜਨੇ ਨੇ।

ਸਿਰ ਤੇ ਨੀਲਾ ਅੰਬਰ ਫਿਰ ਵੀ, ਲਾਉਂਦੇ ਹੇਕਾਂ ਦਿਨ ਤੇ ਰਾਤਾਂ
ਮੇਰੇ ਪਿੰਡ ਦੇ ਸਰਧ ਨਿਵਾਸੀ, ਨਿਰਯਨ ਵੀ ਧਰਵਾਨ ਜਨੇ ਨੇ।

ਉਹ ਪਨ ਮੇਰੀ ਰੂਹ ਦੀ ਸ਼ੀਨਤ, ਜੋ ਖੁਸ਼ਬੋਈਆਂ ਵਹਣ ਕੇ ਆਉਂਦੇ
ਸੱਚ ਪੁੱਛੋਂ ਜੇ ਫੇਰ ਦੁਧਾਰਾ, ਉਹ ਤੇਰੀ ਮੁਸਕਾਨ ਜਿਹੇ ਨੇ।

ਸਿਦਕ ਸਬੂਰੀ ਰੂਹ ਦਾ ਗਹਿਣਾ, ਸਦਾ ਜਗਾ ਕੇ ਰੱਖਦੇ ਮੈਨੂੰ
ਵਿਚਲੀ ਗੱਲ ਤਾਂ ਕੇਵਲ ਏਨੀ,
ਇਹ ਮਨ ਦੇ ਦਰਧਾਨ ਜਨੇ ਨੇ।

ਮਾਂ ਦੀ ਧੁੱਕੜ ਅੰਦਰ ਬੈਠੇ, ਧਾਰ ਅਰੂੰਏ ਰਿਰਛਰ ਹੱਸਦੇ,
ਰੂਹ ਦਾ ਚੰਦਾ ਖੇੜ੍ਹਨ ਖਾਤਰ, ਘਿਨ ਮੰਗੇ ਵਰਦਾਨ ਜਨੇ ਨੇ

ਮਨ ਮਸਤਕ ਦੀ ਚਾਰਦੀਵਾਰੀ ਅੰਦਰ ਧਾਰਣ ਸੋਤ ਨਿਰੰਤਰ
ਤੇਰੇ ਬੋਲ ਮੁਹੱਬਤ ਵਾਲੇ, ਮੇਰੇ ਲਈ ਭਗਵਾਨ ਜਨੇ ਨੇ

ਧਿਆਨ ਵਿਹੂਣੇ ਅੰਦਰੋਂ ਸੱਖਣੇ, ਅਗਨ ਅੰਗੀਠੀ ਧਾਨੀ ਰੱਖਣ
ਕੀ ਪੁੱਛਦੇ ਹੋ ਇਨ੍ਹਾਂ ਧਾਰੇ, ਤਨ ਮਨ ਕਥਰਿਸਤਾਨ ਜਨੇ ਨੇ।

ਗੁਰਤਜਸ ਗਿੱਲ



ਗ਼ਜ਼ਲ

ਗੁਰਭਜਨ ਗਿੱਲ

ਪੈਂਸਰਿਆਂ ਵਿੱਚ ਵੱਸਦੇ ਵੱਸਦੇ, ਮਰ ਚੱਲੀ ਪਰਵਾਜ਼ ਦੋਸਤੋ।
ਭੁੱਲ ਗਿਆ ਹਾਂ ਸ਼ਿਕਵਾ ਕਰਨਾ, ਮਰ ਚੱਲੀ ਆਵਾਜ਼ ਦੋਸਤੋ।

ਛਣਕ ਰਹੀ ਸੋ ਪੈਰੀਂ ਸ਼ਾਂਸਰ, ਗਸ਼ ਵਿੱਚ ਗਾਨੀ ਸਾਹ ਨੂੰ ਘੁੱਟਦੀ,
ਏਸ ਤਰ੍ਹਾਂ ਹੀ ਰੂਹ ਮਰ ਚੱਲੀ, ਇਹ ਉਸ ਦਾ ਆਗਾਜ਼ ਦੋਸਤੋ।

ਆਪਾ ਧਾਪੀ, ਦੌੜ ਦਮੱਕੇ, ਖੋਂਸਰੀ ਤਾਸ਼,ਧਰੀਂਜਾ ਪੱਤੇ,
ਸੁਰ ਵਿੱਚ ਕੌਣ ਕਰੇ ਹੁਣ ਏਥੇ, ਧੇਸੁਰਿਆਂ ਦੇ ਸਾਜ਼ ਦੋਸਤੋ।

ਮੇਰੇ ਅੰਦਰ ਤਪਸ਼ ਸਮੁੰਦਰ,ਖਸਧਸ਼ੀਆਂ ਨੇ ਕਣ ਕਣ ਅੰਦਰ,
ਸਮਸ਼ ਪਵੇ ਨਾ ਭਟਕਣ ਵਾਲਾ ਇਹ ਕੈਸਾ ਅੰਦਾਜ਼ ਦੋਸਤੋ।

ਮੀਸਣੀਆਂ ਮੁਸਕਾਨਾਂ ਓਹਲੇ, ਹੋਰ ਧੜ੍ਹਾ ਕੁਸ਼ ਛੁਪਿਆ ਰਹਿੰਦੈ,
ਸਾਂਹ ਗਿਆ ਹਾਂ ਮੈਂ ਵੀ ਹੁਣ ਤਾਂ ਡੂੰਘੀ ਚੁੱਪ ਦਾ ਰਾਜ਼ ਦੋਸਤੋ।

ਮੈਥੋਂ ਵੱਧ ਡਰਾਕਲ ਕਿਹੜਾ, ਝੋਕ ਦਿਖਾਵੇ ਧਰਾ ਸੂਰਮਾ,
ਮੈਂ ਤਾਂ ਉਸ ਤੋਂ ਵੀ ਹਾਂ ਸੁਕਦਾ, ਸੋ ਮੇਰਾ ਹਮਰਾਜ਼ ਦੋਸਤੋ।

ਮੈਂ ਚੱਕਿਆ ਹਾਂ ਸੂਰਸ ਤੀਕਰ, ਮੇਰੇ ਖੰਭੀਂ
ਸਿਦਕ ਸਮਰਪਣ,
ਇਹ ਸਾਰਾ ਕੁਸ਼ ਧਰੂਤ ਸ਼ਰੂਰੀ, ਆਖੇ ਉੱਡਦਾ ਧਾਜ਼ ਦੋਸਤੋ।
□

ਸੰਪਰਕ: 98726 31199



ਸ਼ਹੀਦ ਸੂਰਮਿਆਂ ਨੂੰ ਚਿਤਵਦਿਆਂ

ਗ਼ਜ਼ਲ

ਗੁਰਭਜਨ ਗਿੱਲ

ਤਨ ਮਨ ਸਾਡਾ ਕਵਿਤਾ ਹੋਇਆ,ਪਿਘਲ ਗਿਆ ਸਾਰੇ ਦਾ ਸਾਰਾ।
ਵਕਤ ਵੇਅਰਵੇ ਵਿੱਚੋਂ ਖੰਘਕੇ, ਵਹੇ ਨਿਰੰਤਰ ਸਿਰਜਣ ਧਾਰਾ।

ਏਸ ਸਨਮ ਦੇ ਹਰ ਇੱਕ ਪਲ ਨੂੰ ਖ਼ਰਚਿਆ ਆਪਾਂ ਸ਼ਬਦਾਂ ਖ਼ਾਤਰ,
ਇਸ ਧਰਤੀ ਦੀ ਕਰਿਣ ਵਾਰਤਾ, ਕਿਹੜਾ ਆਉਂਦਾ ਫੇਰ ਉਧਾਰਾ।

ਸੀਸ ਤਲੀ ਤੇ ਧਰਨ ਸਮੇਂ ਦੀ,ਇਹ ਗੱਲ ਸਾਨੂੰ ਹੁਣ ਵੀ ਚੇਤੇ,
ਚਰਖ਼ੜੀਆਂ ਦੇ ਕੋਸ ਮੀਨਾਰ ਨੇ, ਪੈਰ ਪੈਰ ਤੇ ਚੱਲਦਾ ਆਰਾ।

ਕਦਮ ਅਡੋਲ , ਸਿਦਕ ਤੇ ਰਿਸ਼ਤਾ, ਮੰਜ਼ਿਲ ਠੀਕ ਪੁਚਾਵੇ ਸਾਨੂੰ,
ਚਕ੍ਰਿਤ ਹਾਸੀਆਂ ,ਵਿੱਚ ਮੈਦਾਨੇ, ਤੱਕ ਫ਼ੌਜਾਂ ਦਾ ਹਸ਼ਕਰ ਭਾਰਾ।

ਬੰਦੇ ਕਿਉਂ ਪੈਟਰੋਲ ਟੈਂਕੀਆਂ , ਤੁਰੀ ਫਿਰੇ ਜ਼ਿਉਂ ਸੱਤ ਇਕੱਲਾ,
ਇੱਕ ਨਾ ਵੁੰਦ ਸਹਾਅਤ ਸਿੱਠੀ,ਸਗਾਰ ਸਮੁੰਦਰ ਕੋੜ੍ਹਾ ਖਾਰਾ।

ਬੰਦਾ ਹੈ ਬੰਦੇ ਦਾ ਦਾਰੂ, ਪੂਰਦਾ ਹੈ ਕਿਉਂ ਆਪਣਿਆਂ ਤੋਂ,
ਵੇਖ ਕਰੋਨਾ ਵਾਇਰਸ ਅੱਗੇ, ਥਹਿਆ ਕਿਉਂ ਗਰੋਥ ਵਿਚਾਰਾ।

ਸਰਮਾਏ ਦੀ ਦੌੜ ਦੌੜਦੇ, ਪਿੱਛਾ ਚੌੜ ਕਰਾ ਕੇ ਧਰਿ ਗਏ,
ਨਹੀਂ ਪੜ੍ਹਿਆ, ਦੀਵਾਰ ਤੋਂ ਵੀਰੋ ਸਰਿਸ ਤੋਰ ਦਾ ਸਧਰ ਪਿਆਰਾ।

ਸੰਪਰਕ: 98726 31199

ਗ਼ਜ਼ਲ

ਗੁਰਭਜਨ ਗਿੱਲ

ਸ਼ਬਦ ਹਮੇਸ਼ਾਂ ਚੁੱਪ ਰਹਿੰਦੇ ਨੇ, ਜਿਸ ਵੇਲੇ ਕਿਰਦਾਰ ਬੋਲਦਾ।
ਵਰਤ ਹੁੰਗਾਰਾ ਭਰਦਾ ਆਪੇ, ਸੁਣ ਕੇ ਮਹਿਰਮ ਯਾਰ ਬੋਲਦਾ।

ਧਰਤ, ਆਕਾਸ਼, ਪਾਤਾਲ ਤੇ ਚੌਥਾ ਕੁੱਲ ਸ੍ਰਿਸ਼ਟੀ ਹੋਂਦ-ਮੇਲਾ,
ਸਗਲ ਧਰਮਖੇਤਰ ਗਾਉਂਦੀ ਜਾਪੇ, ਜਦ ਤੂੰ ਅੰਦਰਵਾਰ ਬੋਲਦਾ।

ਟੁੱਟਦੀਂ ਧਾਤ, ਭੁਰਾਵੇਂ ਅੱਖਰ, ਖਿੱਲਰੇ ਪੁੱਲਰੇ ਮਨ ਦੇ ਵਰਕੇ,
ਇੱਕ ਸੁਰ ਹੋ ਕੇ ਤੁਰ ਪੈਂਦੇ ਨੇ, ਜਦ ਵੀ ਸੂਤਰਧਾਰ ਬੋਲਦਾ।

ਹੇ ਮਨ ਮੇਰੇ, ਵੇਖੀਂ ਕਿਧਰੇ, ਡੋਰੀਂ ਭਟਕੀਂ ਧਿਰਕੁਰ ਨਾ ਤੂੰ,
ਇਸ ਨੂੰ ਧਿਰਕੁਰ ਸੱਚ ਨਾ ਮੰਨੀਂ, ਜੋ ਥੋਥੀ ਅਖ਼ਬਾਰ ਬੋਲਦਾ।

ਨਾ ਰੱਤਾਂ ਨਾ ਧਾਹਾਂ ਸਾਥਤ, ਸੀਸ ਵਿਹੂਣਾ ਇਹ ਧੁੱਤ ਜਿਸਦਾ,
ਕਿਸ ਮੂੰਹ ਨਾਲ ਭਲਾ ਮੈਂ ਇਸ ਦੀ, ਦੱਸ ਤੂੰ ਜੈ ਜੈ ਕਾਰ ਬੋਲਦਾ।

ਲੋਕ ਹਮੇਸ਼ਾਂ ਉਸ ਚਿਹਰੇ ਨੂੰ, ਅਪਣੇ ਵਿਚੋਂ ਖ਼ਾਰਜ ਕਰਦੇ,
ਕੁਰਸੀਧਾਰੀ ਅੰਨ੍ਹਾ ਬੋਲਾ, ਜਿਹੜਾ ਧਣ ਸਰਕਾਰ ਬੋਲਦਾ।

ਸਿੱਠਣੀ ਮਾਤ-ਸ਼ਬਦਾਰਥ ਭਰਾਵਾ, ਛੱਡੀਂ ਨਾ ਗੁਰਭਜਨ ਸਿਹਾਂ ਤੂੰ,
ਇਹਦੇ ਕਰਕੇ ਆਪਾਂ ਕਹੀਏ, ਅਹੁ ਸਾਡਾ ਸਰਦਾਰ ਬੋਲਦਾ।
📞 ਸੰਪਰਕ: 98726 31199

ਗ਼ਜ਼ਲ

ਗੁਰਭਜਨ ਗਿੱਲ

ਸੁਹਿਆ ਸੀ ਰੁੱਤਾਂ ਇੱਕਸਾਰ ਨਹੀਂਉਂ ਰਚਿੰਦੀਆਂ।
ਸਾਡੇ ਪਿੱਛੇ ਫੇਰ ਕਿਉਂ ਧਸਾਮਤਾਂ ਨਹੀਂ ਸਚਿੰਦੀਆਂ।

ਧੁੱਪਾਂ, ਛਾਵਾਂ, ਗਾਤ, ਦਿਨ ਫੇਰ ਨੂੰ ਵੀ ਸਾਵ ਸੈ,
ਨਦੀਆਂ ਵੀ ਸਦਾ ਇੱਕਸਾਰ ਨਹੀਂਉਂ ਵਗਿੰਦੀਆਂ।

ਮਨ 'ਚ ਤਰੰਗਾਂ ਤੇ ਉਮੰਗਾਂ ਰੱਖੀਂ ਕਾਇਮ ਤੂੰ,
ਭਾਵੇਂ ਇਹ ਵਦਾਨ ਦੀਆਂ ਸੱਟਾਂ ਰਹਿਣ ਸਹਿੰਦੀਆਂ।

ਧਰਤੀ ਧਰੇਕਾਂ ਧੀਆਂ ਹੰਝੂਆਂ ਦੀ ਸੂਨ 'ਚ,
ਮਾਂਗ 'ਚ ਸੰਧੂਰ ਤੇ ਉਦਾਸ ਹੱਥੀਂ ਮਚਿੰਦੀਆਂ।

ਧਵਨਾ ਸੀ ਸਿੰਨ੍ਹਾਂ ਇੱਕ ਦੂਸਰੇ ਲਈ ਆਸਰਾ,
ਧਾਹਵਾਂ ਇੱਕ ਦੂਜੇ ਨਾਲ ਐਵੇਂ ਰਹਿਣ ਖਹਿੰਦੀਆਂ।

ਪੱਧਾਂ ਭਾਰ ਧਰਿਵ ਲਈ ਸ਼ਮੀਨ ਸਿੱਸੇ ਵਾਸਤੇ,
ਰੁਠਸੀਆਂ ਸਦਾ ਧਸਵਾਨ ਦੇ ਲਈ ਛਿੰਦੀਆਂ।

ਸਰ ਸਾਵੇ ਅੰਦਰੋਂ ਤੇ ਧਾਹਰੋਂ ਉਦੋਂ ਆਦਮੀ,
ਸਨ ਵਾਲੇ ਕਿਸ੍ਹੇ ਦੀਆਂ ਕੱਧਾਂ ਲਦੋਂ ਢਹਿੰਦੀਆਂ।

ਸੰਪਰਕ: 98726 31199

ਗੀਤ
ਗੁਰਭਜਸਨ ਗਿੱਲ

ਟੁੱਲ ਵਿੱਚ ਸੀਨ੍ਹੇ ਰੰਗ ਖੁਸ਼ਬੋਈ।
ਦੋਹਾਂ ਵਿੱਚ ਯਕੀਨ ਦਾ ਕੋਈ।
ਰਹਿਣ ਇਕੱਠੇ, ਜਿਉਂਦੇ ਮਰਦੇ,
ਦਿਲ ਨੂੰ ਇਹ ਸਮਝਾਈਏ।
ਹੋ ਹੋ ਵਿੱਛੜ੍ਹਾਂਗੇ, ਏਹਾ ਮੋਹ ਦਾ ਜ਼ਿੰਦਰੀਏ ਪਾਈਏ।

ਹਰ ਰਿਸ਼ਤੇ ਦਾ ਦਾਂ ਯਹੀਂ ਹੁੰਦਾ।
ਸਿਰਦਾਵੇਂ ਯਈ ਥਾਂ ਯਹੀਂ ਹੁੰਦਾ।
ਪੱਕਾ ਸ਼ਰਿਕ ਭਿਰਾਂ ਯਹੀਂ ਹੁੰਦਾ।
ਹਾ ਅੰਦਰ ਸੋ ਤੁਰੇ ਰਿਰੰਤਰ,
ਉਹ ਵਿਸਵਾਦ ਬਚਾਈਏ।
ਹੋ ਹੋ ਵਿੱਛੜ੍ਹਾਂਗੇ, ਏਹਾ ਮੋਹ ਦਾ ਜ਼ਿੰਦਰੀਏ ਪਾਈਏ।

ਆ ਪੌਣਾਂ ਵਿੱਚ ਘੁਲ਼ ਸਿਲ਼ ਜਾਈਏ।
ਅੰਧਰ ਨੂੰ ਗਾਯਵੱਕੜੀ ਪਾਈਏ।
ਧਰਤੀ ਦੇ ਸਾਹੀਂ ਘੁਲ਼ ਜਾਈਏ।
ਜ਼ਿੰਦਗੀ ਹੈ ਰੰਗਾਂ ਦਾ ਮੇਯਾ, ਇਸ ਦਾ ਜਸ਼ਨ ਮਨਾਈਏ।
ਹੋ ਹੋ ਵਿੱਛੜ੍ਹਾਂਗੇ,ਏਹਾ ਮੋਹ ਦਾ ਜ਼ਿੰਦਰੀਏ ਪਾਈਏ।

ਆਈ ਮੁਸੀਬਤ ਤੋਂ ਕੀ ਡਰਨਾ।
ਮੌਤੋਂ ਪਹਿਲਾਂ ਹੀ ਕਿਉਂ ਮਰਨਾ।
ਛੱਡ ਦੇ ਨੀ ਤੂੰ ਹਾਉਕੇ ਭਰਨਾ।
ਅੱਜ ਦਾ ਪਲ ਨਾ ਹੱਥੋਂ ਖਿਸਕੇ,
ਇਸ ਦਾ ਸਾਥ ਨਿਭਾਈਏ।
ਹੋ ਹੋ ਵਿੱਛੜ੍ਹਾਂਗੇ,ਏਹਾ ਮੋਹ ਦਾ ਜ਼ਿੰਦਰੀਏ ਪਾਈਏ।
🔴 ਸੰਪਰਕ: 98726 31199

ਗ਼ਜ਼ਲ
ਗੁਰਭਜਨ ਗਿੱਲ

ਹਨ੍ਹੇਰੀ ਰਾਤ ਅੰਦਰ ਵਸਤ ਦਾ ਸਾਇਆ ਨਹੀਂ ਹੁੰਦਾ ।
ਇਹਦਾ ਇਹ ਅਰਥ ਤਾਂ ਨਹੀਂ, ਓਸ ਦਾ ਚਿਹਰਾ ਨਹੀਂ ਹੁੰਦਾ ।

ਇਹ ਕੈਸੀ ਤਿਸ਼ਨਗੀ ਸੈ ਕੇ, ਥਲਾਂ ਵਿਚ ਪੌਣ ਹੈ ਫਿਰਦੀ,
ਕਿਸੇ ਡਾਚੀ ਦਾ ਇਕੋ ਥਾਂ ਕਦੇ ਠਹਿਰਾਅ ਨਹੀਂ ਹੁੰਦਾ ।

ਮੁਸੀਬਤ ਧਰਮ ਤੇ ਇਖ਼ਲਾਕ ਦੀ ਹੀ ਪਰਖ਼ ਹੈ ਕਰਦੀ,
ਸਦਾ ਇਕਸਾਰ ਪਾਂਧੀ ਤੁਰ ਗਿਆ, ਦਰਿਆ ਨਹੀਂ ਹੁੰਦਾ ।

ਮੈਂ ਆਪਣੇ ਆਪ ਨੂੰ ਸਦ ਫ਼ਾਸਲੇ ਤੋਂ ਵੇਖਣਾ ਚਾਹੁੰਦਾ,
ਕਿਸੇ ਸ਼ੀਸ਼ੇ 'ਚ ਮੇਰਾ ਅਕਸ ਵੀ 'ਮੇਰਾ' ਨਹੀਂ ਹੁੰਦਾ ।

ਮੈਂ ਸ਼ਬਦਾਂ ਦੇ ਚਿਰਾਗਾਂ ਨੂੰ ਹਮੇਸ਼ਾ ਧਾਰਦਾ ਰਹਿੰਨਾਂ,
ਮੇਰੇ ਰਾਹਾਂ 'ਚ ਨੇਰ੍ਹੇ ਦਾ ਤਦੇ ਪਹਿਰਾ ਨਹੀਂ ਹੁੰਦਾ ।

ਹਕੂਮਤ ਸਬਰ ਕਰਕੇ 'ਸਾਬਰਾ'' ਦੀ ਸਿਰਜਣਾ ਕਰਦੀ,
ਕਦੇ ਵੀ ਸੂਰਮੇ ਸਿਰ 'ਮੁੱਲ' ਦਾ ਸਿਹਰਾ ਨਹੀਂ ਹੁੰਦਾ ।

ਮੈਂ ਧੀਰੇ ਵਰਤ ਨੂੰ ਫੜਨਾ ਵੀ ਚਾਹਵਾਂ, ਫੜ ਨਹੀਂ ਸਕਦਾ,
ਹਵਾ ਦਾ, ਮਹਿਰ ਦਾ ਸ਼ਿਸਮਾਂ ਸ਼ਿਹਾ ਪਰਦਾ ਨਹੀਂ ਹੁੰਦਾ ।



ਸੰਪਰਕ: 98726 31199



ਗੀਤ

ਗੁਰਭਸਰ ਰਿੱਪ

ਦਰੀਆਂ ਤੇ ਪਾਣਾ ਘੁੱਗੀਆਂ ਸੋਹ
ਮੇਰਾ ਕਿਹੜਾ ਹੋਰ, ਵੇ ਪਰਦੇਸੀਆ।

ਰੂੰ ਦਾ ਮੈਂ ਸੂਤ ਧਹਾਣਾ,ਲੋ ਦੇ ਰੰਗ ਵਿੱਚ ਰੰਗਾਣਾ।
ਪੌਣਾ ਨੂੰ ਦਿਆਂ ਸੁਨੇਹੇ, ਦੱਸ ਕੇ ਤੇਰਾ ਸਿਰਨਾਵਾਂ।
ਸਾਹਾਂ ਦੀ ਗੰਢੀ ਸਾਵਾਂ ਡੋਰ,
ਵੇ ਪਰਦੇਸੀਆ।

ਧਰਿੰਦੇ ਸਦ ਆਵ ਧਨੇਰੇ, ਰਾਵਾਂ ਨੂੰ ਚੁਰੀ ਪਾਵਾਂ।
ਸੂਤਰ ਦੇ ਖੇਸ ਉਹਾਵਾਂ, ਕੋਰੇ ਨਾ, ਪਿੜੀਆਂ ਪਾਵਾਂ।
ਤੇਰੇ ਸਈ ਸਾਂਭੇ ਨਵੇਂ ਨਕੋਰ, ਵੇ ਪਰਦੇਸੀਆ।

ਕੱਢਾਂ ਮੈਂ ਦਸੂਤੀ, ਰੀਝਾਂ ਟੁੱਸ ਰਸੀਆਂ ਪਾਵਾਂ।
ਦਿਸ ਰਰਦੈ ਉੜਿਡ ਕੇ ਆ ਸਾਂ, ਪਿੰਡੇ ਤੇ ਖੰਭ ਸਜ਼ਾਵਾਂ।
ਚੜ੍ਹਦੀ ਸਦ ਸਾਵਣ ਘਟ ਘਸਘੋਰ, ਵੇ ਪਰਦੇਸੀਆ।

ਰੰਗ ਰੱਤੜੇ ਖੱਦਰ ਉੜੇ, ਕੱਢਾਂ ਮੈਂ ਸਦ ਟੁਸਕਾਰੀ।
ਜਾਦਾਂ ਦੀ ਸੜੇ ਦੋਸੂੰਗੀਂ, ਸੀਨੇ ਵਿੱਚ ਢਿਰਦੀ ਆਰੀ।
ਕਿਰ ਚੱਸੇ ਸ਼ਾਂਸਰ ਵਿੱਚੋਂ ਬੋਰ,ਵੇ ਪਰਦੇਸੀਆ।

ਆ ਸਾ ਘਰ ਸਸਦੀ ਆ ਸਾ,ਤੱਤੜੀ ਨੂੰ ਦਰਸ ਦਿਖਾ ਸਾ।
ਸੁੰਨਾ ਏ ਧਾਗ ਧਗੀਚਾ, ਵਿਹੜੇ ਵਿੱਚ ਬੂਟੇ ਸਾ ਸਾ।
ਵਾਸ਼ਾਂ ਵਿੱਚ ਚਮਕੇ ਚਿੱਟੀ ਕੋਰ,
ਵੇ ਪਰਦੇਸੀਆ।

🌒 ਸੰਪਰਕ: 98726 31199



ਕੰਕਰੀਟ ਦਾ ਸੰਗਮ - ਧੀਆ

ਧਰਤੀ ਗੀਤ ਸੁਣਾਵੇ।
ਆਪੇ ਸਿਖਦੀ, ਤਰਸ ਵਹਾਉਂਦੀ,
ਧਿਨ ਸਾਸ਼ਾਂ ਤੋਂ ਗਾਵੇ।
ਸੁਣ ਸਕਦੈ ਟੁੱਸਾਂ ਦੇ ਕੋਝੇ,
ਸੋਕਰ ਬੰਦਾ ਚਾਹੇ।

ਅੱਗ ਦਾ ਗੋਸ਼ਾ ਚੌਥੀ ਘੰਟੇ
ਮਘਦੇ ਧੋਰ ਅਸਾਵੇ।
ਸੂਰਜ ਤਪੀਆ ਤਪ ਕਰਦੇ ਵੀ,
ਠੰਝਨੀਆਂ ਵਰਤਾਵੇ।


ਚੰਦਰਮਾ ਦੀ ਮਧੁਰ ਚਾਨਣੀ,
ਕੀ ਕੀ ਰੂਪ ਵਟਾਵੇ।
ਏਕਮ ਦਾ ਚੰਨ ਟਾਹਣੀ ਸਿੱਡਾ,
ਪੂਰਾ ਹੋ, ਖੁਰ ਜਾਵੇ।
ਤਾਰਿਆਂ ਨਾਲ ਗੁਫ਼ਤਗੂ ਕਰਕੇ,
ਸੱਖਾਂ ਥਾਤਾਂ ਪਾਵੇ।

ਸਾਗਰ ਕੋਝੇਂ ਹੈ ਕੇ ਜਸ ਕਵ,
ਅੰਧਰ ਪਿਆਸ ਮਿਟਾਵੇ।
ਧਰਤ ਤਰੇੜੀ ,ਵੇਖ ਧੰਧੀਤਾ,
ਖ਼ਵਤੇ ਕੀ ਕੁਸ਼ ਗਾਵੇ।
ਮੇਘ ਦੂਤ ਧਵ ਧਰਤੀ ਉੱਤੇ,
ਧਵ ਧੰਦਸ ਵਰ੍ਹ ਜਾਵੇ।

ਕੁਦਰਤ ਹਰ ਪਸ ਕਵ ਕਵ ਸੱਚਦੀ,
ਸੁਰ ਸੰਗ ਤਾਲ ਮਿਲਾਵੇ।
ਕੱਥਕ ਕਥਾ ਸੁਣਾਉਂਦੇ ਪੱਤੇ,
ਸਾਨੂੰ ਸਮਸ਼ ਨਾ ਆਵੇ।

ਧੋਕਦਰਾਂ ਦੇ ਵਿਹੜੇ ਅੰਦਰ,
ਖੁਸ਼ਧੋ ਰਿੰਦਾ ਆਵੇ।
ਕੰਕਰੀਟ ਦਾ ਸੰਗਮ - ਧੀਆ,
ਅੱਸਕੱਸ਼ ਸ਼ਹਿਰ ਕਹਾਵੇ।

ਗੁਰਭਜਨ ਗਿੱਲ



ਗ਼ਜ਼ਲ

ਗੁਰਭਜਨ ਗਿੱਲ

ਟੁੱਟਿਆ ਸੌ ਵਾਰ ਫਿਰ ਵੀ ਟਾਹਣੀਆਂ 'ਤੇ ਸੁੜ ਗਿਆ।
ਸ਼ਰਦ ਪੱਤਾ ਕਿਰ ਗਿਆ ਫ਼ਿਰ ਸਥਜ਼ ਪੱਤਾ ਪੁੰਗਰਿਆ।

ਧਰਤ ਅੰਦਰ ਉਗਮਦਾ ਤੇ ਖਿਹਸਦਾ, ਵੇਖੋ ਕਮਾਲ,
ਤੁਰ ਗਿਆ ਹੈ ਜ਼ਿੰਦਗੀ, ਤੇਰਾ ਨਿਰੰਤਰ ਕਾਫ਼ਲਾ।

ਮੈਂ ਤੇਰੇ ਤੋਂ ਦੂਰ ਵੀ ਹਾਂ, ਨੇੜ ਵੀ ਧੜਕਣ ਦੇ ਵਾਂਗ,
ਸਨ-ਪਰਿੰਦਾ ਮੌਸ ਅੰਦਰ, ਇੱਕ ਥਾਂ ਨਹੀਂ ਠਹਿਰਦਾ।

ਸੜ ਗਿਆ ਸੰਗਲ ਤੇ ਉਸ ਵਿੱਚ ਰਾਖ਼ ਹੋਇਆ ਧਹੁਤ ਕੁਸ਼,
ਕਰਮ ਇਹ ਤੇਰਾ ਮੁਹੱਬਤ, ਫੇਰ ਹੈ ਸੰਗਲ ਹਰਾ।

ਅਸਧ ਹੈ ਰਿਸ਼ਤਾ ਸਨੇਹ ਦਾ, ਰੋਜ਼ ਤੁਰਨਾ ਤੇਗ 'ਤੇ,
ਵਾਵਰੋਲੇ ਤੇਜ਼ ਤਿੱਖੇ, ਸ਼ੁਰਸਦੀ ਤਪਦੀ ਹਵਾ।

ਐ ਦਿਲਾ ਪੁੱਛੀਂ ਕਦੇ ਤੂੰ, ਇਸ਼ਕ ਨੂੰ ਵਿਸ਼ਵਾਸ ਨਾਲ,
ਚੋਰ ਵਾਂਗੂੰ ਤੂੰ ਕਦੋਂ ਸੈਂ ਏਥੇ ਆ ਕੇ ਬਹਿ ਗਿਆ।

ਖੁੱਲ੍ਹਦੀਆਂ ਸਨ ਖਿੜਕੀਆਂ ਹਰ ਰੋਜ਼ ਰੌਸ਼ਨਦਾਨ ਵੀ,
ਸਨ ਦਾ ਚੂਹਾ, ਤੇਰੇ ਅਗਰੋਂ, ਦਸਤਕਾਂ ਲਈ ਸਹਿਕਦਾ।



ਗ਼ਜ਼ਲ

ਗੁਰਭਜਨ ਗਿੱਲ

ਚੱਲ ਨੀ ਭੈਣੇ ਆਪਾਂ ਹਲ ਕੇ, ਵੀਰਾਂ ਦੇ ਸੰਗ ਕਦਮ ਵਧਾਈਏ।
ਘਰ ਦੀ ਚਾਰ ਦੀਵਾਰੀ ਅੰਦਰ, ਘਿਰ ਕੇ ਨਾ ਪਿੱਛੇ ਰਹਿ ਜਾਈਏ।

ਧਰਤੀ ਤੋਂ ਪੈ ਚੰਦਰਮਾ ਤੱਕ, ਕਿਹੜੀ ਥਾਂ ਸੋ ਸਾਥੋਂ ਓਹਲੇ,
ਹਰ ਵਰਕੇ ਤੇ ਸੀਰਾ ਵਾਹੀਏ, ਹਰ ਖੇਤਰ ਵਿੱਚ ਸੇਵ ਕਮਾਈਏ।

ਧਰਤੀ ਵਾਂਗੂੰ ਧੀ ਵੀ ਧਨ ਹੈ, ਧਾਧਰ ਧਰਮੀ ਨੂੰ ਇਹ ਦੱਸੀਏ,
ਦਾਦੀ ਨਾਨੀ ਮਾਂ ਮਮਤਾ ਨੂੰ, ਅਵਧਾਰਿਆ ਜੋ ਸਧਰ ਪੜ੍ਹਾਈਏ।

ਨਾ ਅਰਧਾਂਗਵ ਨਾ ਹਾਂ ਅਧਿਆ, ਪੂਰੀ ਹਸਤੀ ਪੈ ਕੇ ਜੰਮੀ,
ਆਪੇ ਜੱਗ ਇਹ ਸਮਝ ਲਵੇਗਾ, ਪਹਿਲਾਂ ਤਾਂ ਖ਼ੁਦ ਨੂੰ ਸਮਝਾਈਏ।

ਗੀਤ ਗ਼ਜ਼ਲ ਕਵਿਤਾਵਾਂ ਜਹੀਆਂ, ਧੀਆਂ ਇਸ ਤੋਂ ਹੋਰ ਅਗੇਰੇ,
ਜ਼ਿੰਦਗੀ ਦੇ ਮੈਦਾਨ 'ਚ ਵੀ ਹੁਣ, ਰਣ ਚੰਡੀ ਦਾ ਰੂਪ ਵਿਖਾਈਏ।

ਜ਼ਿੰਦਗੀ ਦੀ ਸ਼ਤਰੰਜ ਦੇ ਮੋਹਰੇ, ਆਪਾਂ ਦੋਹਾਂ ਨੇ ਨਹੀਂ ਬਣਨਾ,
ਸੱਜੇ ਖੱਬੇ ਹੱਥ ਦੇ ਵਾਂਗੂੰ, ਇੱਕ ਦੂਜੇ ਦਾ ਸਾਥ ਨਿਭਾਈਏ।

ਸਦੀਆਂ ਸਿਦਕ, ਸਬਰ, ਸੇਵਾ, ਸੁਭ ਕਰਮਨ ਦਾ ਬੀਜ ਸਾਂਭਿਆ,
ਆ ਜਾ ਅਪਣੇ ਹੱਥੀਂ ਆਪੇ, ਵਿੱਚ ਸਿਆੜਾਂ ਇਹ ਸਭ ਪਾਈਏ।

🔵 ਸੰਪਰਕ: 98726 31199

ਗੀਤ

ਗੁਰਭਜਨ ਗਿੱਲ



ਕਿਉਂ ਚੱਲਿਐਂ ਪਰਦੇਸ ਵੇ ਸੱਜਣਾ ਕਿਉਂ ਚੱਲਿਐਂ ਪਰਦੇਸ।
ਪਰਿਆਂ ਤੇਰੀ ਧੌਲ਼ੀ ਧਦਰੂ ਫੇਰ ਧਦਰ ਸੂ ਵੇਸ।
ਵੇ ਸੱਜਣਾ !ਕਿਉਂ ਚੱਲਿਐਂ ਪਰਦੇਸ?

ਯਰਤ ਪਰਾਈ ਚਿੱਟੀ ਚਮੜ਼ੀ।
ਤੇਰਾ ਓਥੇ ਮੁੱਲ ਨਾ ਦਮੜ਼ੀ।
ਹੌਕੇ ਭਰਦੀ ਮਰ ਸੂ ਅੰਮੜ਼ੀ।
ਪੌਂਡਾਂ ਦੀ ਛਣਕਾਰ ਦੇ ਧਦਲੇ,
ਕਿਉਂ ਛੱਡ ਚੱਲਿਐਂ ਦੇਸ।
ਵੇ ਮਾਹੀਆ! ਕਿਉਂ ਚੱਲਿਐਂ ਪਰਦੇਸ?

ਧਾਗੀਂ ਮੇਰੇ ਰੰਗਲਾ ਚੂੜ਼ਾ।
ਹਾਏ ਇਸ ਦਾ ਰੰਗ ਹੈ ਗੂੜ੍ਹਾ।
ਖ਼ਾਸੀ ਹਾਏ ਪਿਆ ਪੰਘੂੜ਼ਾ।
ਪੇਟੀ ਦੇ ਵਿੱਚ ਕੋਰੇ ਹਾਏ,
ਡੱਬੀਆਂ ਵਾਏ ਖੇਸ।
ਵੇ ਮਾਹੀਆ !ਕਿਉਂ ਚੱਲਿਐਂ ਪਰਦੇਸ?

ਵੇਖ ਵੇਖ ਕੂੰਜਾਂ ਦੀਆਂ ਡਾਰਾਂ।
ਜਾਦਾਂ ਆਉਂਦੈਂ ਧੀਨ੍ਹ ਕਤਾਰਾਂ।
ਤੇਰੇ ਵਰਗੇ ਸੱਖ ਹਜ਼ਾਰਾਂ।
ਚੇਤੇ ਕਰਕੇ ਮਾਂ ਨੂੰ ਧਰਤੀ,
ਰੋਂਦੇ ਰਹਿਣ ਹਮੇਸ਼ਾ।
ਵੇ ਸਿੰਘ ਸਾਹੀ! ਨਾ ਸਾਈਂ ਪਰਦੇਸ।

ਅੰਧਰੀਂ ਪੀਂਘ ਚੜ੍ਹਾਕ ਵਾਲ਼ਿਆ।
ਅੱਧ ਵਿੱਚ ਛੱਡ ਕੇ ਸਾਥ ਵਾਲ਼ਿਆ।
ਹੋਰਾਂ ਨੂੰ ਸਮਝਾਇ ਵਾਲ਼ਿਆ।
ਕਿਹੜੇ ਖੂਹ ਵਿੱਚ ਪੈ ਗਏ,
ਸਿਹੜੇ ਦੇਂਦਾ ਸੀ ਉਪਦੇਸ਼।
ਵੇ ਮਾਹੀਆ ! ਕਿਉਂ ਚੱਲਿਐਂ ਪਰਦੇਸ?

ਮੰਨਿਆ ਦੁਨੀਆਂ ਰੰਗ ਬਰੰਗੀ।
ਘਰ ਦੀ ਰੋਟੀ ਅੱਧੀ ਚੰਗੀ।
ਸਾਨ ਮੇਰੀ ਕਿਉਂ ਸੂਨੀ ਟੰਗੀ।
ਦਿਲ ਦਾ ਸ਼ੀਸ਼ਾ ਧਵ੍ਹੇ ਕੰਕਰਾਂ,
ਨਾ ਪਾ ਐਸੀ ਠੇਸ।
ਵੇ ਸੱਜਣਾ ! ਨਾ ਸਾਈਂ ਪਰਦੇਸ।

ਗ਼ਜ਼ਲ

ਗੁਰਭਜਨ ਗਿੱਲ

ਜ਼ਿੰਦਗੀ ਦੇ ਸਾਜ਼ ਨੂੰ ਸੁਰ ਕਰਦਿਆਂ ਗੁਜ਼ਰੀ ਏ ਰਾਤ।
ਹਾਏ! ਤੇਰੀ ਜ਼ੁਲਫ਼ ਨੂੰ ਸਰ ਕਰਦਿਆਂ ਗੁਜ਼ਰੀ ਏ ਰਾਤ।

ਅਗਨ ਦਾ ਬਿਸਤਰ ਛਿਛੋਹਾ,ਧਰ ਗਿਆ ਨੂੰ ਵੇਖਦੀ,
ਪਰਤਦਾ ਪਾਸੇ ਰਿਹਾ, ਇਉਂ ਮਰਦਿਆਂ ਗੁਜ਼ਰੀ ਏ ਰਾਤ।

ਹੋਂਠ ਤਾਂ ਸੁੱਚੇ ਸੀ ਮੇਰੇ, ਤੇਰੀ ਰੂਹ ਦੀ ਪਿਆਸ ਵਾਂਗ,
ਫੇਰ ਕਿਸ ਤੋਂ ਇਹ ਭਰਾ, ਕਿਉਂ ਡਰਦਿਆਂ ਗੁਜ਼ਰੀ ਏ ਰਾਤ।

ਧਰਮ ਤੇ ਇਖ਼ਲਾਕ ਦੇ ਸ਼ੀਸ਼ੇ ਚ ਕੋਈ ਹੋਰ ਸੀ,
ਆਪਣੇ ਹੱਥੋਂ ਹੀ ਚਾਬਕ ਜ਼ਰਦਿਆਂ ਗੁਜ਼ਰੀ ਏ ਰਾਤ।

ਭਰਮ ਸੀ ਮਿੱਠਾ ਜਿਹਾ, ਜਾਂ ਸੀ ਹਕੀਕਤ ਖ਼ਬਰ ਨਹੀਂ,
ਚਾਨਣੀ ਦੀ ਰਿਸ਼ਮ ਨੂੰ ਹੀ ਫੜਦਿਆਂ ਗੁਜ਼ਰੀ ਏ ਰਾਤ।

ਮੈਂ ਤੇਰੇ ਫਾਹਾਂ 'ਚ ਗੁੰਦਾਂ, ਤਾਰਿਆਂ ਦੀ ਰਹਿਕਸ਼ਾ',
ਇਸ ਤਰ੍ਹਾਂ ਦੇ ਖ਼ੁਆਬ ,ਪੂਰੇ ਕਰਦਿਆਂ ਗੁਜ਼ਰੀ ਏ ਰਾਤ।

. ਸੰਪਰਕ: 98726 31199



ਅਸੀਮ

ਕਿੰਨਾ ਕੁਝ ਬਦਲ ਦਿੰਦੀ ਹੈ
ਅਸੀਮ
ਫਿੱਕਾ ਪੱਗਦਾ ਸੂਰਜ ਗੂੜ੍ਹਾ ਹੋ
ਜਾਂਦੈ।
ਚੰਦਰਮਾ ਅੰਬਰੋਂ ਉੱਤਰ ਕੇ
ਇਕੱਲਾ ਮਾਮਾ ਨਹੀਂ, ਤਾਰਿਆਂ ਸਣੇ
ਨਾਨਕਾ ਮੇਲ ਬਣ ਜਾਂਦੈ।

ਮੀਂਹ ਦੀਆਂ ਕਣੀਆਂ ਅਰਥ
ਬਦਲਦੀਆਂ।
ਕਹਿਸ਼ ਬਣ ਜਾਂਦੇ ਨੇ ਸਰ ਕਣ
ਆਸਾਂ ਦਾ ਰੁੱਖ
ਦੋਏ ਦਾਹਿਆਂ 'ਚ ਬਦਲ ਜਾਂਦਾ
ਹੈ।
ਧੀ ਮਾਂ ਬਣ ਜਾਂਦੀ ਹੈ
ਤੇ ਪੁੱਤਰ ਬਾਬਲ।
ਕਿੰਨਾ ਕੁਝ ਬਦਲ ਜਾਂਦਾ ਹੈ
ਇੱਕ ਅਸੀਮ ਨਾਲ।

ਰੁੱਤਾਂ ਸੁਹਾਗਣੀਆਂ
ਥਾਂਵਾਂ ਅਹਿਮਦਨੀਆਂ।
ਪੌਣਾਂ ਠਗਦੀਆਂ ਇਤਰ 'ਚ
ਭਿੱਜੀਆਂ।
ਠਰਕ ਦੀ ਰਫ਼ਤਾਰ ਬਦਲ ਜਾਂਦੀ
ਹੈ।
ਚੰਨ ਤੇ ਤੁਰਨ ਢਾਂਗ
ਹੌਲੇ ਟੁੱਲ ਕਦਮ।

ਸ਼ਹਿਦ ਕਟੋਰੀ
ਨੱਕੋ ਨੱਕ ਭਰ ਜਾਂਦੀ ਹੈ।
ਜਿੰਦੀ ਇਸ਼ਾਇਚੀ ਘੁਲਦੀ ਹੈ
ਸਵਾਸਾਂ ਵਿੱਚ
ਇੱਕ ਅਸੀਮ ਨਾਲ।

ਘਰ ਦੀ ਸਾਰੀ ਫ਼ਿਆਕਰਣ
ਬਦਲ ਜਾਂਦੀ ਹੈ।
ਟੋਏ ਭਰਦੇ
ਟਿੱਬੇ ਖੁਰਦੇ
ਸਮਤਲ ਧਰਤੀ 'ਤੇ ਤੁਰਨਾ
ਚੰਗਾ ਚੰਗਾ ਲੱਗਦਾ ਹੈ।
ਇੱਕ ਅਸੀਮ ਨਾਲ।

ਘਰ ਦੀਆਂ ਦੀਵਾਰਾਂ 'ਚੋਂ
ਮੁਧਾਰਕ ਆਵਾਜ਼ਾਂ ਆਉਂਦੀਆਂ।
ਦੂਹੇ ਆਪਣੇ ਆਪ ਖੁੱਸ਼ਦੇ।
ਸ਼ਰੀਂਹ ਦੇ ਪੱਤਿਆਂ ਦੇ
ਬੰਦਨ ਧਾਰ ਸਜਦੇ।

ਦੂਹੇ ਅੱਗੇ ਪਾਏ ਬਿਰਖ 'ਤੇ,
ਚਿੜੀਆਂ ਚੂਕਦੀਆਂ ਸਵੇਰਸਾਰ।
ਸਾਡੀ ਧੀ ਨਾਲ ਖੇਡਣ ਆਈਆਂ
ਸਖੀਆਂ ਸਹੇਲੀਆਂ ਪੱਗਦੀਆਂ।

ਕਿੰਨਾ ਕੁਝ
ਬਦਲ ਦਿੰਦੀ ਹੈ ਅਸੀਮ
ਸਰਬੱਤ ਦਾ ਭਲਾ ਮੰਗਦੀ ਹੈ ਸ਼ਬਾਨ।
ਕਣ ਕਣ ਸ਼ੁਕਰਾਨਾ ਕਰਦੀ
ਅਸੀਮ ਕੀਹ ਦਾ ਕੀਹ ਕਰ ਦੇਂਦੀ ਹੈ।

ਗੁਰਭਜਨ ਗਿੱਲ



ਗ਼ਜ਼ਲ

ਗੁਰਭਜਨ ਗਿੱਲ

ਗਲ ਗਲ ਤੀਕ ਗ਼ਮਾਂ ਦਾ ਪਹਿਰਾ ਏਕ਼ਾਮ ਪੁਰਾ ਸ਼ਹਿਰ ਨਹੀਂ ਵੱਸਿਆ।
ਹੇ ਰਵੀਦਾਸ ਪਿਆਰੇ ਪੁਰਖ਼ੇ, ਸੱਚੋ ਸੱਚ ਮੈਂ ਤੈਨੂੰ ਦੱਸਿਆ।

ਸ਼ਬਦ ਗੁਰੂ ਸਤਿਕਾਰਨ ਦੀ ਥਾਂ ਪੂਜਣਹਾਰੇ ਹੋ ਗਏ ਕਾਬਜ਼,
ਤਾਂਹੀਂਓ ਸ਼ਬਦ ਮੁਕਤੀਆਂ ਦਾਤਾ ਸਾਡੇ ਮਨ -ਮੰਦਰ ਨਹੀਂ ਵੱਸਿਆ।

ਆਪ ਕਬੀਰ ਨੂੰ ਮੈਂ ਖ਼ੁਦ ਪੁੱਛਿਆ ਉਲਝੀ ਤਾਣੀ ਕਿੰਜ ਸੁਲਝੇਗੀ,
ਓਸ ਕਿਹਾ ਕਿ ਤੋੜ ਸ਼ੰਸੀਹਾਂ, ਭਰਮ -ਜਾਲ ਦੀ ਕਾਲ਼ੀ ਮੱਸਿਆ।

ਨਾਮਦੇਵ ਦੀ ਛਪਰੀ ਅੱਜ ਵੀ, ਘਿਰੀ ਪਈ ਹੈ ਫ਼ਿਕਰਾਂ ਅੰਦਰ,
ਕਿਹਸਿਹ ਕਵੀਆਂ ਅੱਥਰੂ ਕਿਰਦੇ, ਦਰਦ ਸਦੀਵੀ ਮੀਂਹ ਧਰ ਵੱਸਿਆ।

ਮਰਦਾਨੇ ਦੀ ਦਰਦ ਕਹਾਣੀ ਪੁੱਛੋ ਨਾ ਧੱਸ ਰਹਿਣ ਦਿਓ ਜੀ,
ਸੁਰ ਤੇ ਰਾਗ ਰਬਾਬ ਦੋਹਾਂ ਨੂੰ ਗੁਰਬਤ ਸ਼ਹਿਰੀ ਜਾਗਣ ਡੱਸਿਆ।

ਗਿਆਨ ਦੇ ਗ਼ਾਰ ਵਿੱਚ ਰੱਸਾ ਪਾ ਕੇ ਆਪਣੇ ਵੱਲ ਨੂੰ ਖਿੱਚੀ ਜਾਂਦੇ,
ਵੇਖ ਲਵੋ ਕਿੰਜ ਧੋਖਿਆਂ ਰਲ ਕੇ ਧੌਣ ਦੁਆਲੇ ਕਿੰਨਾ ਕੱਸਿਆ।

ਸਰਬ ਕਾਲ ਪਰਮੇਸ਼ਰ ਪੋਥੀ, ਸ਼ਬਦ ਗੁਰੂ ਸਰਧੱਤ ਦੀ ਖ਼ਾਤਰ,
ਰਿਭਓ ਤੇ ਰਿਵਦੈਰ ਨੇ ਕੱਢਣਾ, ਸਿਹਾੜੀ ਮੈਂ ਦਸਦਸ ਵਿੱਚ ਧੱਸਿਆ।
🌎



ਕੱਲ੍ਹ ਵਿਸ਼ਵ ਸੰਗੀਤ ਦਿਹਾੜੇ ਤੇ ਮੈਨੂੰ ਅਤਿ ਸੁਰੀਲੀ ਪਸ਼ਤੋ ਗਾਇਕਾ
ਗ਼ਜ਼ਾਲਾ ਜਾਵੇਦ ਬਹੁਤ ਯਾਦ ਆਈ, ਜਿਸ ਨੂੰ ਪੇਸ਼ਾਵਰ ਵਿੱਚ ਬਾਪ ਸਮੇਤ
18 ਜੂਨ 2012 ਨੂੰ ਪਤੀ ਹੱਥੋਂ ਗੋਲੀਆਂ ਨਾਲ ਕਤਲ ਕਰ ਦਿੱਤਾ ਗਿਆ
ਸੀ।
ਉਹ 1986 ਚ ਜੰਮੀ ਤੇ 2012 ਚ ਮੁੱਕੀ।
ਉਸ ਤੇ ਗ਼ਜ਼ਲ ਲਿਖੀ ਸੀ ਸੋ ਤੁਹਾਡੇ ਪੜ੍ਹਨ ਲਈ ਅੱਜ ਹਾਜ਼ਰ ਹੈ।

ਗ਼ਜ਼ਲ
ਕੌਣ ਕਹਿੰਦਾ ਹੈ ਗ਼ਜ਼ਾਲਾ ਮਰ ਗਈ ਹੈ।
ਅਹਿਕ ਸੀ, ਤਾਂਹੀਉਂ ਖ਼ੁਦਾ ਦੇ ਘਰ ਗਈ ਹੈ।

ਜਿਸਮ ਤਾਂ ਮਿੱਟੀ, ਕਬਰੀਂ ਸੌਂ ਗਿਆ ਹੈ,
ਰੰਗ ਸਭ ਟੁੱਲਾਂ 'ਚ ਆਪਣੇ ਭਰ ਗਈ ਹੈ।

ਪਾਈਆਂ ਵਿੱਚ ਕਸਦਸਾਂ, ਉਸੇ ਦੀਆਂ ਨੇ,
ਵੇਖ ਸਉ , ਕਿੰਦਾਂ ਸਮੁੰਦਰ ਤਰ ਗਈ ਹੈ।

ਧੁਸਧੁਸਾਂ 'ਤੇ ਕਿਉਂ ਰਿਸ਼ਾਏ ਮਾਰਦੇ ਹੋ,
ਦਰਦ ਛਿੱਨੀ 'ਫ਼ਾਸ਼ ਤਾਂ' ਦਰ ਦਰ ਗਈ ਹੈ।

ਕਾਤਸਾਂ' ਨੂੰ ਭਰਮ, ਹਰ ਧਰਤੀ ਤੇ ਵੇਹੀ,
ਜ਼ਿੰਦਗੀ ਹਥਿਆਰ ਕੋਲੋਂ ਡਰ ਗਈ ਹੈ।

ਟੁੱਕ ਕੇ ਸ਼ੀਸ਼ੀ ਵਿਤਰ ਦੀ, ਵੱਢਦੇ ਕੀਹ,
ਸੱਭਦੀ ਨਾ, ਅਹਿਕ ਨਿਸਰਤ ਕਰ ਗਈ ਹੈ।

ਸਾਵ ਤੋਂ ਪਹਿਸਾਂ, ਗ਼ਜ਼ਾਸਾ ਸਿਰਗ ਧੱਚੀ,
ਵੰਡ ਕੇ ਕਸਤੂਰੀਆਂ ਘਰ ਘਰ ਗਈ ਹੈ।
🔵 ਗੁਰਭਸਸ ਗਿੱਲ
ਮਸ ਤੰਦੂਰ (2013)ਕਾਵਿ ਸੰਗ੍ਰਹਿ 'ਚੋਂ

ਯ਼ਾਸ਼ਰ

ਯਾਦ ਤੇਰੀ ਦਾ ਚਾਨਣ ਏਨਾ, ਹਰ ਪਲ ਜਿਵੇਂ ਸਵੇਰਾ ਹੋਵੇ।
ਸੂਰਜ ਰੰਗੀਏ, ਤੈਨੂੰ ਡਿੱਠਿਆਂ,ਰੂਹ ਚਾਨਣ ਦਾ ਡੇਰਾ ਹੋਵੇ।

ਮਹਿਕਦੀਏ ਚੰਧੇ ਦੀ ਕਸੀਏ, ਮੇਰੇ ਧੁਰ ਅੰਦਰ ਖੁਸ਼ਬੋਈਏ,
ਜਿਹੜੀ ਥਾਂ ਤੂੰ ਹਾਸ਼ਰ ਯਾਸ਼ਰ ਉਥੇ ਕਿਵੇਂ ਹਨ੍ਹੇਰਾ ਹੋਵੇ।

ਰਹਿਮਤ ਦਾ ਮੀਂਹ ਵਰ੍ਹਿਆ ਰੱਜ ਕੇ, ਪਰ ਅਣਮੁੱਲੇ ਪੈ ਗਏ ਝੋਲੀ,
ਇਹ ਵਿਸਮਾਦ ਖ਼ਸ਼ਾਕਾ ਸਾਂਝਾ,ਯਾ ਤੇਰਾ ਯਾ ਮੇਰਾ ਹੋਵੇ।

ਤੇਰੇ ਦਿਲ ਦੀ ਤਖ਼ਤੀ ਉੱਤੇ, ਸੁਹਿਆ ਹੈ ਕਿ ਮੈਂ ਵੀ ਹਾਸ਼ਰ,
ਟਿਮਕਣਿਆਂ ਦੀ ਹਸਤੀ ਵੱਡੀ,ਹਰ ਬਿੰਦੂ ਦਾ ਘੇਰਾ ਹੋਵੇ।

ਸਦ ਵੀ ਜਾਦ ਕਰਾਂ ਮਿਲ ਸਾਵੇਂ, ਸੱਖ ਸੁਕਰਾਨਾ ਮਹਿਕਵੰਤੀਏ,
ਚਿਤਵਦਿਆਂ ਰੂਹ ਚਾਨਣ ਚਾਨਣ ਨੂਰੋ ਨੂਰ ਧਰੇਰਾ ਹੋਵੇ।

ਤੁਰ ਸਾਵੇਂ ਦਿਲ ਡੋਧੇ ਖਾਵੇ,ਦਿਸ ਸਾਵੇਂ ਮਨ ਬਿਹਬਲ ਹੋਵੇ,
ਦਿਲ ਦੀ ਧਾਤ ਸੁਹਾਵਾਂ ਤੈਨੂੰ,ਇਹ ਯਾ ਮੈਥੋਂ ਸਰੇਆ ਹੋਵੇ।

ਮਨ ਮੇਰੇ ਦਾ ਧਾਗ ਧਗੀਚਾ,ਖਿੜਦੈ ਫਿਰ ਮੁਰਝਾ ਹੈ ਜਾਂਦਾ,
ਟਾਹਣੀ ਤੇ ਫੁੱਲ ਕੰਧਦੇ ਹਰਿੰਦੇ, ਵੈਰੀ ਸਦੋਂ ਦੁਸ਼ਮਣ ਹੋਵੇ।



ਸੰਪਰਕ: 98726 31199

ਗੁਰਭਜਨ ਗਿੱਲ

ਗ਼ਜ਼ਲ

ਗੁਰਭਜਸਨ ਗਿੱਲ

ਚੰਨ ਦਾ ਟੁਕੜਾ ਪਹਿਨ ਦੂਯੀਆ, ਸਦ ਧੁੱਕਸ ਵਿੱਚ ਆ ਸਾਂਦਾ ਹੈ।
ਸੱਚ ਸਾਈਂ ਤੂੰ ਮਹਿਕ ਵਰਗੀਏ, ਅਸਧ ਖ਼ੂਵਸ਼ੂਬੀ ਯਾ ਸਾਂਦਾ ਹੈ।

ਚੰਦਨ ਦੀ ਗੋਸੀ ਦੀਆਂ ਮਹਿਕਾਂ, ਖ਼ੂੰ ਖ਼ੂੰ ਦੇ ਵਿੱਚ ਰਚ ਮਿਚ ਸਾਵਣ,
ਸਿੱਥੇ ਸਾ ਕੇ ਸ਼ਧਦ ਹਾਰਦੇ, ਉਹ ਪਸ ਹੀ ਤੜ਼ਫ਼ਾ ਸਾਂਦਾ ਹੈ।

ਰਸਵੰਤ ਸਿਉਂ ਅੰਧ ਸੰਯੂਗੀ, ਧੁਰ ਅੰਦਰ ਤੱਕ ਘੁਸਦਾ ਸਾਵੇ,
ਚਿਤਵਦਿਆਂ ਖ਼ੁਸ਼ਬੋਈਏ ਤੈਨੂੰ ,ਪਸ ਵਿਸਮਾਦੀ ਆ ਸਾਂਦਾ ਹੈ।

ਗੀਤ,ਗ਼ਜ਼ਲ ,ਕਵਿਤਾਵਾਂ ਮੈਨੂੰ, ਰਾਤ ਦਿਨੇ ਅਨੁਵਾਦ ਕਰਦੀਆਂ,
ਖਵਰੇ ਕਿਹੜਾ ਸ਼ਧਦ ਕਿਸੇ ਨੂੰ ਕਿਹੜੇ ਵੇਲੇ ਭਾ ਸਾਂਦਾ ਹੈ।

ਕੋਮਲਤਾ, ਅਹਿਸਾਸ, ਮੁਸਕਵੀ ਕਸੀਏ ਨੀ ਤੂੰ ਖੁੱਸ਼ ਕੇ ਵੰਡ ਦੇ,
ਤੇਰੀ ਇਸ ਮੁਸਕਾਨ ਦਾ ਸਾਦੂ ਕੰਧਾਂ ਮਹਿਕਵ ਯਾ ਸਾਂਦਾ ਹੈ।

ਤਰੇਲ ਚ ਭਿੱਜੀਆਂ ਪਗਾਂ ਤੇ ਹੀ ਖਿੜ਼ਦੇ ਫੁੱਲ ਧਰਮੰਡੀ ਕੁੱਤੇ,
ਪੱਤਝੜ਼ ਸਖ਼ਤ ਪ੍ਰੀਖਿਆ ਮਗਰੋਂ ਇਹ ਮੌਸਮ ਵੀ ਆ ਸਾਂਦਾ ਹੈ।

ਸੁਰਖ਼ ਗੁਲਾਬ ਦੀਆਂ ਦੋ ਪੱਤੀਆਂ, ਚੰਬਾ ਕਸੀਆਂ ,ਸੜ਼ੀਆਂ ਸੜ਼ੀਆਂ,
ਇੱਕੋ ਥਾਂ ਤੇ ਕਾਦਰ ਕਿੰਨਾ ਰਹਿਮਤ ਦਾ ਮੀਂਹ ਪਾ ਸਾਂਦਾ ਹੈ।

ਗਜਲ

ਅਲੌਕਾਰ ਬਾਤ , ਕੋਹੀ ਰਾਤ ਕਮਜਾਤ,
ਜਿਸ ,ਚੰਗੇ ਭਲੇ ਵੱਸਦੇ ਸਾਂ ਧੱਕ 'ਤੇ ਸਵਾਲੀਆਂ 'ਚ।
ਧਰਤੀ ਲਕੀਰਾਂ ਮਾਰ, ਕੀਤਾ ਸਾਨੂੰ ਤਾਰ ਤਾਰ,
ਸਹਿਮੇ ਸਹਿਮੇ ਫੁੱਲ, ਜਾਨ ਮੁੱਕ ਚੱਲੀ ਡਾਲੀਆਂ 'ਚ।

ਬਾਗ ਤੇ ਬਗੀਚਿਆਂ ਨੂੰ ਆਪ ਕਰੇ ਤਹਿਸ ਨਹਿਸ,
ਕਿਹੜਾ ਭਾਈ ਗਿਣੂ ਐਸੇ ਬੰਦਿਆਂ ਨੂੰ ਮਾਲੀਆਂ 'ਚ।
ਦਾਣਾ ਨਾ ਉਗਾਇਆ ਜਿਸ, ਸੂਈ ਨਾ ਬਣਾਈ ਘੜੀ,
ਅੱਠੇ ਪਹਿਰ ਰਹੇ ਗਲਤਾਨ ਜੋ ਦਲਾਲੀਆਂ, ਚ।

ਐਸਾ ਸੁਲਤਾਨ, ਜੀਹਦਾ ਦੀਨ ਨਾ ਈਮਾਨ ਸੁੱਚਾ,
ਲੋਕ ਹਿਤਾਂ ਬਿਨਾ ਰਹੇ ਹੋਰ ਹੀ ਖਿਆਲੀਆਂ 'ਚ।
ਕੱਲ੍ਹ ਰਾਤੀਂ ਸੁਣੀ ਏਦਾਂ ਤੁਰੇ ਜਾਂਦੇ ਬੰਦਿਆ ਤੋਂ,
ਕਰਦੇ ਸੀ ਖੇਤਾਂ ਵਾਲੇ ਗੱਲਾਂ ਇਹ ਟਰਾਲੀਆਂ 'ਚ।

ਜੋਸ ਨਾਲ ਹੋਸ ਭਰੋ, ਧੀਉ ਪੁੱਤੋ, ਖੁੰਝਣਾ ਨਾ,
ਸਿਰ ਦਸਤਾਰਾਂ ਅਤੇ ਚੁੰਨੀਆਂ ਨਿਰਾਲੀਆਂ 'ਚ।
ਬਦਲੇ ਦੀ ਗੱਲ ਜਿਹੜਾ ਸਾਡੇ ਮੱਥੇ ਬੀਜਦਾ ਹੈ,
ਕਦੇ ਵੀ ਨਾ ਪੀਣਾ ਜਹਿਰ ਐਸੀਆਂ ਪਿਆਲੀਆਂ 'ਚ।

ਆਖ ਦਿਉ ਬਾਜ ਆਵੇ ਐਸੀਆਂ ਸਰਾਰਤਾਂ ਤੋਂ,
ਹੁੰਦੀ ਨਹੀਂ ਈਮਾਨਦਾਰੀ, ਇਹੋ ਜਹੇ ਪਲਾਲੀਆਂ 'ਚ।
ਅੱਗ ਲਾ ਕੇ ਪਹਿਲਾਂ ਵੀ ਤਾਂ, ਡੱਬੂ ਕੰਧੀਂ ਬੈਠ ਗਏ ਸੀ,
ਉਹੀ ਸੋਕ ਕਾਇਮ ਅਜੇ, ਸਿਵੇ ਅੱਗਾਂ ਬਾਲੀਆਂ 'ਚ।

ਦਸ ਗੁਰੂ ਸਾਹਿਬ ਸਣੇ ਦੁੱਲਾ, ਬੁੱਲ੍ਹਾ, ਬੋਲਦੇ ਨੇ,
ਨੂਰ ਪ੍ਰਕਾਸ ਹੋਇਆ, ਤਾਂਹੀਉਂ ਹਾਲੀ ਪਾਲੀਆਂ 'ਚ।
ਸਾਬਰੀ ਸਬੂਰੀ ਮਿੱਸੀ , ਸਿਦਕਾਂ ਦੇ ਸੋਕ ਨਾਲ,
ਦੇਂਦੀਆਂ ਪਕਾ ਕੇ ਮਾਵਾਂ,ਬੱਚਿਆਂ ਨੂੰ ਥਾਲੀਆਂ 'ਚ।

ਥੋੜੀ ਕੀਤੇ ਟੁੱਟਦੇ ਨਾ, ਭੁਰਦੇ ਨਾ ਭੋਰਾ ਵੀ ਉਹ,
ਹਾੜ੍ਹ ਸਾੜੇ ਚੰਮ ਜੀਹਦਾ, ਪਲੇ ਮੰਦਹਾਲੀਆਂ 'ਚ।
ਸੰਨ ਸੰਤਾਲੀ ਵੇਲੇ ਲੱਕੋਂ ਚੀਰੇ, ਫੇਰ ਉੱਗੇ,
ਇੱਕੋ ਹੀ ਤਾਸੀਰ ਹੈ ਪੰਜਾਬੀਆਂ ਬੰਗਾਲੀਆਂ 'ਚ।

ਜਾਬਰਾਂ ਨੂੰ ਦੱਸ ਦੇਣਾ, ਸਮਾਂ ਸਭ ਵੇਖਦਾ ਹੈ,
ਏਸੇ ਦੇ ਗੀਤ,ਲੋਕਾਂ ਗਾਉਣੇ ਨੇ ਕੱਵਾਲੀਆਂ 'ਚ।
ਪਾਟੀਆਂ ਬਿਆਈਆਂ ਵਾਲੇ ਪੈਰ ਨੇ ਫੈਲਾਦ ਪੂਰੇ,
ਸੂਹੇ ਅੰਗਿਆਰ ਵੇਖ ਅੱਖਾਂ ਦੀਆਂ ਲਾਲੀਆਂ 'ਚ।

ਆਉਂਦੀ ਏ ਵੰਗਾਰ ਜਦੋਂ,ਹੱਸ ਪ੍ਰਵਾਨ ਕੀਤੀ,
ਪੜ੍ਹ ਲੈ ਬਿਆਨ ਸਾਡੇ ਚਿਹਰੇ ਦੀਆਂ ਲਾਲੀਆਂ 'ਚ।
ਧਰਤੀ ਦੇ ਪੁੱਤ ਅਸੀਂ ਸੁਤ ਦਸਮੇਸ ਜੀ ਦੇ,
ਸਾਡਾ ਸਿਰਨਾਵਾਂ ਮਿਲੂ ਘਾਲਣਾਵਾਂ ਘਾਲੀਆਂ 'ਚ।



- ਪ੍ਰੋ. ਗੁਰਭਜਨ ਗਿੱਲ
ਲੁਧਿਆਣਾ
ਸੰਪਰਕ :98726-31199



ਕਵਿਤਾ ਦੀ ਤਾਕਤ

ਹਿਟਲਰ ਨੇ
ਇੱਕ ਯਹੂਦੀ ਕਵੀ ਨੂੰ
ਗ੍ਰਿਫ਼ਤਾਰ ਕਰਵਾਇਆ
ਤਾਂ ਉਸ ਕਵੀ ਦੀ ਬਾਲੜੀ ਧੀ ਨੇ
ਮਾਂ ਨੂੰ ਪੁੱਛਿਆ?
ਮੇਰੇ ਬਾਪ ਨੂੰ
ਨੂੜ ਕੇ ਕਿਉਂ ਲੈ ਗਏ?
ਮਾਂ ਨੇ ਕਿਹਾ
ਤੇਰੇ ਬਾਪ ਨੇ ਹਿਟਲਰ ਦੇ ਖ਼ਿਲਾਫ਼
ਕਵਿਤਾ ਲਿਖੀ ਸੀ
ਬੱਚੀਏ!

ਬੱਚੀ ਬੋਲੀ
ਇਹ ਕਿਹੜੀ ਗੱਲ ਏ
ਹਿਟਲਰ ਵੀ
ਮੇਰੇ ਬਾਪ ਦੇ ਖ਼ਿਲਾਫ਼
ਕਵਿਤਾ ਲਿਖ ਲੈਂਦਾ।
ਮਾਂ ਨੇ ਸਹਿਜ ਸੁਭਾਵਕ
ਧੀ ਨੂੰ ਸਮਝਾਇਆ!
ਪੁੱਤਰੀਏ!
ਜੇ ਏਨੇ ਜੋਗਾ ਹੁੰਦਾ
ਤਾਂ ਇਹ ਕਰਤੂਤ ਕਦੇ ਨਾ ਕਰਦਾ।

ਪੁਨਰ ਕਥਨਃ ਗੁਰਭਜਨ ਗਿੱਲ

4 ਅਪਰੈਲ 2023
ਬਾਬਾ ਫ਼ਰੀਦ ਜੀ ਦੇ 850ਵੇਂ ਜਨਮ ਉਤਸਵ ਨੂੰ ਚਿਤਵਦਿਆਂ

ਗ਼ਜ਼ਲ

- ਗੁਰਭਜਨ ਗਿੱਲ



ਪਾਕਿ ਪਟਨ ਮੈਂ ਆ ਨਹੀਂ ਸਕਿਆ ਆਪਣੇ ਪਿੰਡ ਤੋਂ ਜਾਰ ਫ਼ਰੀਦਾ।
ਚੰਗਾ ਕੀਤਾ, ਦਰਸ਼ਨ ਦਿੱਤੇ
ਸਹਿ ਗਿਆ ਰੂਹ ਤੋਂ ਭਾਰ ਫ਼ਰੀਦਾ।

ਅੱਠ ਸਦੀਆਂ ਸੋਂ ਬਾਦ ਅਸੇ ਵੀ
ਮਾਂ ਬੋਲੀ ਗੌਰੀ ਦੀ ਗੌਰੀ,
ਸਾਡੇ ਹਾਕਮ ਨੂੰ ਸਮਝਾਈਂ
ਸੋਚੀਂ ਟੁੱਟੀ ਤਾਰ ਫ਼ਰੀਦਾ।

ਵੇਦ ਕਤੇਬ ਸੁਣਾ ਕੇ ਸਾਨੂੰ,
ਸੈਣ ਪਦਾਰਥ ਸ਼ਰਧਾ ਬਦਲੇ,
ਪੰਡਿਤ ਮੁੱਲਾਂ ਭਾਈਆਂ ਨੂੰ ਕਹਿ,
ਧਰਮ ਨਹੀਂ ਰੁਜ਼ਗਾਰ ਫ਼ਰੀਦਾ।

ਹਾਸ ਕਰਦਿਆਂ ਝੋਕਾਂ ਨੇ ਹੁਣ,
ਸਗਾਰ ਪੁਸਾਰੀ ਕੀਰ ਖਿਡਾਏ,
ਮਰਜਾਦਾ ਤੇ ਸ਼ਰਮ ਵਿਸਾਰੀ,
ਕਰਦੇ ਮਾਰੋ ਮਾਰ ਫ਼ਰੀਦਾ।

ਧਰਮਸਾਲ ਚੋਂ ਧਰਮ ਗੁਆਚਾ,
ਸ਼ਬਦ ਹਨੇਰੇ ਅੰਦਰ ਡੁੱਬਿਆ,
ਸਿਰ ਧੱਯੀ ਦਸਤਾਰ ਪਾਣ ਹੋਈ,
ਚੁੰਨੀ ਤਾਰੋ ਤਾਰ ਫ਼ਰੀਦਾ।

ਸ਼ੱਕਰ ਗੰਜ ਨੂੰ ਮੁਸਲਿਮ ਆਖਣ,
ਮੈਨੂੰ ਸਿੱਖ, ਈਸਾਈ ,ਹਿੰਦੂ,
ਕਿੱਥੇ ਕਿੱਯਰ ਤੁਰ ਪਏ ਸਾਰੇ,
ਇਹ ਮੇਰੇ ਮਨ ਭਾਰ ਫ਼ਰੀਦਾ।

ਤੇਰੇ ਤੋਂ ਦੱਸ ਕਾਹਦਾ ਓਹਲਾ,
ਕੂੜ੍ਹਾ ਫ਼ਦਸ ਫ਼ਿਹਾਸ ਭਰੇ ਹਾਂ,
ਭਟਕਣ ਵਿੱਚ ਹੈ ਏਸੇ ਕਰਕੇ,
ਸਾਡਾ ਦਿਲ -ਦਰਬਾਰ ਫ਼ਰੀਦਾ।

ਤੇਰੀ ਬਖ਼ਸ਼ੀ ਮਿੱਠੀ ਬਾਣੀ,
ਮਾਖਿਉਂ ਹੈ ਫ਼ਿਸਮਾਦ ਸਦੀਵੀ,
ਤਾਂਹੀਉਂ ਹਰ ਪਲ ਤਾਰ ਟੁਣਕਦੀ,
ਰੂਹ ਦੇ ਅੰਦਰਵਾਰ ਫ਼ਰੀਦਾ।

ਬਾਬਾ ! ਤੂੰ ਤੇ ਸ਼ਬਦ ਹਿਮਾਲਾ,
ਪਹਿਲ ਪਸੇਰੀ ਹੂਗੀ ਟੀਸੀ,
ਸਿੱਸੀ ਵਾਰ ਪੜ੍ਹਾਂ ਜਾਂ ਸੁਣਦਾਂ,
ਮੈਂ ਜਾਵਾਂ ਬਲਿਹਾਰ ਫ਼ਰੀਦਾ।

- ਸੰਪਰਕ: 98726 31199



ਸੱਨ੍ਹਿਆਂ ਵਾਲਾ ਬਾਗ ਵਿੱਚ 1919 ਦੀ ਖ਼ੂਨੀ ਵਿਸਾਖੀ ਨੂੰ ਚਿਤਵਦਿਆਂ

ਗ਼ਜ਼ਲ

ਗੁਰਭਜਨ ਗਿੱਲ

ਤੜਪ ਰਿਹੈ ਸੋ ਸਾਲ ਤੋਂ ਮਗਰੋਂ, ਸੱਨ੍ਹਿਆਂ ਵਾਲਾ ਬਾਗ ਅਜੇ ਵੀ।
ਡਾਇਰ ਤੇ ਓਡਵਾਇਰ ਰਲ ਕੇ, ਗਾਉਂਦੇ ਓਹੀ ਰਾਗ ਅਜੇ ਵੀ।

ਆਜ਼ਾਦੀ ਦਾ ਮੁਕਤੀ ਮਾਰਗ, ਹਾਏ ਕਿੰਨੀ ਦੂਰ ਸਵੇਰਾ,
ਥਾਂਥੀ ਵਿੱਚ ਅਣਚੋਪੜ੍ਹੀਆਂ ਤੇ, ਹਾਸ ਅਨੂਠਾ ਸਾਗ ਅਜੇ ਵੀ।

ਸਰਹੱਦਾਂ ਤੇ ਪਹਿਰੇਦਾਰੀ, ਕਰ ਕਰ ਹਾਰੇ ਕੁੱਲ੍ਹੀਆਂ ਢਾਰੇ,
ਸੋਗ ਸੁਨੇਹੇ ਫਿਰਨ ਥਰੇਰੇ, ਕੁਰਲਾਉਂਦਾ ਹੈ ਕਾਗ ਅਜੇ ਵੀ।

ਸੁੱਤਿਆ ਲੋਕਾ ਤੇਰੀ ਗਠੜੀ, ਖੈ ਚੱਲੇ ਨੇ ਚੋਰ, ਮੁਸਾਫ਼ਿਰ,
ਘਰ ਨੂੰ ਸਾਂਭਣ ਖ਼ਾਤਿਰ ਤੈਨੂੰ, ਕਿਉਂ ਨਾ ਆਵੇ ਜਾਗ ਅਜੇ ਵੀ।

ਧਰਮ ਖੇਤ ਦੇ ਅੰਦਰ ਦੱਬੀ, ਸਾਰੀ ਫ਼ਸਲ ਨਦੀਨਾਂ ਮਾਰੀ,
ਮਨ ਮੰਦਿਰ ਵਿੱਚ ਕੁਫ਼ਰ ਪਸਾਰਾ, ਕਹੀਏ ਸੁੱਤੇ ਭਾਗ ਅਜੇ ਵੀ।

ਛੇ ਸਦੀਆਂ ਤੋਂ ਮਗਰੋਂ ਅੱਜ ਵੀ, ਮੇਰੀ ਕੁੱਲ੍ਹੀ ਓਸੇ ਥਾਂ ਤੇ,
ਸਿੱਥੇ ਛੱਡ ਕੇ ਗਿਆ ਕਧੀਰਾ, ਗਸ਼ ਕਟੀਅਨ ਕੇ ਪਾਗ ਅਜੇ ਵੀ।

ਧਨਵੰਤੇ ਪਤਵੰਤੇ ਥਣ ਗਏ, ਰੋਸਣ ਪੱਤ ਸ਼ਮੀਰਾਂ ਥਦਰੇ,
ਗੁਣਵੰਤੇ ਛੱਡ, ਥੋਕਦਰਾਂ ਹੱਥ, ਸਸਿਆਂ ਵਾਸ਼ੀ ਵਾਗ ਅਜੇ ਵੀ।

ਗ਼ਜ਼ਲ ਸੰਗ੍ਰਹਿ "ਹਾਵੀ" ਵਿੱਚੋਂ
ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ,
ਪੰਜਾਬੀ ਭਵਨ , ਲੁਧਿਆਣਾ

ਗੀਤ

ਗੁਰਭਸਰ ਸਿੱਧੂ

ਧਰਤ ਧੋਗਾੜੀ, ਵੇਖ ਪਰਾਈਆਂ, ਚੋਪੜੀਆਂ ਤੇ ਡੁੱਲ੍ਹਿਓ ਨਾ ।
ਆਪਣੀ ਧੌਲੀ, ਆਪਣਾ ਵਿਰਸਾ ਕਦੇ ਪੰਜਾਬੀਓ ਭੁੱਲ੍ਹਿਓ ਨਾ ।

ਪੁੱਤ ਨਾ ਸੌਖੇ ਘਰੋਂ ਤੋਰਨੇ, ਮਾਂ ਕਰਦੀ ਅਰਦਾਸਾਂ ।
ਬਾਬਸ ਵਿਹੜਾ ਸਦਾ ਉਡੀਕੇ ਕਰਿਓ ਪੂਰੀਆਂ ਆਸਾਂ ।
ਸੋਨ ਸੁਨਹਿਰੀ ਠੀਕਰੀਆਂ ਨੂੰ ਵੇਖ ਵੇਖ ਕੇ ਫੁੱਲ੍ਹਿਓ ਨਾ ।
ਆਪਣਾ ਵਿਰਸਾ, ਆਪਣੀ ਧੌਲੀ, ਕਦੇ ਪੰਜਾਬੀਓ ਭੁੱਲ੍ਹਿਓ ਨਾ ।

ਝੋਰੀ, ਵੈਣ, ਸੁਹਾਗ, ਘੋੜੀਆਂ, ਦੁਖ ਸੁਖ ਦੇ ਨੇ ਪਰੀਏ ।
ਮਾਂ ਧੌਲੀ ਨਾ ਘਰ ਚੋਂ ਉੱਸਰੇ, ਸਿੱਥੇ ਮਰਜ਼ੀ ਰਹੀਏ ।
ਸੁੱਚਾ ਰਿਸ਼ਤਾ ਮਾਂ ਸਹਣੀ ਦਾ, ਸੁਪਨੇ ਵਿਚ ਵੀ ਭੁੱਲ੍ਹਿਓ ਨਾ ।
ਆਪਣੀ ਧੌਲੀ, ਆਪਣਾ ਵਿਰਸਾ, ਕਦੇ ਪੰਜਾਬੀਓ ਭੁੱਲ੍ਹਿਓ ਨਾ ।

ਤੱਤੀ ਤਵੀ ਸਾਹੌਰ ਦੀ ਭਾਵੇਂ ਦਿੱਸੀ ਚੱਸਦਾ ਆਰਾ ।
ਸਾਡੇ ਵੱਡਿਆਂ ਦਾ ਸਾਡੇ ਸਿਰ, ਕਰਜ਼ ਪੜ੍ਹਾ ਏ ਭਾਰਾ ।
ਕੱਚੀ ਗਾਡ੍ਹੀ ਚਮਕੌਰ ਦੀ, ਸਾਕਾ ਸਰਹੰਦ ਵਾਲਾ ਭੁੱਲ੍ਹਿਓ ਨਾ ।

ਸਾਹ ਵਾਰ ਕੇ ਸਦੀ ਜੋਧਿਆਂ, ਮਹਿੰਗੇ ਮੁੱਲ ਸਿਰਦਾਰੀ ।
ਸਾਡੇ ਘਰ ਨੂੰ ਸੀਰਾਂ ਕਰ ਗਏ, ਚਾਤਰ ਧੜੇ ਵਪਾਰੀ ।
ਸਾਵਧਾਨ! ਹੁਣ ਫੇਰ ਫਰੰਗੀਆਂ ਵਾਲੀ ਤੱਕੜੀ ਤੁਲ੍ਹਿਓ ਨਾ ।
ਆਪਣੀ ਧੌਲੀ, ਆਪਣਾ ਵਿਰਸਾ, ਵੇਖ ਪੰਜਾਬੀਓ ਭੁੱਲ੍ਹਿਓ ਨਾ।





ਗ਼ਜ਼ਲ

ਗੁਰਭਜਨ ਗਿੱਲ

ਵਕਤ ਸਾਡੇ ਨਾਲ ਕੀਹ ਕਾਰਾ-ਸ਼ੈਤਾਨੀ ਕਰ ਗਿਆ।
ਸਿਖ਼ਰ-ਡੋਡੀ ਤੋੜ ਕੇ ਅੰਗਿਆਰ ਉੱਤੇ ਧਰ ਗਿਆ।

ਮੈਂ ਤਾਂ ਸਿਸਟਮ ਸਰ ਤਰੌਂਕੇ,ਸਮਝ ਕੇ ਸੁੱਚਾ ਗੁਲਾਬ,
ਉਹ ਸਵਾਨੀ ਚੜ੍ਹਦਿਆਂ ਹੀ ਨਾਲ ਸੂਰਾਂ ਭਰ ਗਿਆ।

ਮੈਂ ਤਾਂ ਧਾਤਾਂ ਧਰੂਤ ਪਾਈਆਂ ਪਰ ਤੂਰੀ ਨਾ ਵਾਰਤਾ,
ਏਨੀ ਡੂੰਘੀ ਚੁੱਪ ਦੇ ਸੰਗਮ ‘ਚ ਮੈਂ ਵੀ ਡਰ ਗਿਆ।

ਕੌਡੀਆਂ ਦੀ ਖੇਡ ਵਿੱਚ ਸੇਤੂ ਸਾਂ ਦੋਵੇਂ ਬੇਮਿਸਾਲ,
ਸਾਕ ਜੋ ਦੋਹਾਂ ਵਿਚਾਲੇ ਧਿਰ ਮੁਹੱਬਤ ਮਰ ਗਿਆ।

ਸੇਕ ਤੂੰ ਦਿੱਤਾ,ਫੜ੍ਹਾ ਧਰ ਕੇ ਹੁਣ ਵੀ ਟਸਕਦਾ,
ਵੇਖ ਆ ਕੇ,ਉਸ ਅੰਦਰ ਸ਼ਹਿਰ ਜੋ ਮੈਂ ਧਰ ਗਿਆ।

ਦਰਦ ਸਿਹਾੜੇ ਦੇ ਗਿਆ ਮੈਂ ਸਾਂਭ ਵੇਲੇ ਤੂੰ ਸੌਗਾਤ,
ਉਸ ਪ੍ਰੀਤੀ ਦੇ ਸਹਾਰੇ, ਸੋਹਿ ਧਿਰਾ ਵੀ ਸਰ ਗਿਆ।

ਏਸ ਦੀ ਧੁੱਕਣ ਚ ਮੈਂ ਤਾਂ,ਅੱਜ ਵੀ ਮਹਿਫ਼ੂਜ਼ ਹਾਂ,
ਥਿੜਕਦੇ ਨੂੰ ਧੋਚਦੈ ਇਹ,ਡੋਲਦਾ ਸਦ ਘਰ ਗਿਆ।



ਘਰ ਵਿੱਚ ਬੰਦ ਹਾਂ, ਸੋਚ ਰਿਹਾ ਹਾਂ, ਕੰਧ ਤੇ ਲਿਖਿਆ ਕਦੋਂ ਪੜ੍ਹਾਂਗੇ।
ਲਿਖੇ ਲਿਖਾਏ ਸਬਕ ਸੁਹਣਿਆਂ, ਵਾਗ ਸਮੇਂ ਦੀ ਕਿੰਜ ਫੜ੍ਹਾਂਗੇ।

ਕੱਚੀ ਮਿੱਟੀ ਗੁੰਨ੍ਹ ਕੇ ਮਗਰੋਂ,ਮਨ ਭਾਉਂਦਾ ਸੰਸਾਰ ਸਿਰਜ ਕੇ,
ਭੱਠੇ ਦੀ ਅੱਗ ਦੇ ਵਿੱਚ ਆਪਣਾ, ਮਨ ਚਾਹਿਆ ਆਕਾਰ ਘੜ੍ਹਾਂਗੇ।

ਜ਼ਿੰਦਗੀ ਭਾਵੇਂ ਦੁਸ਼ਮਣ ਲੱਖਾਂ, ਇਸ ਨੂੰ ਸਦਾ ਸਨਮਤ ਰੱਖਾਂ,
ਲੱਖੀ ਜੰਗਲ ਮੇਰੇ ਅੰਗ ਸੰਗ, ਵੈਰੀ ਸਨਮੁਖ ਢੇਰ ਖੜ੍ਹਾਂਗੇ।


ਨਸਨਪ੍ਰਸਤੇ, ਕੁਰਸੀ ਖ਼ਾਤਰ ਵੇਚ ਰਹੇ ਜੋ ਵਤਨਪ੍ਰਸਤੀ,
ਧਰਤੀ ਦੇ ਰਖਵਾਲੇ ਬਣ ਕੇ ਹਰ ਵਾਇਰਸ ਦੇ ਨਾਲ ਲੜ੍ਹਾਂਗੇ।

ਮੇਰੇ ਸੰਗ ਇਤਿਹਾਸ ਤੁਰੇਗਾ, ਗਾਜਗੁਰੂ, ਸੁਖਦੇਵ,ਭਗਤ ਸਿੰਘ,
ਦੁਸ਼ਮਣ ਦੀ ਛਾਤੀ ਵਿੱਚ ਕਿੱਲਾਂ, ਇੱਕ ਸਾਹ ਹੋ ਕੇ ਢੇਰ ਸੜ੍ਹਾਂਗੇ।

ਦੂਜੇ ਦੇ ਘਰ ਅੱਗ ਧਰਮਤਰ,ਆਖਣ ਵਾਲੇ ਹੋਰ ਹੋਣਗੇ,
ਜੋ ਨਾ ਧਰਤੀ ਅਗਨ ਧੁਖਾਈ,ਆਪਾਂ ਇਸ ਵਿੱਚ ਆਪ ਸੜ੍ਹਾਂਗੇ।

ਹਰ ਮੁਸ਼ਕਿਲ ਦਾ ਹੱਲ ਹੁੰਦਾ ਹੈ,ਅੱਜ ਨਹੀਂ ਤਾਂ ਕੱਲ੍ਹ ਹੋਵੇਗਾ,
ਧਰਿ ਨਾ ਜਾਇਉ, ਤੁਰਦੇ ਰਹਿਣਾ, ਹਰ ਚੋਟੀ ਦੇ ਆਪ ਚੜ੍ਹਾਂਗੇ।

ਸੰਪਰਕ: 98726 31199



ਗ਼ਾਸ਼ਏ

ਗੁਰਭਸਾਸ ਭਿੱਏ

ਦੀਸ। ਕਾਂਗੜ੍ਹ ਵਿਚ ਧਓ ਸਿਖਿਆ, ਕੀਹ ਐਸਾ ਪਰਵਾਨੇ ਤੇ।
ਔਰੰਗਸ਼ੇਧ ਤੜ੍ਹਿਆ ਪਢ੍ਹ ਕੇ, ਝੱਗਿਆ ਤੀਰ ਨਿਸ਼ਾਨੇ ਤੇ।

ਖਿਦਰਾਏ ਦੀ ਢਾਧ ਨੂੰ ਸਾਂਦਾ, ਮਾਰਗ ਅੱਸ ਕਿਉਂ ਖਾਸ਼ੀ ਹੈ,
ਪੁੱਤਰ ਧੀਆਂ ਪਢ੍ਹਦੇ ਕਿਉਂ ਨਹੀਂ, ਕੀਹ ਸਿਖਿਆ ਅਫ਼ਸਾਨੇ ਤੇ।

ਵੇਸ ਧਰਮ ਦੀ ਸੂਹੇ ਪੱਤੇ, ਸੁੱਕਦੇ ਸਾਂਦੇ ਧਿਰਖ਼ ਕਿਉਂ,
ਅਮਰ-ਵੇਸ ਕਿਉਂ ਚੜ੍ਹਦੀ ਸਾਂਦੀ, ਰੰਗ ਰੱਤੜੇ ਮਸਤਾਨੇ ਤੇ।

ਚਾਸ਼ੀ ਸਿੰਘ ਤੇ ਮੁਕਤੀ ਪਾ ਗਏ, ਧੈਦਾਵੇ ਤੇ ਸ਼ੀਕ ਫਿਰੀ,
ਰਵਣ੍ਹਮੀ ਵਿਚ ਸ਼ੋ ਨਾ ਪਹੁੰਚਾ, ਗੁਸ਼ਰੀ ਕੀਹ ਦੀਵਾਨੇ ਤੇ।

ਸ਼ਸ਼ਮਾਂਦਾਨ ਵਿਚ ਤੇਸ਼ ਨਾ ਧੌਂਤੀ, ਚਾਰ ਚੁਫ਼ੇਰ ਹਨ੍ਹੇਰ ਸਿਹਾ,
ਸ਼ਾਟ ਗਵਾਚੀ ਵੇਖੀ ਸਦ ਉਸ ਧੀਤੀ ਕੀਹ ਪੂਵਾਨੇ ਤੇ।

ਆਪ ਅਸੇ ਸ਼ੋ ਕਦਮ ਨਾ ਤੁਰਿਆ, ਸਫ਼ਰ ਮੁਕਾਉਂਦਾ ਉਸ ਨੇ ਕੀਹ
ਸ਼ੀਸ਼ ਵਿਚ ਨਾ ਚਿਹਰਾ ਵੇਖ, ਸ਼ਿਕਵਾ ਕਰ ਸ਼ਮਾਨੇ ਤੇ।

ਸ਼ੋਰਾਵਰ ਦਾ ਸੱਤੀਂ ਵੀਹੀਂ, ਸਿਰਫ਼ ਸੌਂਕੜ੍ਹਾ ਅੱਸ ਵੀ ਹੈ,
ਧਰਮ ਨਿਤਾਹਾ ਅੱਸ ਕਿਉਂ ਰੁਲਦਾ, ਫਿਕਦਾ ਆਸੇ ਆਸੇ ਤੇ।

ਗ਼ਾਜ਼ਲ

ਪਾਕਿ ਪਟਨ ਮੈਂ ਆ ਨਹੀਂ ਸਕਿਆ ਆਪਣੇ ਪਿੰਡ ਤੋਂ ਯਾਰ ਫ਼ਰੀਦਾ।
ਚੰਗਾ ਕੀਤਾ, ਦਰਸ਼ਨ ਦਿੱਤੇ ਲਹਿ ਗਿਆ ਰੂਹ ਤੋਂ ਭਾਰ ਫ਼ਰੀਦਾ।

ਅੱਠ ਸਦੀਆਂ ਸੋਂ ਬਾਦ ਅਜੇ ਵੀ ਮਾਂ ਬੋਲੀ ਗੋਲੀ ਦੀ ਗੋਲੀ,
ਸਾਡੇ ਹਾਕਮ ਨੂੰ ਸਮਝਾਈਂ ਜੋੜੀਂ ਟੁੱਟੀ ਤਾਰ ਫ਼ਰੀਦਾ।

ਵੇਦ ਕਤੇਬ ਸੁਣਾ ਕੇ ਸਾਨੂੰ, ਲੈਣ ਪਦਾਰਥ ਸ਼ਰਧਾ ਬਦਲੇ,
ਪੰਡਿਤ ਮੁੱਲਾਂ ਭਾਈਆਂ ਨੂੰ ਕਹਿ, ਧਰਮ ਨਹੀਂ ਰੁਜ਼ਗਾਰ ਫ਼ਰੀਦਾ।

ਰਾਜ ਕਰਦਿਆਂ ਲੋਕਾਂ ਨੇ ਹੁਣ,ਸਗਲ ਪੁਜਾਰੀ ਕੀਲ ਬਿਠਾਏ,
ਮਰਯਾਦਾ ਤੇ ਸ਼ਰਮ ਵਿਸਾਰੀ, ਕਰਦੇ ਮਾਰੋ ਮਾਰ ਫ਼ਰੀਦਾ।

ਧਰਮਸਾਲ ਚੋਂ ਧਰਮ ਗੁਆਚਾ, ਸ਼ਬਦ ਹਨ੍ਹੇਰੇ ਅੰਦਰ ਡੁੱਬਿਆ,
ਸਿਰ ਬੱਧੀ ਦਸਤਾਰ ਪਾਟ ਹਈ, ਚੁੰਨੀ ਤਾਰੋ ਤਾਰ ਫ਼ਰੀਦਾ।

ਸ਼ੱਕਰ ਗੰਜ ਨੂੰ ਮੁਸਲਿਮ ਆਖਣ,ਮੈਨੂੰ ਸਿੱਖ, ਈਸਾਈ ,ਹਿੰਦੂ,
ਕਿੱਥੋਂ ਕਿੱਧਰ ਤੁਰ ਪਏ ਸਾਰੇ,ਇਹ ਮੇਰੇ ਮਨ ਭਾਰ ਫ਼ਰੀਦਾ।

ਤੇਰੇ ਤੋਂ ਦੱਸ ਕਾਹਦਾ ਓਹਲਾ, ਕੂੜਾ ਵਣਜ ਵਿਹਾਜ ਰਹੇ ਹਾਂ,
ਭਟਕਣ ਵਿੱਚ ਹੈ ਏਸੇ ਕਰਕੇ, ਸਾਡਾ ਦਿਲ -ਦਰਬਾਰ ਫ਼ਰੀਦਾ।

ਤੇਰੀ ਬਖ਼ਸ਼ੀ ਮਿੱਠੀ ਬਾਣੀ, ਮਾਖਿਉਂ ਹੈ ਵਿਸਮਾਦ ਸਦੀਵੀ,
ਤਾਂਹੀਉਂ ਹਰ ਪਲ ਤਾਰ ਟੁਣਕਦੀ, ਰੂਹ ਦੇ ਅੰਦਰਵਾਰ ਫ਼ਰੀਦਾ।

ਬਾਬਾ ! ਤੂੰ ਤੇ ਸ਼ਬਦ ਹਿਮਾਲਾ, ਪਹਿਲ ਪਲੇਠੀ ਨੂਰੀ ਟੀਸੀ,
ਜਿੰਨੀ ਵਾਰ ਪੜ੍ਹਾਂ ਜਾਂ ਸੁਣਦਾਂ, ਮੈਂ ਜਾਵਾਂ ਬਲਿਹਾਰ ਫ਼ਰੀਦਾ।



-ਗੁਰਭਜਨ ਗਿੱਲ (ਪ੍ਰੋ:)

.ਗਜ਼ਲ

ਗੁਰਭਜਨ ਗਿੱਲ



ਸਦੀਆਂ ਤੋਂ ਹੀ ਲੋਕ ਵਿਚਾਰੇ, ਮੁਕਤੀ ਖ਼ਾਤਰ ਸੋਚ ਰਹੇ ਨੇ ।
ਚਤੁਰ ਸ਼ਿਕਾਰੀ ਰੀਝਾਂ ਸੁਪਨੇ, ਨਾਲੋ ਨਾਲ ਦਬੋਚ ਰਹੇ ਨੇ ।

ਸਾਡੇ ਬੱਚਿਆਂ ਦੇ ਮੱਥਿਆਂ ਤੇ, ਖ਼ੁਰਚਣਗੇ ਹੁਣ ਏ. ਬੀ. ਸੀ. ਡੀ.,
ਊੜੇ ਐੜੇ ਵਾਲੀ ਤਖ਼ਤੀ ਗੂੜ੍ਹ-ਗਿਆਨੀ ਪੋਚ ਰਹੇ ਨੇ ।

ਹੇ ਗੁਰੂਦੇਵ ਸੁਮੱਤਿਆ ਬਖ਼ਸ਼ੀਂ, ਲਾਡਲਿਆਂ ਨੂੰ ਰਾਹ ਪਾਵੀਂ, ਜੋ,
ਬਾਜ਼ਾਂ ਦੀ ਧਿਰ ਪਾਲ ਰਹੇ ਨੇ, ਚਿੜੀਆਂ ਦੇ ਖੰਭ ਨੋਚ ਰਹੇ ਨੇ ।

ਹਰ ਯੁਗ ਵਿੱਚ, ਵਣਜਾਰਿਆਂ ਹੱਥੋਂ, ਸੱਸੀ ਨੇ ਤਾਂ ਮਰਨਾ ਹੀ ਸੀ,
ਕਿੱਦਾਂ ਤੋੜ ਮੁਹੱਬਤ ਚੜ੍ਹਦੀ, ਜਿਸ ਦੇ ਯਾਰ ਬਲੋਚ ਰਹੇ ਨੇ ।

ਫ਼ੇਰ ਚੌਰਾਸੀ ਚੇਤੇ ਕਰਕੇ, ਚੋਣ ਬੁਖ਼ਾਰ ਦੇ ਮੌਸਮ ਅੰਦਰ,
ਕੁਰਸੀ ਖ਼ਾਤਰ ਨਾਰਦ ਟੋਲੇ, ਮੁੜ ਕੇ ਜ਼ਖ਼ਮ ਖ਼ਰੋਚ ਰਹੇ ਨੇ ।

ਬੇ-ਇਖ਼ਲਾਕੇ ਨਾਚ ਨਚਾਉਂਦੇ, ਮਾਣ ਮਰਤਬੇ ਕਲਗੀ ਖ਼ਾਤਰ,
ਕਿਹੜੇ ਲੋਕੀਂ, ਆਪ ਸਮਝ ਲਉ, ਮੇਵੇ ਮੇਵੇ ਬੋਚ ਰਹੇ ਨੇ ।

ਰਾਤ ਹਨ੍ਹੇਰੀ ਅੰਦਰ ਜੁਗਨੂੰ, ਜਗਦੇ ਨੇ, ਪਰ ਦਿਸਦੇ ਕਿਉਂ ਨਾ,
ਬੰਦ ਕਮਰੇ ਦੇ ਕੈਦੀ ਹੋਏ, ਉੱਡਣੇ ਪੁੱਡਣੇ ਸੋਚ ਰਹੇ ਨੇ।

ਗ਼ਜ਼ਲ

ਦਾਸ ਕਬੀਰ ਦੀ ਝੁੱਗੀ ਹੈ ਕਿਉਂ
ਗਲ ਕਟੀਅਨ ਦੇ ਪਾਸ ਅਜੇ ਵੀ ।
ਛੇ ਸਦੀਆਂ ਦਾ ਪਹੀਆ ਘੁੰਮਿਆ ਬਦਲਣ ਦੀ ਨਾ ਆਸ ਅਜੇ ਵੀ ।

ਏਕ ਨੂਰ ਤੇ ਸਭ ਜਗ ਉਪਜੇ, ਗਾਉਂਦੇ ਹਾਂ, ਪਰ ਮੰਨਦੇ ਨਹੀਂਉਂ,
ਲਿੱਸਿਆਂ ਨੂੰ ਤਾਂ ਲੈਣੇ ਪੈਂਦੇ, ਪੁੱਛ ਪੁੱਛ ਕੇ ਕਿਉਂ ਸਵਾਸ ਅਜੇ ਵੀ ।

ਰਾਜਭਾਗ ਦੀ ਅਰਦਲ ਅੰਦਰ ਗੁਣਵੰਤੇ ਕਿਉਂ ਚੌਰ ਝੁਲਾਉਂਦੇ,
ਹਰ ਅਰਜ਼ੀ ਤੇ ਕਿਉਂ ਲਿਖਦੇ ਨੇ, ਆਗਿਆਕਾਰੀ ਦਾਸ ਅਜੇ ਵੀ ।

ਬੰਧਨ ਮੁਕਤ ਬਣਾਇਆ ਸੀ ਤੂੰ, ਸੌ ਫੁੱਲਾਂ ਨੂੰ ਖਿੜਨ ਸਿਖਾਇਆ,
ਖ਼ੁਸ਼ਬੋਈਆਂ ਨੂੰ ਘਰ ਨਹੀਂ ਮਿਲਿਆ, ਭੋਗਦੀਆਂ ਬਨਵਾਸ ਅਜੇ ਵੀ ।

ਮੇਰੇ ਅੰਦਰ ਕੁਝ ਨਹੀਂ ਮੇਰਾ, ਸਭ ਕੁਝ ਤੇਰਾ, ਫਿਰ ਕਿਉਂ ਹੋਵੇ,
ਤੇਰੀ ਨਜ਼ਰ ਸਵੱਲੀ ਅੰਦਰ, ਧਨਵੰਤਾ ਹੀ ਖ਼ਾਸ ਅਜੇ ਵੀ ।

ਤਰਸ ਦਾ ਪਾਤਰ ਗਿਆਨਵੰਤੀਆ, ਲੁਕਦਾ ਫਿਰਦਾ ਚਾਨਣ ਕੋਲੋਂ,
ਕਾਲਖ਼ ਦੀ ਸਰਦਾਰੀ ਥੱਲੇ, ਤੜਫ਼ ਰਿਹਾ ਇਤਿਹਾਸ ਅਜੇ ਵੀ ।

ਤਾਣਾ ਤਣਿਆ ਸ਼ਬਦ ਸੁਨਹਿਰੀ, ਜਿਸਦੀ ਖ਼ਾਤਰ ਦਾਸ ਕਬੀਰਾ,
ਕਰਮਭੂਮ ਵਿੱਚ ਫਿਰੇ ਗਵਾਚਾ, ਤੇਰਾ ਬਚਨ ਬਿਲਾਸ ਅਜੇ ਵੀ।

ਇੰਦਰਜੀਤ ਸਿੰਘ ਮੁੱਲਾਂਪੁਰ
ਕਨੇਡਾ
ਦੇਸ਼ ਵਿਦੇਸ਼ ਟਾਇਮਜ਼
ਲੋਕਾਂ ਦੀਆਂ ਗੱਲਾਂ...ਲੋਕਾਂ ਤੱਕ




ਲੇਖਕ
ਗੁਰਭਜਨ ਗਿੱਲ

‘ਦੇਸ਼ ਵਿਦੇਸ਼ ਟਾਇਮਜ਼ ਕਨੇਡਾ’ ‘ਚ ਆਪਣੀਆਂ ਰਚਨਾਵਾਂ ਛਪਵਾਉਣ ਲਈ +91 95017-05686 ‘ਤੇ ਭੇਜੋ।

ਦੁੱਲਾ ਨਹੀਂ ਆਇਆ

ਅਜੇ ਵੀ ਦੁੱਲਾ ਵੀਰ
ਉਡੀਕਦੀ ਹੈ
ਲਿੱਸੇ ਘਰ ਦੀ ਧੀ ਸੁੰਦਰੀ।
ਸੋਚਦੀ ਹੈ
ਦੁੱਲਾ ਵੀਰ ਆਏਗਾ
ਮੁਗਲਾਂ ਤੋਂ ਛੁਡਾਏਗਾ।
ਤੰਦਾਤੀਰੀ ਝੋਲੀ ਵਿੱਚ
ਸੇਰ ਸ਼ੱਕਰ ਪਾਵੇਗਾ।
ਪਾਟਿਆ ਹੋਇਆ ਸੂਹਾ ਸਾਲੂ
ਸਿਰ ਤੇ ਟਿਕਾਏਗਾ।
ਡੋਲੀ ਚ ਬਿਠਾਏਗਾ।
ਘਰੋਂ ਬਾਹਰ ਘੋਟਿਆਂ ਦੇ ਸੁੰਮਾਂ ਦੀਆਂ
ਟਾਪਾਂ ਦੀ ਆਵਾਜ਼ ਨਹੀਂ
ਹੂਟਰ ਵੱਜਦੇ ਨੇ
ਦੁੱਲਾ ਨਹੀਂ, ਵੋਟਾਂ ਵਾਲੇ ਆਏ ਨੇ।
ਤੁਰਕਾਂ ਮੰਗੋਲਾਂ
ਅਬਦਾਲੀਆਂ ਦੇ ਵਾਂਗ ਹੀ
ਲੱਗਦਾ ਏ ਸਾਰੇ
ਕਿਸੇ ਹੋਰ ਦੇਸੋਂ ਆਏ ਨੇ।
ਪਰ ਸਾਂਦਲਬਾਰ ਦਾ ਜਾਇਆ
ਦੁੱਲਾ ਨਹੀਂ ਆਇਆ।





ਗੁਰਭਜਨ ਗਿੱਲ

ਤਾਰਿਆਂ ਦੇ ਨਾਲ ਐਵੇਂ ਜ਼ਿਦ ਨਹੀਂ ਪੁਗਾਈਦੀ।
ਅੰਬਰਾਂ 'ਤੇ ਏਨੀ ਉੱਚੀ ਪੀਂਘ ਨਹੀਂ ਚੜ੍ਹਾਈਦੀ।

theimperialpoet

ਦੂਰ ਦੂਰ ਬੈਠਣਾ ਤੇ ਚੁੱਪ ਰਹਿਣਾ ਠੀਕ ਨਾ,
ਲੱਸੀ ਤੇ ਲੜਾਈ ਐਵੇਂ ਬਹੁਤੀ ਨਹੀਂ ਵਧਾਈਦੀ।



ਦਿਲ ਦੀ ਆਵਾਜ਼ ਪਰਵਾਜ਼ ਆਪੇ ਕਰਦੀ,
ਹੌਕਿਆਂ ਦੀ ਬਾਤ ਦੂਜੇ ਕੰਨ ਨਹੀਂ ਸੁਣਾਈਦੀ।

ਖ਼ੁਸ਼ੀਆਂ ਨੂੰ ਵੰਡਣਾ ਜੇ ਸਿੱਖ ਲਵੇ ਆਦਮੀ,
ਲੰਮੀ ਨਹੀਂਉਂ ਹੁੰਦੀ ਕਦੇ ਰਾਤ ਵੀ ਜੁਦਾਈ ਦੀ।

ਗੁਰਭਜਨ ਗਿੱਲ

ਰੂਹ ਦੇ ਉੱਤੇ ਭਾਰ ਕਿਉਂ ਪਹਾੜ ਜਿੱਡਾ ਰੱਖਿਆ,
ਤਿਤਲੀ ਮਾਸੂਮ ਕਦੇ ਪਿੰਜਰੇ ਨਹੀਂ ਪਾਈਦੀ।



ਗ਼ਜ਼ਲ

ਗੁਰਭਜਨ ਗਿੱਲ

ਸਦੀਆਂ ਝੰਮਾ ਸਫ਼ਰ ਮੁਕਾ ਕੇ ਮੇਰੇ ਹੱਥ ਅਜੇ ਵੀ ਕੜੀਆਂ।
ਧਰਤੀ ਦੀ ਧੀ [redacted] ਪੁੱਛਦੀ ਸਾਥੋਂ ਕਿਹੜੇ ਕੰਮ ਕਿਤਾਬਾਂ ਪੜ੍ਹੀਆਂ।

ਮੇਰੀ ਇੱਕ ਤਸਵੀਰ ਤੁਹਾਡੇ ਹੱਥਾਂ ਦੇ ਵਿੱਚ ਆ ਗਈ ਕਿਤਿਓਂ,
ਮੇਰੇ ਸਹੀਆਂ ਸੰਗਸ਼ ਧੱਯੀਆਂ ਹਰ ਧਰਤੀ ਤੇ ਧੀਆਂ ਧੜ੍ਹੀਆਂ।

ਮੈਂ ਅਰਧਾਂਗਣ, ਸਦੀਆਂ ਸਗਰੋਂ ਹਾਸ਼ੇ ਤੱਕ ਸੰਪੂਰਨ ਨਹੀਂਓਂ,
ਅਗਨੀ ਪਰਖ਼, ਤਪੱਸਿਆ ਮੇਰੀਆਂ ਰਿਹ ਫ਼ਸੀਆਂ ਨੇ ਤੋੜ ਨਾ ਚੜ੍ਹੀਆਂ।

ਕਹਿਰ ਖ਼ੁਦਾਇਆ, ਸ਼ੁਸ਼ਮ ਤੇਰੇ ਦੀ ਹਾਸ਼ੇ ਤੀਕ ਅਖ਼ੀਰ ਨ ਹੋਈ,
ਆਦਮ ਨਸਸ਼ ਦੀਆਂ ਨੇ ਸਿਰਜਕ ਪਤੀ ਦੇਵ ਦੇ ਧੂਹੇ ਖੜ੍ਹੀਆਂ।

ਹਰ ਧਰਤੀ ਤੇ ਹਰ ਜੁਗ ਅੰਦਰ ਮਾਂ ਮੰਗਦੀ ਨਾ ਧੀ ਦੇ ਜੋਟੇ,
ਮੰਗਦੀਆਂ ਨੇ ਉਹ ਵੀ ਮੰਗਣ ਮੰਗਦੀਆਂ ਝਾਂਸਾਂ ਦੀਆਂ ਝੜ੍ਹੀਆਂ।

ਸੀਂਦੇ ਸ਼ਿਸ ਇਤਸਾਸ ਦੀ ਕੀਸਤ ,ਟੁੱਟੀ ਕੌਡੀ ਵੀ ਨਾ ਮੰਨੀ,
ਥੋਹਿੰਮਤੇ ਕੀਹ ਕਰਦੇ ਸਗਰੋਂ ਸਾਖੀ ਘੜ੍ਹ ਕੇ ਪੂਜਣ ਸਭ੍ਹੀਆਂ।

ਨਸਸਕੁਸ਼ੀ ਦੇ ਸਾਰਗਪੰਥੀ ਕਹਿੰਦੇ ਨੇ ਪਰ ਮੰਨਦੇ ਨਹੀਂਓਂ,
ਧਰਤੀ ਧਰਮ ਗੁਆ ਕੇ ਆਪਣਾ ਹੁਣ ਇਹ ਫੋਜਾਂ ਕਿੱਧਰ ਚੜ੍ਹੀਆਂ।
🌍

ਗ਼ਜ਼ਲ

ਗੁਰਭਜਨ ਗਿੱਲ

ਜ਼ਿੰਦਗੀ ਨਾ ਰੰਗਾਂ ਦੀ ਗੁਲਾਮ ਮੇਰੇ ਮਿੱਤਰਾ ਓ, ਜ਼ਿੰਦਗੀ ਨਾ ਰੰਗਾਂ ਦੀ ਗੁਲਾਮ।
ਕਿਸੇ ਨੂੰ ਸਵੇਰ ਪਹਿਰ ਨੇਰ੍ਹ ਚੰਗਾ ਲੱਗਦਾ ਏ, ਕਿਸੇ ਨੂੰ ਸੰਧੂਰੀ ਹੋਈ ਸ਼ਾਮ।

ਕੱਚਿਆਂ ਘਰੇਲਿਆਂ ਨੂੰ ਪੋਚ ਪੋਚ ਰੱਖਦੇ ਹਾਂ, ਜਿਥੇ ਧਰਿੰਦੇ ਪੁੱਗੀਆਂ ਤੇ ਸੋਹ,
ਪੱਕਿਆਂ ਮਕਾਨਾਂ ਵਾਸ੍ਤੇ ਕੱਚ ਟੋਟੇ ਗੱਡਦੇ ਨੇ, ਪੰਛੀ ਕਿੱਥੇ ਕਰਨ ਆਰਾਮ?

ਚਿਹਰੇ ਨੂੰ ਸ਼ਿੰਗਾਰਦੇ ਹਾਂ, ਸ਼ੀਸ਼ੇ ਨੂੰ ਨਿਹਾਰਦੇ ਹਾਂ, ਦਿਲ ਵਿਚ ਕਈ-ਕਈ ਵਾਰ,
ਇਹਦੇ ਵਿਚੋਂ ਖੱਭਦੇ ਹਾਂ, ਗੁੰਮੇ ਹੋਏ ਮੁਹਾਂਦਰੇ ਨੂੰ, ਖੈ ਕੇ ਸਦਾ ਵੱਖ-ਵੱਖ ਨਾਮ।

ਜਿੰਨ੍ਹਾਂ ਕਦੇ ਜ਼ਿੰਦਗੀ 'ਚ ਨੇਰ੍ਹ ਕਦੇ ਵੇਖਿਆ ਨਾ, ਚੰਨ ਦੀ ਕੀ ਉਨ੍ਹਾਂ ਨੂੰ ਪਛਾਣ,
ਨੇਰ੍ਹੇ ਦੀ ਕਿਤਾਬ ਹੀ ਸਿਖਾਵੇ ਤੇ ਪੜ੍ਹਾਵੇ ਸਾਨੂੰ ਹਾਵਵਾਂ ਨੂੰ ਮਾਰੇ ਕਿਵੇਂ ਹਾਮ।

ਜ਼ਿੰਦਗੀ ਦੇ ਰਵ ਵਿਚ ਸ੍ਰੁਸ਼ਟੇ ਸੁਸ਼ਾਂਤ ਸਦਾ, ਸਦੀਆਂ ਦੀ ਰੀਤ ਨੂੰ ਤੂੰ ਜਾਣ,
ਮਨ ਵਾਸੀ ਨਗਰੀ 'ਚ ਚਾਨਣੇ ਦਾ ਵਾਸ ਰੱਖ, ਦੂਰੋਂ ਕਰ 'ਨੇਰ੍ਹ ਨੂੰ ਸਲਾਮ।

ਜਾਮਨੀ, ਗੁਲਾਬੀ, ਨੀਲੇ, ਪੀਲੇ ਤੇ ਧਰੰਭਰੀ ਜੋ, ਯਾਰੀ ਦਾ ਪਸਾਰ ਬੇਸੁਮਾਰ,
ਰੰਗਾਂ ਦੀ ਸਲਾਮਤੀ ਲਈ ਜਾਗੀਏ ਜਗਾਈਏ ਲੋਕ, ਹੋਏ ਪ੍ਰਮਾਣੂ ਬੇਹਗਾਮ।

ਯ਼ਾਸ਼ਸ

- ਯੁਰਭਸਸਨ ਯਿੱਸ

ਸਰਦ ਸਿਆਸ ਤਰੇਸ਼ 'ਚ ਭਿੱਸੀਆਂ ਸ਼ਿ਼ ਸ਼ਿ਼ ਸਾਇ ਯੁਸਾਧੀ ਪੱਤੀਆਂ ।
ਹੋਰ ਘਸ਼ੀ ਤੱਕ ਸੂਰਸ ਚਢ਼ਿਆਂ ਟਠਿਕਣੀਆਂ ਇਹ ਮਾਇ 'ਚ ਮੱਤੀਆਂ ।

ਧਰਤ ਫ਼ਿਸ਼ਾਸ ਧਗੀਚਾ ਇਸ ਫ਼ਿੱਚ ,ਈਨ ਸੁਈਨੇ ਟੁੱਸ ਤੇ ਕੰਡੇ,
ਧਿਨ ਥੰਮਾਂ ਤੋਂ ਗਗਨ ਖਸ਼ੋਤਾ, ਡਰਦੇ ਝੋਕਾਂ ਕੰਧਾਂ ਛੱਤੀਆਂ ।

ਚਾਰ ਚੁਫ਼ੇਰ ਹਨ੍ਹੇਰਾ ਤੇਰੇ, ਠੇਡੇ ਖਾ ਖਾ ਮਰ ਚੱਲਿਆ ਏਂ,
ਫ਼ਿੱਚ ਦਫ਼ਾਖੀਂ ਦੀਫ਼ੇ ਧਰ ਦੇ, ਤੂੰ ਵੀ ਯਾਰ ਸ਼ਰਾ ਦੇ ਧੱਤੀਆਂ ।

ਸਫ਼ਰ ਅਸੇ ਵੀ ਝੰਮ ਸਝੰਮਾ, ਕੋਹ ਨਾ ਤੁਰੀ ਤਿਹਾਈ ਧਾਧਾ,
ਸਿੰਦਸ਼ੀਏ ਕਿਓਂ ਧਹਿ ਚੱਸੀ ਏਂ, ਹਾਸੇ ਨਾ ਪੰਸ ਪ੍ਰਾਹੀਆਂ ਕੱਤੀਆਂ ।

ਧਰਤ ਪਰੇਤੀ ਸਾਇਆਂ ਮੱਸ਼ੀ, ਸ਼ਰ ਸ਼ਰਵਾਏ ਤਾਂਡਵ ਕਰਦੇ,
ਸਰਮਾਏ ਦੇ ਝੰਗਸ਼ ਫ਼ੈਸੇ, ਵਗਵ ਤਦੇ ਹੀ ਪੌਵਾਂ ਤੱਤੀਆਂ ।

ਸਮੇਂ ਸਮੇਂ ਦੀ ਧਾਤ ਪਿਆਰੇ, ਰੁਸ਼ਵ ਧਾਦਸ਼ਾਹ, ਧੋਗਸ, ਯੱਕੇ,
ਫਿਰਨ ਸਿਕੰਦਰ ਵਾਂਗੂੰ ਸੋਤੂ, ਦੁੱਕੀਆਂ ਤਿੱਕੀਆਂ, ਪੰਸੀਆਂ ਸੱਤੀਆਂ ।

ਕੰਡਿਆਂ ਨੇ ਸ਼ਖ਼ਮਾਏ ਸੁਪਨੇ, ਟੁੱਸਾਂ ਨਾਸ ਕਸੋਸ ਕਰਦਿਆਂ,
ਸ਼ਖ਼ਮੀ ਰੀਸ਼ਾਂ ਦੇ ਪੰਖੇਰੂ, ਅੱਡੀਆਂ ਤਸੀਆਂ ਸੂਹੀਆਂ ਰੱਤੀਆਂ।

ਕਾਵਿ ਸਾਂਝਾਂ

ਬਾਨੀ ਸੰਸਥਾਪਕ :
ਸ: ਪ੍ਰਿਥੀਪਾਲ ਸਿੰਘ ਅਠੌਲਾ

ਮੁੱਖ ਸੰਚਾਲਕ :
ਸ਼ੈਲਿੰਦਰਜੀਤ ਸਿੰਘ ਰਾਜਨ
98157-69164

ਸੀ: ਨੰ: 195

ਮਿਤੀ 31 ਦਸੰਬਰ 2023
ਦਿਨ ਐਤਵਾਰ

ਕੌਮੀ ਸਵਤੰਤਰ

.ਗ਼ਜ਼ਲ

ਸਰਦ ਸਿਆਲ ਤਰੇਲ 'ਚ ਭਿੱਜੀਆਂ ਲਿਫ਼-ਲਿਫ਼ ਜਾਣ ਗੁਲਾਬੀ ਪੱਤੀਆਂ ।
ਹੋਰ ਘੜੀ ਤੱਕ ਸੂਰਜ ਚੜ੍ਹਿਆਂ ਟਹਿਕਣੀਆਂ ਇਹ ਮਾਣ 'ਚ ਮੱਤੀਆਂ ।

ਧਰਤ ਵਿਸ਼ਾਲ ਬਗੀਚਾ ਇਸ ਵਿੱਚ ,ਵੰਨ ਸੁਵੰਨੇ ਫੁੱਲ ਤੇ ਕੰਡੇ,
ਬਿਨ ਥੰਮਾਂ ਤੋਂ ਗਗਨ ਖਲੋਤਾ, ਡਰਦੇ ਲੋਕਾਂ ਕੰਧਾਂ ਛੱਤੀਆਂ ।

ਚਾਰ ਚੁਫ਼ੇਰ ਹਨ੍ਹੇਰਾ ਤੇਰੇ, ਠੇਡੇ ਖਾ ਖਾ ਮਰ ਚੱਲਿਆ ਏਂ,
ਵਿੱਚ ਦਵਾਖੀਂ ਦੀਵੇ ਧਰ ਦੇ, ਤੂੰ ਵੀ ਯਾਰ ਜਗਾ ਦੇ ਬੱਤੀਆਂ ।

ਸਫ਼ਰ ਅਜੇ ਵੀ ਲੰਮ ਸਲੰਮਾ, ਕੋਹ ਨਾ ਤੁਰੀ ਤਿਹਾਈ ਬਾਬਾ,
ਜਿੰਦੜੀਏ ਕਿਓਂ ਬਹਿ ਚੱਲੀ ਏਂ,ਹਾਲੇ ਨਾ ਪੰਜ ਪੂਣੀਆਂ ਕੱਤੀਆਂ ।

ਧਰਤ ਪਰੇਤੀ ਸਾਇਆਂ ਮੱਲੀ, ਜਰ ਜਰਵਾਣੇ ਤਾਂਡਵ ਕਰਦੇ,
ਸਰਮਾਏ ਦੇ ਜੰਗਲ ਫ਼ੈਲੇ, ਵਗਣ ਤਦੇ ਹੀ ਪੌਣਾਂ ਤੱਤੀਆਂ ।

ਸਮੇਂ ਸਮੇਂ ਦੀ ਬਾਤ ਪਿਆਰੇ, ਰੁਲਣ ਬਾਦਸ਼ਾਹ, ਬੇਗਮ, ਯੱਕੇ,
ਫਿਰਨ ਸਿਕੰਦਰ ਵਾਂਗੂੰ ਜੇਤੂ, ਦੁੱਕੀਆਂ ਤਿੱਕੀਆਂ, ਪੰਜੀਆਂ ਸੱਤੀਆਂ ।

ਕੰਡਿਆਂ ਨੇ ਜ਼ਖ਼ਮਾਏ ਸੁਪਨੇ, ਫੁੱਲਾਂ ਨਾਲ ਕਲੋਲ ਕਰਦਿਆਂ,
ਜ਼ਖ਼ਮੀ ਰੀਝਾਂ ਦੇ ਪੰਖੇਰੂ, ਅੱਡੀਆਂ ਤਲੀਆਂ ਸੂਹੀਆਂ ਰੱਤੀਆਂ।

ਪ੍ਰੋ : ਗੁਰਭਜਨ ਗਿੱਲ
ਚੇਅਰਮੈਨ ਪੰਜਾਬੀ ਲੋਕ
ਵਿਰਾਸਤ ਅਕੈਡਮੀ
ਲੁਧਿਆਣਾ



ਪੰਜਾਬੀ ਸਾਹਿਤ ਸਭਾ, ਬਾਬਾ ਬਕਾਲਾ ਸਾਹਿਬ
email. : rajanbababakala@yahoo.com

ਗੁਰਭਜਨ ਗਿੱਲ

ਮਾਝੇ ਦੁੱਧ ਦਾ ਦੇਗਚਾ



ਬਲਵਿੰਦਰ ਸੰਧੂ

ਉਹ ਜਦ ਵੀ ਮਿਲਦਾ
ਮੈਨੂੰ ਨੱਕੋ ਨੱਕ
ਚਾਅ ਚਾੜ੍ਹ ਜਾਂਦਾ ...
ਗੱਲਾਂ ਗੱਲਾਂ 'ਚ ਹੀ
ਮੋਹਤਬਰਾਂ ਦੀ ਮਹਿਫਲ 'ਚ
ਮੇਰੇ ਕਾਠੇ ਕੱਦ ਨੂੰ
ਸਰੂ ਦੇ ਸਾਰ ਕਰ ਦੇਂਦਾ...

ਤਪਦੀਆਂ ਰੇਹੀਆਂ ਨੂੰ ਠਾਰਦਾ ..
ਸਾਉਣ ਮਾਹ ਵਗਦਾ
ਰਾਵੀ ਦਾ ਦਰਿਆ...
ਜਾਂ ਧਾਰਾਵਾਂ 'ਚ ਫ਼ੈਲਿਆ
ਸਾਵਾ ਹਰਿਆਵਲਾ
ਸੁੰਦਰਬਨ ਦਾ ਡੈਲਟਾ
ਸੂਰਤ ਤੇ ਸੀਰਤ ਦਾ
ਬੇਤਾਜ ਬਾਦਸ਼ਾਹ ...

ਧਰਤ ਦੇ ਕੋਨੇ ਕੋਨੇ
ਜਿੱਥੇ ਕਿਤੇ ਵੀ
ਮਾਂ ਪੰਜਾਬੋ ਦਾ
ਧੀ-ਪੁੱਤ ਵੱਸਦਾ
ਉਹਦਾ ਨਿਰਮਲ ਨਿਰਛਲ ਜਲ
ਉਨ੍ਹਾਂ ਘਰਾਂ ਦੇ ਘੜਿਆਂ ਨੂੰ
ਛੋਹ ਛੋਹ ਲੰਘਦਾ ....

ਉਹਦੇ ਬੋਲਾਂ 'ਚ
ਮਿਸ਼ਰੀ ਕੜੱਕ ਕੜੱਕ ਟੁੱਟਦੀ
ਬੁੱਲ੍ਹਾਂ 'ਤੇ ਮੁਹੱਬਤਾਂ ਦੀ
ਝੜੀ ਲੱਗੀ ਹੀ ਰਹਿੰਦੀ...
ਨੈਣਾਂ 'ਚੋਂ ਅਪਣੱਤ ਦੇ ਅੱਥਰ ਕਿਰਦੇ..
ਲਿਲਾਟ 'ਚੋਂ ਤਾਰਿਆਂ ਦੇ ਫੁੱਲ ਝੜਦੇ...
ਤੇ ਨੱਕ ਦੀ ਕਰੂੰਬਲ 'ਚੋਂ
ਨੀਲੀ ਲਾਟ ਐਸੀ ਨਿਕਲਦੀ
ਕਿ ਜਣੀ ਖਣੀ ਮੱਖੀ
ਉਤੇ ਬਹਿਣ ਤੋਂ ਰਹੇ ਝਿਜਕਦੀ...

ਉਹਦੀਆਂ ਪੱਗਾਂ ਦੇ ਰੰਗਾਂ ਤੋਂ
ਫੁੱਲ ਰੰਗ ਮੰਗਦੇ
ਨੈਣਾਂ ਨਕਸ਼ਾਂ ਚੋਂ ਭੰਵਰੇ,
ਹੁਸਨ ਚੁੰਘਦੇ
ਉਹ ਫਿਰਦਾ-ਤੁਰਦਾ, ਲੰਘਦਾ-ਟੱਪਦਾ
ਚਿੜੀਆਂ ਤਿੱਤਲੀਆਂ ਦੇ
ਸਿਰ ਪਲੋਸਦਾ ਰਹਿੰਦਾ ...
ਇਕ ਦੋ ਮਿਲਣੀਆਂ 'ਚ ਹੀ
ਮਾਪਿਆਂ ਮਹਿੱਟਰ ਬੱਦਲੀਆਂ ਦਾ
ਬਾਬਲ ਹੋ ਜਾਂਦਾ ....

ਉਹ ਮਾਝੇ ਦੁੱਧ ਦਾ ਛਲਕਦਾ
ਲਿਸ਼ਕਦਾ ਪਿੱਤਲ ਦਾ ਦੇਗਚਾ ..

ਤੇਹ-ਮਾਰੇ ਦੁਪਰਿਆਰੇ
ਆਪਣੇ ਡੋਲਣੂੰ ਭਰ ਭਰ ਲੈ ਜਾਂਦੇ
ਤੇ ਸੁਨੇਹੀ ਕਣੀ ਆਪਣੀਆਂ
ਭਰੀਆਂ ਭੁਕੰਨੀਆਂ ਗਾਗਰਾਂ
ਉਹਦੇ ਮੋਕਲੇ ਝਾਂਡੇ 'ਚ ਡੋਲ੍ਹ ਜਾਂਦੇ
ਵਧਣ ਘਟਣ ਦਾ ਫਿਕਰ ਤਾਂ
ਉਹਨੂੰ ਕਦੇ ਵੀ ਨਾ .....

ਨਿਮਾਣਿਆਂ ਦਾ ਮਾਣ ਉਹ
ਨਿਤਾਣਿਆਂ ਦਾ ਤਾਣ ਵੀ ..
ਜਿੱਥੇ ਬਹਿੰਦਾ
ਦੁਆਲੇ, ਖਿੜੇ ਗੁਲਮੋਹਰਾਂ ਦਾ
ਮੇਲਾ ਜੁੜ ਜਾਂਦਾ...
ਧਰਤੀ ਦਾ ਵਣ ਵਣ
ਉਹਦੀ 'ਵਾ ਨੂੰ ਮਾਣਦਾ
ਮਿੱਟੀ ਦਾ ਕਣ ਕਣ
ਉਹਦੀ ਪੈੜ ਪਹਿਚਾਣਦਾ ...
ਉਹ ਰੂਹ ਦਾ ਖੇੜਾ
ਭੇਦ ਭਾਵ ਤੋਂ ਉਚੇਰਾ ..
ਸਾਝਾਂ ਦਾ ਪੁਲ
ਸਕਿਆਂ-ਸੋਦਰਿਆਂ ਦੇ ਤੁਲ...
ਕੇਹਾ ਸ਼ਖਸ
ਕਿ ਜਿਹਨੂੰ ਮਿਲੇ
ਬਸ ...ਕਰਤੇ ਦੀ ਬਖਸ਼ਿਸ਼ ....

ਉਹਦੀ ਹਿੱਕ 'ਚ ਜੜਿਆ "ਸ਼ੀਸ਼ਾ
ਕਦੇ ਝੂਠ ਨਾ ਬੋਲਦਾ ..
ਹਰ "ਧੁਖਦਾ ਪਿੰਡ
ਉਹਨੂੰ ਆਪਣਾ ਲੱਗਦਾ ..
ਉਹ ਧੁਰ ਤੋਂ "ਮਿੱਟੀ ਦਾ ਬਾਵਾ
ਸੱਚ ਝੂਠ ਦਾ ਤੁਲਾਵਾ ...
ਆਪਣੇ ਸਮਿਆਂ ਦੀ
"ਅਗਨ ਕਥਾ ਕਰਦਾ
"ਪੰਜਾਂ ਪਾਣੀਆਂ ਦੀ ਖ਼ੈਰ ਮੰਗਦਾ ...
ਮਿੱਤਰਾਂ ਦੀ ਖੁਸ਼ੀ ਲਈ
ਸਦਾ "ਚਰਖੜੀ ਚੜ੍ਹਿਆ ਰਹਿੰਦਾ ...

ਉਹਦੀ ਸੋਹਬਤ 'ਚ
"ਧਰਤੀ ਨਾਦ ਵਜਾਉਂਦੀ
ਪਵਨ,"ਫੁੱਲਾਂ ਦੀ ਝਾਂਜਰ ਪਾ
ਸਦੀਵੀਂ ਨਾਚ ਨੱਚਦੀ..
ਧੁੰਦ ਧੁੰਦਲਕੇ
ਉਹਦੀ ਨਜ਼ਰ' ਚ ਆ
"ਪਾਰਦਰਸ਼ੀ ਹੋ ਜਾਂਦੇ
ਤੇ ਉਹਦੀਆਂ ਕਿਤਾਬਾਂ 'ਚ
ਸਾਂਭੇ "ਮੋਰ ਪੰਖ
ਰਾਤੀਂ ਅੰਬਰਾਂ 'ਚ ਉੱਡਦੇ ਰਹਿੰਦੇ ...

ਤਨ ਤੰਦੂਰ 'ਤੇ
ਉਹ ਕਵਿਤਾਵਾਂ ਲਾਹੁੰਦਾ ਲਾਹੁੰਦਾ
ਗ਼ਜ਼ਲ ਗੁਲਨਾਰਾਂ ਦਾ
ਦੇਣਦਾਰ ਹੋ ਜਾਂਦਾ ...
ਚੁੰਗੀਆਂ ਭਰਦੀ
ਉਹਦੇ ਗੀਤਾਂ ਦੀ ਮਿਰਗਾਵਲੀ
ਰਾਵੀ ਦੇ ਏਧਰ ਵੀ.. ਓਧਰ ਵੀ
ਤੇ ਉਹਦਾ ਮਨ, ਘਰ ਰਹਿੰਦਾ ਵੀ
ਪਰਦੇਸਾਂ 'ਚ ਭੌਂਦਾ ਫਿਰਦਾ ..
ਉਹ ਖਾਂਦਾ-ਪੀਂਦਾ
ਸੁਣਦਾ-ਸੁਣਾਉਂਦਾ
ਸਦਾ ਸੁਰਤਾਲ 'ਚ ਰਹਿੰਦਾ
ਸੰਦਲੀ ਸੰਧੂਰਦਾਨੀ 'ਚੋਂ
ਸਧਰਾਂ ਕੱਢ ਕੱਢ
ਦਾਨ ਕਰੀ ਜਾਂਦਾ ....

ਉਹ ਗੀਤ ਦੇ ਗਲ ਕੈਂਠੜਾ
ਕਿ ਗ਼ਜ਼ਲ ਦੇ ਗਲ ਦਾ ਹਾਰ ...
ਨਜ਼ਮ ਦੀ ਹਿੱਕ ਤਵੀਤੜਾ
ਕਿ ਨਸਰ ਦਾ ਸ਼ਾਹਸਵਾਰ ...
ਜੱਗ ਬੈਠਾ ਕਰੇ ਵਿਚਾਰ

ਉਸਨੂੰ ਅੱਜ ਤੱਕ ਰੱਬ ਨਹੀਂ ਲੱਭਿਆ



ਗੁਰਭਜਨ ਗਿੱਲ

ਨਿੱਕੇ ਜਹੇ ਪ੍ਰਤਾਪ ਨੇ ਇਕ ਦਿਨ
ਚਿੱਟੀ ਦਾੜ੍ਹੀ ਵਾਲੇ ਬਾਬੇ
ਕੋਲੋਂ ਪੁੱਛਿਆ !

"ਬਾਬਾ ਜੀ !
ਤੁਸੀਂ ਰੱਬ ਦਾ,
ਨਾਮ ਜਪਣ ਦੀ ਗੱਲ ਕਰਦੇ ਹੋ।
ਆਪ ਨਿਰੰਤਰ ਚੌਵੀ ਘੰਟੇ
ਬਹਿੰਦੇ ਹੀ ਨਹੀਂ,
ਹਰ ਵੇਲੇ ਹੀ
ਕੋਈ ਨਾ ਕੋਈ ਕੰਮ ਕਰਦੇ ਹੋ।
ਹਰ ਮਸਲੇ ਦਾ ਹੱਲ ਕਰਦੇ ਹੋ।

ਮੈਨੂੰ ਦੱਸੋ !
ਦੱਸੋ ਜੀ, ਰੱਬ ਕਿੱਥੇ ਰਹਿੰਦਾ ?
ਲੋਕ ਕਰਨ ਅਰਦਾਸਾਂ ਨਿੱਤ ਹੀ,
ਲੋਕਾਂ ਬੋਲ,
ਧਰਤ ਤੇ ਉੱਤੇ ਕਿਉਂ ਨਹੀਂ
ਲਹਿੰਦਾ ?

ਬਾਬੇ ਨੇ ਪ੍ਰਤਾਪ ਨੂੰ
ਆਪਣੀ ਗੋਦ ਬਿਠਾਇਆ,
ਕੰਡ ਪਲੋਸੀ ਤੇ ਸਮਝਾਇਆ।
ਰੱਬ ਕਿਤੇ ਵੱਖਰਾ ਨਹੀਂ ਰਹਿੰਦਾ,
ਅੰਬਰ ਤੇ ਲੁਕ ਕੇ ਨਹੀਂ ਬਹਿੰਦਾ।
ਬੰਦਾ ਜੇਕਰ,
ਅਚਰਮਾਨੀਆਂ" ਕਹਨੋਂ ਹਟ ਜੇ,
ਬੁਸਤ ਬਲਾਕੀਆਂ,
ਤੁਰਤ ਫੁਰਤੀਆਂ,
ਹਾਰੇ ਹਾਤ
ਅਲੀਰ ਹੋਣ ਦੀ ਭੁੱਖ ਤਿਆਗੇ।
ਹਿੰਮਤ ਕਰਕੇ ਆਪਣੇ ਅੰਦਰੋਂ ਹੀ
ਉਹ ਸਾਂਈਂ ਲੱਭ ਹੁੰਦਾ ਹੈ।
ਅਸਲੀ ਢਿਚੋਂ ਗੱਲ ਹੈ ਪੁੱਤਰਾ
ਕੇਵਲ ਏਨੀ,
ਏਹ ਤਰਜ਼ ਦਾ ਹਰ ਬੰਦਾ ਹੀ
ਰੱਬ ਹੁੰਦਾ ਹੈ।

ਬੰਦਾ ਜੇਕਰ ਛੱਡ ਦਏ
ਠੱਗੀ ਹੇਰਾ ਫੇਰੀ।
ਝੁੱਕ ਦੇਵੇ ਜੇ ਆਪਣੇ ਅੰਦਰੋਂ
ਮੈਂ ਮੈਂ ਮੇਰੀ।
ਹੋਂਕਣ ਤੇ ਹੰਝਾਰ ਨੂੰ ਸਮਝੇ
ਰੇਤ ਦੀ ਢੇਰੀ।
ਸੁੱਚਮ ਸੁੱਚਾ ਮਨ ਦਾ ਸ਼ੀਸ਼ਾ,
ਪਾਰਦਰਸ਼ੀ ਰੱਖ ਸਕਣਾ
ਆਸਾਨ ਨਾ ਭਾਵੇਂ,
ਹਿੰਮਤ ਕਰਕੇ ਲੱਭ ਲਈਂ ਅੰਦਰੋਂ,
ਉਹ ਜੇ ਤੈਨੂੰ ਲੱਭ ਹੁੰਦਾ ਹੈ।

ਪਰ ਪੁੱਤਰ ਜੀ, ਉਹ ਬੰਦਾ ਵੀ ਕੀਹ
ਬੰਦਾ ਹੈ ?

ਜਿਸ ਨਾ ਕਦੇ ਪ੍ਰੀਖਿਆ ਦਿੱਤੀ।
ਹਰ ਕਲਬੂਤ ਦੇ ਅੰਦਰ ਬੈਠਾ,
ਹਰ ਵੇਲੇ ਹੀ ਚੁੱਪ ਚੁਪੀਤਾ ਰੱਬ
ਹੁੰਦਾ ਹੈ।
ਨੂਣ ਪ੍ਰਤਾਪ ਦੀ ਉਮਰ ਸਿਆਣੀ।
ਬਾਬੇ ਦੀ ਗੱਲ ਚੰਤੇ ਕਰਕੇ,
ਅੱਜ ਵੀ ਉਹ ਤਾਂ,
ਭਰ ਲੈਂਦੇ ਅੱਖੀਆਂ ਵਿਚ ਪਾਣੀ।
ਬਾਬੇ ਜੇ ਸਿਰਨਾਵਾਂ ਦੱਸਿਆ
ਉਸ ਨੂੰ ਅੱਜ ਤੱਕ ਰੱਬ ਨਹੀਂ
ਲੱਭਿਆ।

"ਸੰਤ ਹਜ਼ਾਰਾ ਸਿੰਘ ਨਿੱਕੇ ਘੁੰਮਣਾਂ
ਵਾਲੇ (ਗੁਰਦਾਸਪੁਰ)
ਕਾਵਿ ਪੁਸਤਕ ਪਾਰਦਰਸ਼ੀ ਵਿੱਚੋਂ
ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਪੰਜਾਬੀ
ਭਵਨ ਲੁਧਿਆਣਾ।

ਸਾਰੀ ਧਰਤੀ ਮੇਰੀ

ਪੀ.ਬੀ ਨਿਊਜ਼ ਅਮਰੀਕਾ





ਗੁਰਭਜਨ ਗਿੱਲ

ਸਾਰੀ ਧਰਤੀ ਮੇਰੀ,
ਕਿਉਂ ਮਹਿਮਾਨ ਬਣਾਂ ?
ਮੈਂ ਤਾਂ ਏਥੇ ਆਇਆਂ, ਡੇਰਾ ਲਾਵਾਂਗਾ।
ਕਬਜ਼ੇ ਲਈ,
ਇਕ ਗਿੱਠ ਵੀ ਮੈਨੂੰ ਲੋੜ ਨਹੀਂ,
ਮੈਂ ਤਾਂ ਤੇਰੇ ਦਿਲ ਅੰਦਰ
ਬਹਿ ਜਾਵਾਂਗਾ।

ਜੀਕਣ ਫੁੱਲ ਵਿਚ
ਰੰਗ ਤੇ ਖ਼ੁਸ਼ਬੂ ਵੱਸਦੀ ਹੈ।
ਕਦਰਦਾਨ ਨੂੰ
ਸਭ ਸਿਰਨਾਵੇਂ ਦੱਸਦੀ ਹੈ।
ਕੱਲ-ਮੁ-ਕੱਲੀ ਰੋਂਦੀ,
ਨਾਲੇ ਹੱਸਦੀ ਹੈ।
ਮੈਂ ਵੀ ਤੇਰੇ ਅੰਗ ਸੰਗ
ਏਦਾਂ ਚਾਹਵਾਂਗਾ।

ਜਿਸ ਧਰਤੀ ਤੇ
ਬਿਰਖ਼ ਬਰੂਟੇ ਦਿਸਦੇ ਨਹੀਂ।
ਅੱਖੀਆਂ ਵਿਚੋਂ ਅੱਥਰੂ ਚਸ਼ਮੇ
ਰਿਸਦੇ ਨਹੀਂ।
ਦਰਦ ਵੇਖ ਕੇ ਦਿਲ ਦੇ ਛਾਲੇ
ਫਿਸਦੇ ਨਹੀਂ।
ਮਾਰੂਥਲ ਨੂੰ ਮੈਂ ਹੁਣ
ਜੀਉਣ ਸਿਖਾਵਾਂਗਾ।

ਚੱਲ ਧਰਤੀ ਨੂੰ ਕਹੀਏ,
ਦਿਲ ਨਾ ਛੱਡ ਮਾਏ।
ਕੀ ਹੋਇਆ ?
ਜੇ ਪੁੱਤਰ ਤੇਰੇ ਨਹੀਂ ਆਏ।
ਹਰ ਸਾਹ ਵਿਚ ਹਟਕੋਰੇ
ਹਿੱਸੇ ਜੇ ਆਏ।
ਮੈਂ ਤੇਰੇ ਘਰ ਵੇਖੀਂ ਰੌਣਕ ਲਾਵਾਂਗਾ।

ਰਾਤੀਂ ਬੋਲਣ ਬੀਂਡੇ ਜੋ ਗ਼ਮਗੀਨ ਜਹੇ।
ਨਾ ਰੋਂਦੇ ਨਾ ਹੱਸਦੇ ਨਿਰੇ ਮਸ਼ੀਨ ਜਹੇ।
ਬੇਕਦਰਾਂ ਨੇ ਚੁੱਲ੍ਹੇ ਡਾਹੀ ਬੀਨ ਜਹੇ।
ਮੈਂ ਇਨ੍ਹਾਂ ਵਿਚ
ਸੱਜਰੀ ਜਿੰਦ ਧੜਕਾਵਾਂਗਾ।

ਮੈਂ ਪਰਵਾਸੀ ਪੰਛੀ ਵਾਂਗ ਉਦਾਸ ਨਹੀਂ।
ਮੇਰੀਆਂ ਲੋੜਾਂ ਜੇ ਪੁੱਛਦੇ ਹੋ,
ਖ਼ਾਸ ਨਹੀਂ।
ਪਰ ਇਹ ਘੋਰ ਉਦਾਸੀ
ਮੈਨੂੰ ਰਾਸ ਨਹੀਂ।
ਮੈਂ ਪੌਣਾਂ ਦੇ ਪੈਰੀਂ ਝਾਂਜਰ ਪਾਵਾਂਗਾ।

ਖ਼ਾਰੇ ਪਾਣੀ,
ਅੱਥਰੂ ਦੇ ਵਿਚ ਅੰਤਰ ਹੈ।
ਹਰ ਹਾਉਕੇ ਦੀ ਆਪਣੀ ਹੋਂਦ
ਸੁਤੰਤਰ ਹੈ।
ਜ਼ਿੰਦਗੀ ਨੂੰ ਪਹਿਚਾਨਣ ਦਾ
ਇਹ ਮੰਤਰ ਹੈ।
ਇਸ ਧਰਤੀ ਦੇ ਲੋਕਾਂ ਨੂੰ ਸਮਝਾਵਾਂਗਾ।

ਚਾਰਦੀਵਾਰੀ ਅੰਦਰ ਪੰਛੀ ਵੱਸਦੇ ਨੇ ।
ਸੁਪਨ ਵਿਹੂਣੇ ਭੇਤ ਨਾ ਦਿਲ ਦਾ
ਦੱਸਦੇ ਨੇ।
ਧਰਤ ਬਰੇਤੀ ਤਪਦੀ,
ਫਿਰ ਵੀ ਨੱਸਦੇ ਨੇ।
ਮੈਂ ਹੀ ਏਥੇ
ਪਹਿਲਾ ਬਿਰਖ਼ ਲਗਾਵਾਂਗਾ।

ਅੰਬਰ ਗੰਗਾ ਸੋਹਣੀ,
ਜਲ ਦੀ ਆਸ ਨਹੀਂ।
ਸਦੀਆਂ ਤੋਂ ਜਿਸ ਦਿੱਤੀ
ਕੋਈ ਧਰਵਾਸ ਨਹੀਂ।
ਸੱਜਣਾਂ ਬਾਝੋਂ
ਫੁੱਲਾਂ ਵਿਚ ਵੀ ਬਾਸ ਨਹੀਂ।
ਸਾਥ ਦਏਂ ਤਾਂ
ਫੁੱਲ ਵੀ ਮਹਿਕਣ ਲਾਵਾਂਗਾ।

ਦੂਰ ਦੂਰ ਤਕ
ਰਾਤ ਵਿਛਾਈਆਂ ਚਾਨਣੀਆਂ।
ਤੇਰੇ ਮੇਰੇ ਬਾਝੋਂ ਕਿਸ ਨੇ ਮਾਨਣੀਆਂ।
ਕਿਸਨੇ ਰੀਝਾਂ ਵਾਂਗ
ਚੰਦੋਏ ਤਾਨਣੀਆਂ।
ਸਾਹ-ਸੁਰ ਕਰਕੇ
ਐਸੀ ਤਾਨ ਸੁਣਾਵਾਂਗਾ।

ਮਾਰੂਥਲ ਦੀ ਪੀੜਾ
ਕਿਸਨੇ ਜਾਣੀ ਹੈ।
ਇਸ ਦੀ ਪਿਆਸ ਨਿਰੰਤਰ
ਲੱਭਦੀ ਪਾਣੀ ਹੈ।
ਹਰ ਧਰਤੀ ਦੀ ਵੱਖਰੀ
ਦਰਦ ਕਹਾਣੀ ਹੈ।
ਇਸ ਦੀ ਗਾਥਾ
ਸਾਗਰ ਨੂੰ ਸਮਝਾਵਾਂਗਾ।

ਰਾਂਝਾ ਵੰਝ ਨੂੰ
ਵੰਝਲੀ ਜਿਵੇਂ ਬਣਾਉਂਦਾ ਹੈ।
ਸੁਰ ਸ਼ਹਿਜਾਦੀ
ਹੋਠਾਂ ਨਾਲ ਛੁਹਾਉਂਦਾ ਹੈ।
ਉਸ ਪਲ ਮੈਨੂੰ ਤੇਰਾ ਚੇਤਾ ਆਉਂਦਾ ਹੈ।
ਪੱਥਰਾਂ ਨੂੰ
ਵੇਖੀਂ ਮੈਂ ਬੋਲਣ ਲਾਵਾਂਗਾ।

ਸੰਪਰਕ: 98726 31199

– ਗੁਰਭਜਨ ਗਿੱਲ 98726 31199

ਗੁਰੂ ਦਾ ਪੂਰਨ ਸਿੰਘ

ਭਗਤ ਪੂਰਨ ਸਿੰਘ ਪਿੰਗਲਵਾੜਾ ਵਾਲਿਆਂ ਦੇ ਜਨਮ ਦਿਨ ਨੂੰ ਸਮਰਪਿਤ

ਗੁਰੂ ਨਾਨਕ ਦੀ ਬਾਣੀ ਜਿਸ ਦੇ ਸਾਹੀਂ ਤੁਰਦੀ।
ਗੁਰੂ ਅੰਗਦ ਦੀ ਸੇਵਾ-ਸ਼ਕਤੀ।
ਭਰ ਭਰ ਗਾਗਰ, ਕਈ ਕਈ ਸਾਗਰ।
ਦੀਨ ਦੁਖੀ ਦੀ ਪਿਆਸ ਬੁਝਾਈ।
ਅਮਰਦਾਸ ਗੁਰ ਕੋਲੋਂ ਉਸਨੇ ਲੰਗਰ ਲੈ ਕੇ,
ਰਾਮ ਦਾਸ ਦੀ ਧਰਤੀ ਤੇ ਸੇਵਾ ਵਰਤਾਈ।

ਅਰਜੁਨ ਗੁਰ ਤੋਂ ਸਿਦਕ ਸਬਰੀ।
'ਤੇਰਾ ਭਾਣਾ ਮੀਠਾ ਲਾਗੇ'।
ਚਰਨਾਮ੍ਰਿਤ ਵਿਚ ਭਗਤੀ ਲੈ ਕੇ,
ਅੰਮ੍ਰਿਤਸਰ ਵਿਚ ਡੇਰਾ ਲਾਇਆ।
ਦਸ ਗੁਰੂਆਂ ਦੀ ਬਖਸ਼ਿਸ਼ ਸਦਕਾ,
ਰਾਜੇਵਾਲ ਦਾ ਅਨਘੜ੍ਹ ਮੁੰਡਾ,
ਗੁਰੂ ਦਾ ਪੂਰਨ ਸਿੰਘ ਅਖਵਾਇਆ।

ਰੱਬ ਸੱਚੇ ਦੇ ਹੱਥੋਂ ਰਹੇ ਜੋ 'ਅੱਧ ਅਧੂਰੇ'।
ਉਨ੍ਹਾਂ ਦੀ ਸੇਵਾ ਵਿਚ ਆਪਣਾ ਜਨਮ ਲਗਾਇਆ।
ਤੇ ਇਕ ਐਸਾ ਦੀਪ ਜਗਾਇਆ।
ਜਿਸ ਨੇ ਨੇਰ੍ਹੀ ਰਾਤੇ ਸਾਡਾ ਰਾਹ ਰੁਸ਼ਨਾਇਆ।

ਪਿੰਗਲਵਾੜਾ ਸੇਵਾ ਅਤੇ ਸੰਭਾਲ ਦੇ ਕਾਰਨ,
ਅੱਜ ਬਣਿਆ ਇਕ ਐਸਾ ਘਰ ਹੈ।
ਜਿਵੇਂ ਪਵਿੱਤਰ ਰੱਬ ਦਾ ਦਰ ਹੈ।
ਲੂਲ੍ਹੇ ਲੰਗੜੇ, ਪਿੰਗਲੇ ਤੇ ਮੰਦ ਬੁੱਧੀ ਵਾਲੇ।
ਪੂਰਨ ਸਿੰਘ ਨੇ ਆਪ ਸੰਭਾਲੇ।
ਇਕੋ ਜਨਮ 'ਚ ਬਣਿਆ ਉਹ ਪਰਚੰਡ ਜਵਾਲਾ।
ਨਾ ਧਿਰਿਆਂ ਨੂੰ ਨਿੱਘ ਵੰਡਦਾ ਜਦ ਲੱਗਦਾ ਪਾਲਾ।

ਤੁਰਦਾ ਫਿਰਦਾ ਜਾਪੇ ਗਾਉਂਦਾ ਗੀਤ ਇਲਾਹੀ।
ਇਕੋ ਧੁਨ ਵਿਚ ਮਸਤ ਦੁਨੀ ਤੋਂ ਬੇਪ੍ਰਵਾਹੀ।

ਚੌਵੀ ਘੰਟੇ ਹੱਥ ਵਿਚ ਰੱਖਦਾ ਬਾਟਾ ਫੜਕੇ।
ਵੰਡਦਾ ਅੱਗੋਂ ਅੱਗੇ ਕਿਣਕਾ ਕਿਣਕਾ ਕਰਕੇ।

ਉਹ ਜਿੱਥੇ ਵੀ ਜਾਂਦਾ ਮੰਗਦਾ ਇੱਕੋ ਉੱਤਰ।
ਧਰਤੀ ਬਾਂਝ ਬਣਾ ਕੇ ਕਿਉਂ ਅਖਵਾਉਂਦੇ ਪੁੱਤਰ?
ਆਖੇ ਧਰਤੀ ਅੰਦਰ ਨਾ ਹੁਣ ਜ਼ਹਿਰ ਮਿਲਾਓ।
ਵਿਗਿਆਨਾਂ ਦੇ ਅੱਥਰੇ ਘੋੜੇ ਨੂੰ ਨੱਥ ਪਾਉ।
ਹੋ ਜਾਊ ਜ਼ਹਿਰੀਲਾ ਲੋਕੋ ਅੰਨ ਤੇ ਪਾਣੀ।
ਕਿਸੇ ਤੁਹਾਡੇ ਚੌਕੇ ਫਿਰ ਨਾ ਰੋਟੀ ਖਾਣੀ।

ਤੁਰਿਆ ਤੁਰਿਆ ਜਾਂਦਾ ਹੂੰਝੇ ਰਾਹ 'ਚੋਂ ਰੋੜੇ।
ਕੱਲ ਮੁ ਕੱਲਾ ਵਾਗ ਸਮੇਂ ਦੀ ਏਦਾਂ ਮੋੜੇ।

ਸਾਰੇ ਹਾੜ ਸਿਆਲ ਬਸੰਤਾਂ ਪੱਤਝੜ ਰੁੱਤੇ।
ਛਪੇ ਹੋਏ ਅਖ਼ਬਾਰ ਦੇ ਫਿੱਕੇ ਪੰਨਿਆਂ ਉੱਤੇ।
ਗਿਆਨ ਅਤੇ ਵਿਗਿਆਨ ਦੇ ਕਿਣਕੇ ਫਿਰ ਛਪਵਾਉਂਦਾ।
ਮੱਥੇ ਦੀ ਮਮਟੀ ਤੇ ਜਗਦੇ ਦੀਵੇ ਧਰਦਾ, ਨੇਰ੍ਹ ਮਿਟਾਉਂਦਾ।


ਚੌਂਕ ਚੁਰਸਤੇ ਪਿੰਡੀਂ ਸ਼ਹਿਰੀਂ ਹੋਕਾ ਲਾਵੇ।
ਇਸ ਧਰਤੀ ਦਾ ਪੁੱਤਰ ਅਸਲੀ ਗੱਲ ਸਮਝਾਵੇ।
ਅੰਨ੍ਹੇ ਹੋ ਕੇ ਵਰਤੀ ਜਾਓ,
ਮੁਰਖ਼ ਲੋਕੋ ਜਿੱਸਰਾਂ ਪਾਣੀ।
ਉਹ ਦਿਨ ਵੀ ਹੁਣ ਦੂਰ ਨਹੀਂ ਹੈ
ਜਦ ਇਹ ਪੂੰਜੀ ਹੈ ਮੁੱਕ ਜਾਣੀ।

ਉਸ ਦੇ ਫ਼ਿਕਰ ਨਹੀਂ ਸਨ ਚਾਰ ਦੀਵਾਰੀ ਵਾਲੇ।
ਸਰੋਕਾਰ ਸਨ ਸੁੱਚੇ, ਪਰਉਪਕਾਰੀ ਵਾਲੇ।

ਉਸ ਨੇ ਇਹ ਵਿਸ਼ਵਾਸ ਗੁਰਾਂ ਤੋਂ ਆਪ ਲਿਆ ਸੀ।
ਦਰਦ ਕਿਸੇ ਦੇ ਬਾਪੂ ਦੀ ਜਾਗੀਰ ਨਹੀਂ ਹੈ।
ਸੇਵਾ ਖ਼ਾਤਰ ਕੋਈ ਵੀ ਕਦਮ ਅਖ਼ੀਰ ਨਹੀਂ ਹੈ।
ਉਸ ਨੂੰ ਸੀ ਵਿਸ਼ਵਾਸ ਕਿ ਜਿਸ ਦੇ ਹੱਥ ਵਿਚ ਬਾਟਾ।
ਉਸ ਨੂੰ ਜ਼ਿੰਦਗੀ ਦੇ ਵਿਚ ਪੈਂਦਾ ਕਦੇ ਨਾ ਘਾਟਾ।

ਹਰਿਮੰਦਰ ਦੇ ਬੂਹੇ ਬਹਿੰਦਾ ਆਪ ਨਿਰੰਤਰ।
ਪਰ ਸੋਚਾਂ ਨੂੰ ਰੱਖਿਆ ਉਸਨੇ ਸਦਾ ਸੁਤੰਤਰ।
ਸਰਬ ਧਰਮ ਵਿਸ਼ਵਾਸੀ ਉਹਦੇ ਸਾਥੀ ਹੋਏ।
ਪਰ ਉਸ ਵਰਗਾ ਕਿਹੜਾ ਹੋਏ?

ਚਾਰ ਚੁਫੇਰਿਉਂ ਲੱਭਦਾ ਰਹਿੰਦਾ ਪੈਦਲ ਤੁਰਦਾ,
ਦੀਨ ਦੁਖੀ ਨੂੰ ਆਪਣੀ ਬੁੱਕਲ ਦੇ ਵਿਚ ਲੈਂਦਾ।
ਤੇ ਇਹ ਕਹਿੰਦਾ।
ਗੁਰ ਦਾ ਸਿੱਖ ਜੇ ਕਰੇ ਵਿਤਕਰਾ ਸਿੱਖ ਨਹੀਂ ਰਹਿੰਦਾ।
ਸ਼ਬਦ ਚੇਤਨਾ, ਵਿਦਿਆ ਦਾ ਵੀ ਜਾਪ ਜਪਾਉਂਦਾ।
ਚਾਨਣ ਦਾ ਦਰਿਆ, ਨੇਰ੍ਹੇ ਦੀ ਅਲਖ਼ ਮੁਕਾਉਂਦਾ।



ਇੰਦਰਜੀਤ ਸਿੰਘ ਮੁੱਲਾਂਪੁਰ

ਕਨੇਡਾ
ਦੇਸ਼ ਵਿਦੇਸ਼ ਟਾਇਮਜ਼
ਲੋਕਾਂ ਦੀਆਂ ਗੱਲਾਂ...ਲੋਕਾਂ ਤੱਕ

ਹੁਕਮ ਹਕੂਮਤ ਦੋਹਾਂ ਤੋਂ ਹੀ ਵੱਖਰਾ ਰਹਿੰਦਾ।
ਜਬਰ ਜ਼ੁਲਮ ਨੂੰ ਤੱਕ ਕੇ ਉਹ ਮੂੰਹ ਆਈ ਕਹਿੰਦਾ।
ਕੁਰਸੀ ਦੀ ਉਹ ਧੌਂਸ ਕਦੇ ਇਕ ਪਲ ਨਾ ਸਹਿੰਦਾ।
ਖੱਦਰਧਾਰੀ, ਰੇਸ਼ਮ ਦਿਲ ਮਨ ਤੋਂ ਨਹੀਂ ਲਹਿੰਦਾ।

ਇੱਕੋ ਨਾਅਰਾ ਲਾਉਂਦਾ, ਸੁਣਿਓ ਭੈਣ-ਭਰਾਉ।
ਮੈਂ ਜਿਸ ਮਾਰਗ ਤੁਰਿਆਂ ਮੇਰੇ ਮਗਰੇ ਆਉ।
ਮੇਰਾ ਮੁਰਸ਼ਦ ਨਾਨਕ ਉਸ ਦਾ ਵੰਸ਼ ਵਧਾਉ।
ਨੇਕੀ ਦੇ ਹਰ ਚੌਂਕ ਚੁਰਸਤੇ ਬਿਰਖ਼ ਲਗਾਉ।

ਸੇਵਾ ਸਿਮਰਨ ਸ਼ਕਤੀ ਦੇ ਸੰਗ ਰਿਸ਼ਤਾ ਜੋੜੋ।
ਕਾਮ ਕਰੋਧੀਓ, ਮੋਹ ਦੇ ਬੰਧਨ ਲਾਲਚ ਤੋੜੋ।
ਲੋਭੀ ਮਨ ਨੂੰ ਵਰਜੋ ਸਿੱਧੇ ਰਾਹ ਤੇ ਮੋੜੋ।
ਜੋ ਗੁਰ ਦੱਸਿਆ ਭਲਾ ਸਰਬ ਦਾ ਹਰ ਪਲ ਲੋੜੋ।

'ਦੇਸ਼ ਵਿਦੇਸ਼ ਟਾਇਮਜ਼ ਕਨੇਡਾ' 'ਚ ਆਪਣੀਆਂ ਰਚਨਾਵਾਂ ਛਪਵਾਉਣ ਲਈ +91 84273-46330 'ਤੇ ਭੇਜੋ।

ਬਾਬਾ ਬੰਦਾ ਸਿੰਘ ਬਹਾਦਰ ਜੀ ਨੂੰ ਚਿਤਵਦਿਆਂ

ਮੈਂ ਜਦੋਂ ਗੋਦਾਵਰੀ ਕੰਢੇ ਖੜ੍ਹਾ ਸਾਂ

ਗੁਰਭਜਨ ਗਿੱਲ



ਮੈਂ ਜਦੋਂ ਗੋਦਾਵਰੀ ਕੰਢੇ ਖੜਾ ਸਾਂ,
ਵਗ ਰਿਹਾ ਸੀ ਨੀਰ ਨਿਰਮਲ।
ਤੁਰ ਰਿਹਾ ਇਤਿਹਾਸ,
ਮੇਰੇ ਨਾਲ ਗੱਲਾਂ ਕਰ ਰਿਹਾ ਸੀ।
ਕੰਢੇ ਤੇ ਬੈਠਾ ਬੈਰਾਗੀ
ਆਪ ਅੱਖੀਂ ਵੇਖਿਆ ਜਿਸ,
ਮਿੱਟੀ ਦੇ ਮਾਧੋ ਤੋਂ
ਬੰਦਾ ਬਣ ਗਿਆ ਸੀ।
ਜਿਊਣ ਤੋਂ
ਉਪਰਾਮ ਹੋਇਆ ਨਿੰਮੋਝੂਣਾ,
ਕਿਸ ਤਰ੍ਹਾਂ ਲਲਕਾਰ ਬਣਿਆ?
ਅਰਜ਼ਮੰਦਾ ਇਹੀ ਬੰਦਾ,
ਕਿਸ ਤਰ੍ਹਾਂ ਮੁੱਕੇ ਦੇ ਵਾਂਗੂ ਤਣ ਗਿਆ ਸੀ।
ਵਗ ਰਿਹਾ ਪਾਣੀ ਕਹਾਣੀ ਕਹਿ ਰਿਹਾ ਸੀ।
ਸੁਣਨ ਵਾਲੇ ਸੁਣਨ ਦੀ ਥਾਂ,
ਲਾਮਡੋਰੀ ਬੰਨ੍ਹ
ਆਈ ਜਾ ਰਹੇ ਸਨ।
ਨਾ ਕੋਈ ਹੂੰਗਰ ਹੁੰਗਾਰਾ,
ਬਾਬਿਆਂ ਦੇ ਦਰ ਤੇ
ਸੁੱਖਣਾ ਲਾਹ ਰਹੇ ਸਨ।

ਧਰਤ ਵੀ ਕੁਝ ਹੌਲੀ-ਹੌਲੀ
ਕਹਿ ਰਹੀ ਸੀ।
ਮੈਂ ਗੁਰੂ ਦਸ਼ਮੇਸ਼ ਅੱਖੀਂ ਵੇਖਿਆ ਹੈ।
ਚਰਨ ਛੋਹ ਨੂੰ ਮਾਣਿਆ ਹੈ,
ਆਖ਼ਰੀ ਵੇਲੇ ਜੋ ਉਸ ਦੇ
ਦਿਲ ਦੇ ਅੰਦਰ ਖਲਬਲੀ ਸੀ,
ਓਸ ਨੂੰ ਪਹਿਚਾਣਿਆ ਹੈ।
ਜਲ ਰਹੀ ਹਾਲੇ ਵੀ
ਦਿਸਦੀ ਹੈ ਜਵਾਲਾ।
ਦੁੱਖ ਹੈ ਕਿ ਵਾਰਿਸਾਂ ਨੂੰ
ਯਾਦ ਹੀ ਨਹੀਂ,
ਕਹਿ ਗਿਆ ਕੀਹ ਜਾਣ ਵਾਲਾ?
ਏਸ ਨਿਰਮਲ ਨੀਰ ਕੰਢੇ,
ਓਸ ਨੇ ਬੰਦੇ ਨੂੰ
ਬੱਸ ਏਨਾ ਕਿਹਾ ਸੀ।
ਨਿੰਮੋਝੂਣਾ ਤੇ ਉਦਾਸਾ
ਏਥੇ ਕਾਹਨੂੰ ਬਹਿ ਰਿਹਾ ਏਂ।
ਮਰਦ ਬਣ,
ਤੂੰ ਲਾਹ ਉਦਾਸੀ।
ਤੇਰੇ ਦਿਲ ਵਿਚ ਜੋ ਵੀ ਆਉਂਦੈ, ਦੱਸ
ਮੈਨੂੰ,
ਕਿਹੜੀ ਗੱਲੋਂ,
ਜ਼ਿੰਦਗੀ ਦੀ ਲੀਹ ਤੋਂ ਥੱਲੇ
ਲਹਿ ਰਿਹਾ ਏਂ।

ਬੰਦਾ ਗੋਡੇ ਭਾਰ ਹੋ
ਅਰਦਲ ਖੜ੍ਹਾ ਸੀ।
ਹੰਝੂ ਹੰਝੂ ਵਾਰਤਾ
ਇਉਂ ਦੱਸ ਰਿਹਾ ਸੀ।
ਮੈਂ ਕਦੇ ਗੁਰੂਦੇਵ ਹੁੰਦਾ ਸਾਂ ਸ਼ਿਕਾਰੀ।
ਬਾਹੂਬਲ ਤੇ ਤੀਰਾਂ ਦੇ ਹੰਕਾਰ
ਮੇਰੀ ਮੱਤ ਮਾਰੀ।
ਜੰਗਲਾਂ ਵਿਚ ਖੇਡਦਾ ਸਾਂ
ਮੈਂ ਸ਼ਿਕਾਰ।
ਰਾਤ ਦਿਨ ਸੀ ਮਾਰੋ ਮਾਰ।
ਤੀਰ ਨੂੰ ਚਿੱਲੇ ਚੜ੍ਹਾ ਕੇ,
ਮਾਰਿਆ ਕੱਸ ਕੇ ਨਿਸ਼ਾਨਾ।
ਇਕ ਹਿਰਨੀ ਮੈਂ ਸੀ ਮਾਰੀ।
ਅੱਜ ਤੱਕ ਉਸ ਪੀੜ ਵਿਚ
ਬਿਹਬਲ ਖੜ੍ਹਾ ਹਾਂ,
ਮਿਰਗਣੀ ਸੀ ਗਰਭਧਾਰੀ।
ਆਖਿਆ ਗੋਬਿੰਦ
ਛਾਤੀ ਨਾਲ ਲਾ ਕੇ,
ਜੀਕੂੰ ਵਗਦਾ ਨੀਰ ਨਿਰਮਲ,
ਤੇਰੇ ਅੰਦਰ ਕਣ
ਜੋ ਪਸ਼ਚਾਤਾਪ ਦਾ ਹੈ।
ਤੇਰਾ ਮਨ ਬਰਤਨ ਮੈਂ
ਅੰਦਰੋਂ ਪਰਖ਼ਿਆ ਹੈ,
ਏਸ ਵਿਚ ਹੁਣ ਵਾਸ ਨੂਰੀ
ਜਾਪਦਾ ਹੈ।

ਕਮਰਕੱਸਾ ਕਰ ਕੇ
ਬਣ ਜਾ ਖੜਗ ਧਾਰੀ।
ਨਿਰਭਉ ਨਿਰਵੈਰ ਨੂੰ
ਸਾਹੀਂ ਪਰੋ ਲੈ।
ਹੱਕ ਸੱਚ ਇਨਸਾਫ਼ ਦੀ
ਰਖਵਾਲੀ ਤੇਰੀ ਜ਼ਿੰਮੇਵਾਰੀ।

ਨਿਕਲ ਜਾਹ!
ਪਛਤਾਵਿਆਂ ਤੋਂ ਬਹੁਤ ਅੱਗੇ,
ਜ਼ਿੰਦਗੀ ਉਪਰਾਮਤਾ ਦਾ
ਨਾਂ ਨਹੀਂ ਹੈ।
ਭਰਮ ਦੇ ਬਿਰਖਾਂ ਨੂੰ
ਸੱਚੇ ਸਮਝ ਨਾ ਤੂੰ,
ਇਨ੍ਹਾਂ ਦੀ ਧਰਤੀ ਤੇ
ਕਿਧਰੇ ਛਾਂ ਨਹੀਂ ਹੈ।

ਸੰਪਰਕ: 98726 31199

ਕਾਵਿ ਸੰਸਾਰ

ਜ਼ਫ਼ਰ ਇਕਬਾਲ

ਪਾਕਿਸਤਾਨ ਰਹਿੰਦੇ ਉਰਦੂ ਤੇ ਪੰਜਾਬੀ ਜ਼ੁਬਾਨ ਦੇ ਸ਼ਾਇਰ ਜ਼ਫ਼ਰ ਇਕਬਾਲ ਜੀ ਦਾ ਅਸਲ ਨਾਮ ਮੁਹੰਮਦ ਜ਼ਫ਼ਰ ਇਕਬਾਲ ਹੈ ਪਰ ਕਲਮੀ ਨਾਂ-ਜ਼ਫ਼ਰ ਇਕਬਾਲ ਉਨ੍ਹਾਂ ਆਪ ਚੁਣਿਆ।



27 ਸਤੰਬਰ 1932 ਨੂੰ ਬਹਾਵਲਪੁਰ 'ਚ ਜਨਮੇ ਇਸ ਸ਼ਾਇਰ ਨੇ ਵਿੱਦਿਆ-ਬੀ.ਏ., ਐੱਲ.ਐੱਲ.ਬੀ ਕਰਕੇ ਵਕਾਲਤ ਆਰੰਭੀ।

ਇਸ ਵੱਡੇ ਸ਼ਾਇਰ ਨਾਲ ਸਾਡੇ ਮਹਾਨ ਸ਼ਾਇਰ ਡਾ. ਜਗਤਾਰ ਦੀ ਚੰਗੀ ਦੋਸਤੀ ਸੀ।

1974 'ਚ ਡਾ. ਜਗਤਾਰ ਤੇ ਡਾ. ਅਤਰ ਸਿੰਘ ਵੱਲੋਂ ਸੰਪਾਦਿਤ ਕਾਵਿ ਪੁਸਤਕ 'ਦੁੱਖ ਦਰਿਆਉ' ਪਾਰ ਦੇ ਵਿੱਚ ਜ਼ਫ਼ਰ ਇਕਬਾਲ ਨੂੰ ਪਹਿਲੀ ਵਾਰ ਪੜ੍ਹਿਆ ਤਾਂ ਪਤਾ ਲੱਗਾ ਕਿ ਉਹ ਵੱਡਾ ਕਵੀ ਹੈ।

ਉਸ ਦਾ ਇੱਕ ਸ਼ਿਅਰ ਮੈਂ ਅਕਸਰ ਗੁਣਗੁਣਾਉਂਦਾ ਹਾਂ....
ਕਦ ਤਾਈਂ ਸ਼ਕਲਾਵਣਾ ਰੇ ਕਿੱਥੋਂ ਰਾਵੀ ਸੰਗਣਾ।
ਆਧਰ ਇਨ੍ਹਾਂ ਪੁਲਾਂ ਦੇ ਹੇਠੋਂ ਪਾਣੀ ਲੰਘਣਾ।

ਉਨ੍ਹਾਂ ਦੀਆਂ ਛਪੀਆਂ ਕਿਤਾਬਾਂ ਵਿੱਚ ਹਰੇ ਹਨੇਰੇ (ਪੰਜਾਬੀ ਸ਼ਾਇਰੀ), ਤੇ ਉਰਦੂ ਦੀਆਂ ਕਿਤਾਬਾਂ ਆਸੇ ਰਵਾਂ ਗੁਲਆਫ਼ਤਾਬ ਤੇ ਐਬੇ ਹੁਨਰ ਹਨ।

ਉਨ੍ਹਾਂ ਦੇ ਕਲਾਮ ਨਾਲ ਤੁਸੀਂ ਵੀ ਸਾਂਝ ਪਾਉ। ਧੰਨਵਾਦ ਪੰਜਾਬੀ ਕਵਿਤਾ ਡਾਟ ਕਾਮ ਵਾਲੇ ਵੱਡੇ ਵੀਰ ਸ. ਕਰਮਜੀਤ ਸਿੰਘ ਜੀ ਦਾ ਜਿਨ੍ਹਾਂ ਨੇ ਅਜਿਹੇ ਮਾਣਕ ਮੋਤੀ ਸੰਭਾਲੇ ਹਨ।

-ਗੁਰਭਜਨ ਗਿੱਲ

ਰੰਗ ਰਾਵੀ ਪਾਰ ਦੇ

ਰਾਤੀਂ ਰੋਲਾ ਸੌਣ ਨਾ ਦੇਵੇ ਸੁਫ਼ਨੇ ਦੀਆਂ ਬਲਾਵਾਂ ਦਾ।
ਦਿਨ ਚੜ੍ਹਦਾ ਤੇ ਪਾਗ਼ਲ ਕਰਦਾ ਸ਼ੋਰ ਕਾਲਿਆਂ ਕਾਵਾਂ ਦਾ।

ਪੈਰਾਂ ਦੇ ਵਿਚ ਪੁਜ਼ੇ ਨੇ ਕੰਡੇ ਅੰਦਰ ਵਾਲੇ ਜੰਗਲ ਦੇ,
ਵਾਲਾਂ ਉੱਤੇ ਜੰਮਿਆ ਹੋਇਆ ਘੱਟਾ ਦਿਲ ਦੇ ਰਾਹਵਾਂ ਦਾ।

ਅੰਦਰ ਬਾਹਰ ਡੂੰਘੀ ਹੋਈ ਕਾਲਖ ਵਰਗੀ ਰਾਤ ਸੀ ਉਹ,
ਦੂਰ ਸਾਮ੍ਹਣੇ ਚਮਕ ਰਿਹਾ ਸੀ ਤਾਰਾ ਜਿਹਾ ਗੁਨਾਹਵਾਂ ਦਾ।

ਸ਼ਾਖ਼ਾਂ ਵੀ ਸੁੱਤੀਆਂ ਰਹਿ ਗਈਆਂ ਪੱਤਰਾਂ ਨੂੰ ਵੀ ਪਤਾ ਨਹੀਂ,
ਮੇਰੀ ਚੋਟੀ ਉੱਤੇ ਲੰਘਿਆ ਅੱਜ ਹਨ੍ਹੇਰ ਹਵਾਵਾਂ ਦਾ।

ਕਦੀ ਕੱਖ ਨਾ ਦੂਹਰਾ ਹੋਵੇ ਚੋਹਾਂ ਹੱਥਾਂ ਨਾਲ 'ਜ਼ਫ਼ਰ',
ਕਦੀ ਅੱਖ ਦਾ ਇੱਕ ਇਸ਼ਾਰਾ ਮੋੜੇ ਮੂੰਹ ਦਰਿਆਵਾਂ ਦਾ।

ਗ਼ਜ਼ਲ

ਕੰਕਰ ਕਹਿਰ ਪਵੇ ਹਰ ਪਾਸੇ ਰਹਿੰਦਾ ਸਾਰਾ ਪਿਹ।
ਅੱਖਾਂ ਦੇ ਅੰਗਿਆਰੇ ਲੈ ਕੇ ਫੇਰ ਨਾ ਆਇਆ ਉਹ।

ਨਜ਼ਰਾਂ ਦੇ ਬੰਦਲ ਦੇ ਪਿੱਛੇ ਲੁਕਿਆ ਜ਼ਖ਼ਮ ਦਾ ਚੰਨ,
ਸਾਂਵਲੀਆਂ ਰਾਤਾਂ ਨੂੰ ਰਹੀ ਸੁਹੇ ਚਾਨਣ ਦੀ ਟੋਹ।

ਮੇਰੇ ਬਾਝੋਂ ਕੌਣ ਉਲੰਘੇ ਮੇਰਾ ਪੰਧ ਪਹਾੜ,
ਅੰਦਰੇ ਅੰਦਰ ਖਿਲਰੇ ਹੋਏ, ਲੱਖਾਂ ਲੰਮੇ ਕੋਹ।

ਕਿੱਸਰਾਂ ਮੈਂ ਅਸਮਾਨੀ ਉੱਡਦਾ ਮੇਰੇ ਸਿਰ ਦੇ ਉੱਤੇ,
ਤੰਬੂ ਵਾਂਗੂੰ ਤਣਿਆ ਹੋਇਆ ਸੀ ਮਿੱਟੀ ਦਾ ਮੋਹ।

'ਜ਼ਫ਼ਰ' ਬਹੁਤ ਪੁਰਾਣੇ ਹੋ ਗਏ ਦਿਲ ਦਿਲਬਰ ਦੇ ਕਿੱਸੇ,
ਅੱਜ ਹਵਾਵਾਂ ਤੇ ਰਾਹਵਾਂ ਦੀ ਨਵੀਂ ਕਹਾਣੀ ਛੋਹ।

ਗ਼ਜ਼ਲ

ਕਾਲਖ਼ ਸਾਰੀ ਰਾਤ ਦੀ ਅੱਖਾਂ ਵਿਚ ਧਰ ਕੇ।
ਦੇਖਾਂ ਹੁਸ੍ਹਦੇ ਚੰਨ ਨੂੰ ਸ਼ਹਿਰੋਂ ਬਾਹਰ ਖਲੋਅ ਕੇ।

ਅੰਦਰ ਬਾਹਰ ਗੂੰਜਦੀ ਹੂੰਝੀ ਪੀੜ ਇਕੱਲ੍ਹ ਦੀ,
ਲੱਭਾਂ ਆਪਣੇ-ਆਪ ਨੂੰ ਅੰਨ੍ਹਾ ਕਮਲਾ ਹੋ ਕੇ।

ਸਾਰੇ ਪਾਸੇ ਰਹਿ ਗਿਆ ਮੇਲਾ ਪਾਣੀ ਹੁਸ੍ਹ ਦਾ,
ਹੰਸਾਂ ਕੀਹਦੇ ਸਾਹਵੇਂ ਦੱਸਾਂ ਕੀਹਨੂੰ ਰੋ ਕੇ।

ਸ਼ਿਰ ਪੁਰਾਣੇ ਸ਼ਹਿਰ ਦਾ ਪੁੱਜਿਆ ਜੰਗਲ ਅੰਦਰ,
ਵਾਪਸ ਗਏ ਗੁਨਾਹ ਦਾ ਭਾਰ ਸਿਰਾਂ ਤੇ ਢੋਅ ਕੇ।

ਟੋਕਰ ਮਾਰਨ ਲਈ 'ਜ਼ਫ਼ਰ' ਪੈ ਗਈ ਕੰਧ ਉਸਾਰਨੀ,
ਸਾਦੇ ਪੀਲੇ ਲਹੂ ਵਿਚ ਕਾਲੀ ਮਿੱਟੀ ਗੋ ਕੇ।



ਗ਼ਜ਼ਲ

ਸੋਚ ਸਫ਼ਰ ਦੀ ਮੱਠੀ ਮੱਧਿਮ ਅੱਖਾਂ ਦਾ ਅਸਮਾਨ।
ਉਸ ਦੇ ਗਲਮੇ ਵਿੱਚੋਂ ਦਿਸਦਾ ਪਿੰਡ ਦਾ ਲਾਲ ਨਿਸ਼ਾਨ।

ਹੋਰ ਕਿਸੇ ਦੇ ਨਾਂ ਦੀ ਤਖ਼ਤੀ ਬਾਹਰ ਲੱਗੀ ਹੋਈ,
ਹਰੀ ਉਦਾਸੀ ਵਿਚ ਡਿੱਜਿਆ ਹੋਇਆ ਕੋਠੀ ਦਾ ਲਾਅਨ।

ਜੂਰ ਜਾਂਦਾ ਏ ਰੋਜ਼ ਬਦਨ ਦਾ ਕੋਈ ਨਾ ਕੋਈ ਕੰਢਾ,
ਰੋਜ਼ ਚਿਹਾਰੇ ਨਵੀਂ ਲੜਾਈ ਰੋਜ਼ ਨਵਾਂ ਨੁਕਸਾਨ।

ਪਲਕਾਂ ਦੀ ਜਾਲੀ ਦੇ ਵਿੱਚੋਂ ਪੈਣ ਸੁਲੱਖੇ ਪੁੱਠੇ,
ਜਿਹੜਾ ਸੂਹਾ ਸਾਵਾ ਜੰਗਲ ਉਹ ਹੀ ਬਣਾ ਮੈਦਾਨ।

'ਜ਼ਫ਼ਰ' ਮੂੰਹ 'ਤੇ ਜੰਮੀ ਰਹਿੰਦੀ ਏ ਗ਼ਰਜ਼ਾਂ ਦੀ ਧੂੜ,
ਕਿੱਸਰਾਂ ਮੇਰੀ ਬਾਤ ਸੁਣੇ ਉਹ ਕਿੱਸਰਾਂ ਕਰੇ ਪਛਾਣ।

ਗ਼ਜ਼ਲ

ਕੰਡਿਆਂ ਵਾਂਗੂੰ ਰਾਹ ਤੇ ਆਪਣਾ ਆਪ ਖਿਲਾਰ ਕੇ,
ਖੜ੍ਹੇ ਤਮਾਸ਼ਾ ਦੇਖਦੇ ਦੂਰੋਂ ਤਾੜੀ ਮਾਰ ਕੇ।

ਸੀ ਦੁਸ਼ਮਨ ਦੀ ਅੱਖ ਵਿਚ ਮੁਰਡ ਆਪਣੇ ਆਪ ਦੀ,
ਮਰਦਾ ਮਰਦਾ ਬਚ ਗਿਆ ਰਹਿ ਗਏ ਡਾਂਗ ਉਲਾਰ ਕੇ।

ਆਪਣੀ ਮਿੱਟੀ ਵਿਚ ਸੀ ਮਿੱਟੀ ਕਿਹੜੇ ਭੁੱਤ ਦੀ,
ਖ਼ਾਲਮ-ਖ਼ਾਲੀ ਰਹਿ ਗਏ ਕਿਸ ਨੂੰ ਮਨੋਂ ਵਿਸਾਰ ਕੇ।

ਹੁਸ੍ਹਦੇ ਦਿਨ ਨੂੰ ਦੇਖਕੇ ਰੋਇਆ ਝਾੜੇ-ਝਾਰ ਕਿਉਂ,
ਸਬਰ ਸੁਕਰ ਦੇ ਨਾਲ ਮੈਂ ਸਾਰੀ ਰਾਤ ਗੁਜ਼ਾਰ ਕੇ।

ਚੌਕਰੋਂ ਨਿਕਲ ਕੇ ਭਲਾ ਕਿੱਧਰ ਜਾਵਾਂਗਾ, 'ਜ਼ਫ਼ਰ',
ਫਿਰ ਰੋਲੇ ਵਿਚ ਪਾ ਲਈ ਸਾਰੀ ਗੌਲ ਨਿਤਾਰ ਕੇ।

ਗ਼ਜ਼ਲ

ਚਿੱਟੇ ਦਿਨ ਦੀਵਾ ਵਰ੍ਹਦਿਆਂ ਬੰਦਲਾਂ ਕੀਤਾ ਗੁਲ।
ਧੂੰ ਹਨੇਰੇ ਵਿਚ ਖਿੜਿਆ ਜਿਸਦੀ ਮਿੱਟੀ ਦਾ ਫੁੱਲ।

ਸੁੱਤੀ ਸੌ ਗਈ ਰਾਹਵਾਂ ਉੱਤੇ ਪੀਲੀ ਚਰਦ ਹਵਾ,
ਸੁਫ਼ਨੇ ਅੰਦਰ ਦੇਖੀ ਸਾਵਿਆਂ ਪੱਤਰਾਂ ਦੀ ਹਿੱਲ-ਜੁੱਲ।

ਜਿੱਧਰ ਜਾਵਾਂ ਰੋਕੇ ਰਾਹ ਅੰਦਰ ਦਾ ਲਾਲ ਹਨੇਰਾ,
ਕਿਹੜੇ ਜੰਗਲ ਵਿਚ ਲਿਆਈ ਦੇ ਕਦਮਾਂ ਦੀ ਭੁੱਲ।

ਭਰੇ ਬਜ਼ਾਰ 'ਚ ਟੰਗੀ ਹੋਈ ਨੰਗੀ ਭੁੱਖੀ ਅੱਖ,
ਲੰਘਦੇ ਜਾਂਦੇ ਗਾਹਕਾਂ ਨੂੰ ਦੱਸੇ ਵੇਖਣ ਦਾ ਮੁੱਲ।

ਇਕ ਮੁਲਤਾਨਣ ਕੁੜੀ ਦੇ ਅੰਗੇ ਦਿਲ ਦਾ ਵਰਕਾ ਖੁੱਲਿਆ,
ਹੱਥ ਹਿਲਾ ਕੇ ਆਖਣ ਲੱਗੀ 'ਜੁੱਲ੍ਹ ਓ ਸਾਈਂ ਜੁੱਲ੍ਹ' ।

ਗ਼ਜ਼ਲ

ਸਾਡੀ ਧਮਕ ਹਿਲਾਵੇ ਕਦੀ ਦਿਲਾਂ ਦੇ ਕੰਧਾਂ ਕੋਲੇ।
ਕਦੀ ਅਸੀਂ ਇਨ੍ਹਾਂ ਗਲ਼ੀਆਂ ਦਿਆਂ ਕੰਧਾਂ ਤੋਂ ਵੀ ਹੋਲੇ।

ਉੱਚੀਆਂ ਨੀਵੀਆਂ ਛੱਤਾਂ ਉੱਤੇ ਸੁੱਤਿਆਂ ਹੋਇਆਂ ਸਾਨੂੰ,
ਅਚਨ -ਚੇਤ ਜਗਾ ਜਾਂਦੇ ਨੇ ਅੱਧੀ ਰਾਤ ਦੇ ਰੋਲੇ।

ਅੱਖਾਂ ਅੱਗੇ ਵਿਛੀ ਹੋਈ ਸੀ ਸੁੰਞੀ ਸੱਖਣੀ ਰਾਹ,
ਸਾਰਾ ਦਿਨ ਪੈਂਦੇ ਰਹੇ ਆਉਂਦਿਆਂ ਅਸਵਾਰਾਂ ਦੇ ਰੋਲੇ।

ਉਹੋ ਅੰਨ੍ਹੀਆਂ ਰਾਤਾਂ ਉਹੋ ਧੂੰ ਧੁਖਾਏ ਦਿਨ,
ਦਿਲ ਨੇ ਅੱਖ ਨਾ ਪੁੱਟੀ ਐਥੇ ਕਾਲਿਉਂ ਆ ਗਏ ਪੋਲੇ।

ਮੈਂ ਵੀ ਦੁੱਖ ਦੇ ਪਰਬਤ ਵਿੱਚੋਂ ਕੱਢੀ ਸੀ ਇਕ ਨਹਿਰ,
ਮੇਰੇ ਵੀ ਸਨ ਕਿਸੇ ਜ਼ਮਾਨੇ ਪੱਥਰ ਵਰਗੇ ਡੋਲੇ।

ਗ਼ਜ਼ਲ

ਆਪਣੇ ਆਪੇ ਉੱਤੇ ਅੱਜ ਮੈਂ ਆਪੇ ਛਿਕਰੇ ਕੱਸਾਂਗਾ।
ਖੁੱਲ੍ਹੇ ਵਿਹੜੇ ਦੇ ਵਿਚ ਆਪਣੇ ਅੱਗੇ ਅੱਗੇ ਨੱਸਾਂਗਾ।

ਦੁੱਖ ਵੀ ਮੇਰੇ ਸੁੱਖ ਵੀ ਮੇਰੇ ਵਿਰ ਵੀ ਸ਼ਹਿਰ ਸ਼ਰੀਕਾਂ ਦਾ,
ਹੌਲੀ ਹੌਲੀ ਰੇਵਾਂਗਾ ਮੈਂ ਉੱਚੀ ਉੱਚੀ ਹੱਸਾਂਗਾ।

ਬਿਜਲੀ ਬਣ ਕੇ ਕੜਕਾਂਗਾ ਮੈਂ ਅੰਨ੍ਹੇ ਥੋਲੇ ਜੰਗਲ ਵਿਚ,
ਰੋਤ ਦਿਆਂ ਮਹਿਲਾਂ ਤੇ ਕਾਲੇ ਬੱਦਲ ਵਾਂਗੂੰ ਵੱਸਾਂਗਾ।

ਮੈਂ ਵਹਿਮਾਂ ਦਾ ਸ਼ਹਿਰ ਹਾਂ ਮੇਰੇ ਰੂਪ ਨਿਆਰੇ ਦੇਖੋਗੇ,
ਵਸ-ਵਸ ਕੇ ਮੈਂ ਉਜੜਾਂਗਾ ਤੇ ਉਜੜ-ਉਜੜ ਕੇ ਵੱਸਾਂਗਾ।

ਕੌਣ ਹਾਂ ਮੈਂ ਤੇ ਕਿੱਥੋਂ ਆਇਆ ਕਿਹੜੀ ਗੌਲ ਸੁਨਾਵਣ ਨੂੰ,
ਅੱਜ ਮੈਨੂੰ ਵੀ ਪਤਾ ਨਹੀਂ ਮੈਂ ਕੌਲ੍ਹ ਤੁਹਾਨੂੰ ਦੱਸਾਂਗਾ।

ਗ਼ਜ਼ਲ

ਜਿਸ ਤਸਵੀਰ ਦੇ ਅੰਦਰ ਵੜ ਕੇ ਰਾਜ ਰੰਗਾਂ ਦੇ ਖੋਲੇ।
ਕੈਣ ਸੀ ਜਿਸ ਨੇ ਮਿੱਟੀ ਉੱਤੇ ਨੈਣ ਨਕਸ਼ ਭਰ ਡੋਲੇ।

ਅੱਧ ਅਸਮਾਨੇ ਤਾਰਾ ਬਣ ਗਈ ਸਰ-ਸਰ ਕਰਦੀ ਗੁੱਡੀ,
ਜਿਸ ਦੇ ਇਰਦੇ-ਗਿਰਦੇ ਮੇਲਾ ਰੰਗ ਹਵਾ ਦਾ ਡੋਲੇ।

ਮੇਰੇ ਅੰਦਰ ਉੱਗਿਆ ਨੀਲੇ ਪੱਤਰਾਂ ਵਾਲਾ ਬੂਟਾ,
ਕਿਹੜੀਆਂ ਜ਼ਹਿਰੀ ਰੁੱਤਾਂ ਹੋ ਗਈਆਂ ਨੇ ਅੱਖ ਦੇ ਉਹਲੇ।

ਕੰਢੇ ਉੱਤੇ ਬੈਠਾ ਦੇਖਾਂ ਅੰਨ੍ਹੀਆਂ ਅੱਖਾਂ ਟੰਡ ਕੇ,
ਡੁੱਬਦਾ ਸੂਰਜ ਤਨ ਪਾਣੀ ਵਿਚ ਮੋਤ ਸਿਆਹੀ ਘੋਲੇ।

ਡਾਢੇ ਡਜਰੀ ਵਿੱਚ ਨਮਾਜ਼ੀ ਬੁਕੀ-ਚੀਮੀ ਰੋ ਰੋ ਰੋਵਣ
ਨਾਲ ਨਾ ਮਾਲੀ ਹੋਸੀ ਦੁੱਖ ਦੇ ਡਰੇ ਡਗੋਲੇ।

ਗ਼ਜ਼ਲ

ਇਕ ਡਾਰੇ ਨੂੰ ਦੂਜਾ ਡਾਰਾ ਕਹਿੰਦਾ ਏ,
ਧਰਤੀ ਉੱਤੇ ਮਾੜੂ ਨ੍ਹੇਰਾ ਰਹਿੰਦਾ ਏ।

ਜਿਗਰੇ ਵਾਲੇ ਜਿੰਨੇ ਲੋਕ ਨੇ ਧਰਤੀ 'ਤੇ,
ਮਾਵਾਂ ਵਰਗੀ ਪੀੜ ਵੀ ਕੋਈ ਸਹਿੰਦਾ ਏ।

ਕਾਹਨੂੰ ਆਪਣੀ ਜਾਤ ਦੇ ਰੋਣੇ ਰੋਵਾਂ ਮੈਂ,
ਮੇਰੇ ਨਾਲ ਮੁਕੱਦਰ ਮੇਰਾ ਖਹਿੰਦਾ ਏ।

ਮੇਰੇ ਹੱਥ ਇਹ ਮੁੱਖ ਹੁੰਦੇ ਨੇ ਬਾਲਾਂ ਦੇ,
ਇਕ ਹਮਸਾਇਆ ਮੈਨੂੰ ਵੇਹਦਾ ਰਹਿੰਦਾ ਏ।

ਜਵਰਾ! ਮਹਿਲ ਉਸਾਰਨ ਵਾਲੇ ਕੀ ਜਾਨਣ,
ਇਕ ਮਜ਼ਦੂਰ ਦਾ ਕਿੰਨਾ ਮੁਜ਼ਰਾ ਵਹਿੰਦਾ ਏ।

ਗ਼ਜ਼ਲ

ਇਹ ਸ਼ਾਮ ਘਰ ਗੁਜ਼ਾਰ ਲੈ, ਉਸ ਨੇ ਕਿਹਾ ਵੀ ਸੀ
ਅਗੇ ਦੁੱਖਾਂ ਦੀ ਰਾਤ ਏ, ਮੈਨੂੰ ਪਤਾ ਵੀ ਸੀ

ਅੱਖਾਂ 'ਚ ਖੁੱਭੇ ਹੋਏ ਤਮਾਸ਼ੇ ਦੇ ਤੀਰ ਸਨ
ਵਾਲਾਂ 'ਚ ਫਸੀ ਹੋਈ ਪੁਰੇ ਦੀ ਹਵਾ ਵੀ ਸੀ

ਓਸੇ ਹੀ ਚੋਲੇ ਚੁੱਪ ਦੇ ਪਹਿਰੇ ਵੀ ਲਗ ਗਏ
ਕੌਲ੍ਹ ਰਾਤ ਸ਼ਹਿਰ ਵਿੱਚ ਕੋਈ ਕੋਈ ਰੋਲਾ ਪਿਆ ਵੀ ਸੀ

ਉੱਠੀ ਸੀ ਲਹਿਰ ਅੰਗ ਦੇ ਥਲਦੇ ਸਮੁੰਦਰੋਂ
ਕੰਢੇ 'ਤੇ ਮੈਂ ਵੀ ਸਾ ਕੋਈ ਮੇਰੇ ਜਿਹਾ ਵੀ ਸੀ

ਲੋਰੀ

Every Female is a Daughter First

World Daughter's Day

www.daughterday.in

Lets come together for gender equality and Say

I Love My Daughter

ਮਾਏ ਨੀ ਅਣਜੰਮੀ ਧੀ ਨੂੰ, ਆਪਣੇ ਨਾਲੋਂ ਵਿੱਛੜੇ ਜੀਅ ਨੂੰ,
ਜਾਂਦੀ ਵਾਰੀ ਮਾਏ ਨੀ ਇੱਕ ਲੋਰੀ ਦੇ ਦੇ।
ਬਾਬਲ ਤੋਂ ਭਾਵੇਂ ਚੋਰੀ ਨੀ ਇੱਕ ਲੋਰੀ ਦੇ ਦੇ।

ਮੰਨਿਆ ਤੇਰੇ ਘਰ ਵਿਚ ਵਧ ਗਏ, ਧੀਆਂ ਵਾਲੇ ਗੁੱਡੀ-ਪਟੋਲੇ।
ਤੇਰੇ ਦਿਲ ਦਾ ਹਾਉਕਾ ਨੀ ਮੈਂ, ਸੁਣਦੀ ਰਹੀ ਆਂ ਤੇਰੇ ਓਹਲੇ।
ਮੈਨੂੰ ਮਾਰ ਮੁਕਾਉਣ ਦੀ ਗੱਲ ਕਿਉਂ, ਬਾਬਲ ਪਹਿਲਾਂ ਤੋਰੀ।
ਨੀ ਇੱਕ ਲੋਰੀ ਦੇ ਦੇ ....।

ਮਾਏ ਨੀ ਤੇਰੀ ਗੋਦੀ ਅੰਦਰ, ਬੈਠਣ ਨੂੰ ਮੇਰਾ ਜੀਅ ਕਰਦਾ ਸੀ।
ਬਾਬਲ ਦੀ ਤਿਊੜੀ ਨੂੰ ਤੱਕ ਕੇ, ਹਰ ਵਾਰੀ ਮੇਰਾ ਜੀਅ ਡਰਦਾ ਸੀ।
ਧੀਆਂ ਬਣ ਕੇ ਜੰਮਣਾ ਏਥੇ, ਕਿਉਂ ਬਣ ਗਈ ਕਮਜ਼ੋਰੀ,
ਨੀ ਇੱਕ ਲੋਰੀ ਦੇ ਦੇ ....।

ਮਾਏ ਨੀ ਮੇਰੀ ਨਾਨੀ ਦੇ ਘਰ, ਤੂੰ ਵੀ ਸੀ ਕਦੇ ਧੀ ਬਣ ਜੰਮੀ।
ਕੁੱਖ ਵਿੱਚ ਕਤਲ ਕਰਾਵਣ ਵਾਲੀ, ਕਿਉਂ ਮੰਨੀ ਤੂੰ ਗੱਲ ਨਿਕੰਮੀ।
ਵੀਰਾ ਲੱਭਦੀ ਲੱਭਦੀ ਹੋ ਗਈ, ਰੂਹ ਮਮਤਾ ਤੋਂ ਕੋਰੀ?
ਨੀ ਇੱਕ ਲੋਰੀ ਦੇ ਦੇ ....।


ਹਸਪਤਾਲ ਦੇ ਕਮਰੇ ਅੰਦਰ, ਪਈਆਂ ਨੇ ਜੋ ਅਜਬ ਮਸ਼ੀਨਾਂ।
ਪੁੱਤਰਾਂ ਨੂੰ ਇਹ ਕੁਝ ਨਾ ਆਖਣ, ਸਾਡੇ ਲਈ ਕਿਉਂ ਬਣਨ ਸੰਗੀਨਾਂ।
ਡਾਕਟਰਾਂ ਚਹੁੰ ਸਿੱਕਿਆਂ ਖਾਤਰ, ਕੱਟੀ ਜੀਵਨ-ਡੋਰੀ,
ਨੀ ਇੱਕ ਲੋਰੀ ਦੇ ਦੇ ....।

ਧੀ ਤਿਤਲੀ ਨੂੰ ਮਸਲਣ ਵੇਲੇ, ਚੁੱਪ ਖੜ੍ਹੇ ਕਿਉਂ ਧਰਮਾਂ ਵਾਲੇ,
ਗੂੰਗੇ ਬੋਲੇ ਹੋ ਗਏ ਸਾਰੇ, ਨੱਕ ਨਮੂਜਾਂ ਸ਼ਰਮਾਂ ਵਾਲੇ।
ਬਿਨ ਡੋਲੀ ਤੋਂ ਧਰਮੀ ਮਾਪਿਆਂ, ਕਿੱਧਰ ਨੂੰ ਧੀ ਤੋਰੀ।
ਨੀ ਇੱਕ ਲੋਰੀ ਦੇ ਦੇ ....।

ਸੁੱਤਿਆਂ ਲਈ ਸੌ ਯਤਨ ਵਸੀਲੇ, ਜਾਗਦਿਆਂ ਨੂੰ ਕਿਵੇਂ ਜਗਾਵਾਂ?
ਰੱਖੜੀ ਦੀ ਤੰਦ ਖ਼ਤਰੇ ਵਿੱਚ ਹੈ, ਚੁੱਪ ਨੇ ਕੁੱਲ ਧਰਤੀ ਦੀਆਂ ਮਾਵਾਂ।
ਅੰਮੜੀਏ! ਮੈਨੂੰ ਗੁੜ੍ਹਤੀ ਦੀ ਥਾਂ, ਦੇਹ ਨਾ ਜ਼ਹਿਰ-ਕਟੋਰੀ,
ਨੀ ਇੱਕ ਲੋਰੀ ਦੇ ਦੇ ....।



- ਪ੍ਰੋ: ਗੁਰਭਜਨ ਸਿੰਘ ਗਿੱਲ
gurbhajansinghgill@gmail.com





ਗ਼ਜ਼ਲ

ਗੁਰਭਜਨ ਗਿੱਲ

ਆ ਜਾਂਦੇ ਨੇ ਤੁਰ ਜਾਂਦੇ ਨੇ, ਦੁੱਖ ਸੁਖ ਤਾਂ ਮਹਿਮਾਨ ਜਹੇ ਨੇ।
ਰੂਹ ਵਿੱਚ ਸੁਪਨੇ ਕਰਨ ਕਲੋਲਾਂ, ਉਹ ਤਾਂ ਮੇਰੀ ਜਾਨ ਜਹੇ ਨੇ।

ਸਿਰ ਤੇ ਨੀਲਾ ਅੰਬਰ ਫਿਰ ਵੀ, ਪਾਉਂਦੇ ਹੇਕਾਂ ਦਿਨ ਤੇ ਰਾਤਾਂ,
ਮੇਰੇ ਪਿੰਡ ਦੇ ਸਰਥ ਨਿਵਾਸੀ, ਨਿਰਧਨ ਵੀ ਧਨਵਾਨ ਜਹੇ ਨੇ।

ਉਹ ਪਲ ਮੇਰੀ ਰੂਹ ਦੀ ਪੂੰਜੀ, ਜੋ ਖ਼ੁਸ਼ਬੋਈਆਂ ਵਹਣ ਕੇ ਆਉਂਦੇ,
ਸੱਚ ਪੁੱਛੋਂ ਜੋ ਫੇਰ ਦੋਬਾਰਾ, ਉਹ ਤੇਰੀ ਮੁਸਕਾਨ ਜਹੇ ਨੇ।

ਸਿਦਕ ਸਬੂਰੀ ਰੂਹ ਦਾ ਗਹਿਣਾ, ਸਦਾ ਜਗਾ ਕੇ ਰੱਖਦੇ ਮੈਨੂੰ,
ਵਿਚਲੀ ਗੱਲ ਤਾਂ ਕੇਵਲ ਏਨੀ, ਇਹ ਮਨ ਦੇ ਦਰਬਾਨ ਜਹੇ ਨੇ।

ਮਾਂ ਦੀ ਧੁੱਕਲ ਅੰਦਰ ਬੈਠੇ, ਬਾਪ ਅਸ਼ੀਂ ਰਿਹਲ ਹੱਸਦੇ,
ਰੂਹ ਦਾ ਚੰਬਾ ਖੇੜ੍ਹਨ ਖ਼ਾਤਰ, ਬਿਨ ਮੰਗੇ ਵਰਦਾਨ ਜਹੇ ਨੇ।

ਮਨ ਮਸਤਕ ਦੀ ਚਾਰ ਦੀਵਾਰੀ, ਅੰਦਰ ਧਰ਼ਦੀ ਜੋਤ ਨਿਰੰਤਰ,
ਤੇਰੇ ਬੋਲ ਮੁਹੱਬਤ ਵਾਲੇ, ਮੇਰੇ ਲਈ ਭਗਵਾਨ ਜਹੇ ਨੇ।

ਪਿਆਰ ਵਿਹੂਣੇ ਅੰਦਰੋਂ ਸੱਖਣੇ, ਅਗਨ ਅੰਗੀਠੀ ਧਾਰ਼ੀ ਰੱਖਣ,
ਕੀ ਪੁੱਛਦੇ ਹੋ ਇਨ੍ਹਾਂ ਧਾਰੇ, ਤਨ ਮਨ ਕਬਰਿਸਤਾਨ ਜਹੇ ਨੇ।
🌘 ਸੰਪਰਕ: 98726 31199

ਗ਼ਜ਼ਲ

• ਗੁਰਭਜਨ ਗਿੱਲ

ਖ਼ੀਲ ਦੇ ਪਾਈ 'ਚ ਚਿਹਰਾ ਆਪਣਾ ਕੀ ਵੇਖਿਆ।
ਆਦਮੀ ਹੈਂ, ਰੀਸ ਕਰ, ਧਿਰ ਬੋਲਿਆਂ ਉਸ ਆਖਿਆ।

ਰੌਸ਼ਨੀ ਤੋਂ ਵੀ ਕਿਤੇ ਸੀ ਪਾਰਦਰਸ਼ੀ ਨੀਰ ਸਾਫ਼,
ਵੇਖਿਆ ਇਕ ਵਾਰ ਤਾਂ ਧੱਸ, ਧੱਸ ਵੇਖਦਾ ਹੀ ਰਹਿ ਗਿਆ।

ਸੰਮ ਸਾਂਦੀ ਹਾਂ ਸਿਆਸਾਂ ਵਿੱਚ ਮੈਂ ਵੀ ਥਰ੍ਹ ਥਣ,
ਤੂੰ ਸਦੋਂ ਆਉਂਦਾ ਨਹੀਂ, ਨਜ਼ਦੀਕ ਮੇਰੇ ਉਸ ਕਿਹਾ।

ਮੇਰੇ ਕੰਢੇ ਟੁੱਟ ਪੂਟੇ, ਵਗ ਰਹੀ ਰਿਵਸ਼ ਸਮੀਰ,
ਮੇਰੀ ਰੂਹ ਦੇ ਗੀਤ ਨੂੰ ਧੂਰਿਮੰਡ ਸਾਰਾ ਗਾ ਰਿਹਾ।

ਹੋਰ ਲੋਕਾਂ ਵਾਸਤੇ ਮੈਂ ਸਿਰਫ਼ ਰੱਤਰੀ ਖ਼ੀਲ ਹਾਂ,
ਮੈਂ ਤੇਰੀ ਕਵਿਤਾ, ਗ਼ਜ਼ਲ ਸਾਂ ਗੀਤ ਲਿਖ ਲੈ ਭੋਲਿਆ।

ਤੂੰ ਤਾਂ ਮਸ਼ ਦੀ ਲਹਿਰ ਵਾਂਗੂੰ ਅੰਗ ਸੰਗ ਮੇਰੇ ਸਦਾ,
ਲਿਖ ਸਕੇਂ ਤਾਂ ਉਹ ਸੁਖ਼ਨ ਲਿਖ, ਜੋ ਅਸੇ ਹੈ ਅਣਕਿਹਾ।

ਮੇਰੇ ਪਿੱਛੇ, ਬਹੁਤ ਪਿੱਛੇ, ਥਰ੍ਹ ਦੇ ਅਣਮੁੱਕ ਪਹਾੜ,
ਦਰਦ ਉਨ੍ਹਾਂ ਦਾ ਮੇਰੇ ਸਾਹੀਂ ਨਿਰੰਤਰ ਘੁਲ਼ ਰਿਹਾ।

ਫੇਰ ਨੂਰੋ ਨੂਰ ਸੀ, ਮਖ਼ਮੂਰ ਸੀ, ਦਿਲ ਤੇ ਥਦਨ,
ਬੋਲਿਆਂ ਧਿਰ ਜਦ ਸੁਣਾਈ ਓਸ ਪੂਰੀ ਵਾਰਤਾ।

ਜਦ ਮੁਹੱਬਤ ਨਾਲ ਉਸ ਨੇ ਨਜ਼ਰ ਭਰ ਕੇ ਵੇਖਿਆ,
ਓਸ ਪਿੱਛੋਂ ਯਾਦ ਨਹੀਂ, ਮੈਨੂੰ ਕਿ ਉਸ ਨੇ ਕੀਹ ਕਿਹਾ?

ਗੀਤ

ਗੁਰਭਜਸਨ ਗਿੱਲ

ਆ ਤੂੰ ਹੀ ਦੀਵਾ ਧਰ ਜਾ ਨੀ, ਮੇਰੇ ਦਿਲ ਦੇ ਉਦਾਸ ਥਨੇਰੇ ਤੇ।
ਸਭ ਦੁਨੀਆਂ ਫੈਰੀ ਹੋ ਗਈ ਏ, ਇੱਕ ਆਸ ਥਚੀ ਹੁਣ ਤੇਰੇ ਤੇ।

ਸੱਜਣਾਂ ਦੀਆਂ ਨਜ਼ਰਾਂ ਥਦਲ ਗਈਆਂ, ਦਸਤਾਨੇ ਪਾ ਪਾ ਮਿਲਦੇ ਨੇ।
ਚੋਭਾਂ ਦੇ ਨਸ਼ਤਰ ਲਾਉਂਦੇ ਨੇ, ਕਿੱਦਾਂ ਦੇ ਮਰਿਹਮ ਦਿਲ ਦੇ ਨੇ।
ਵਿਸ਼ਵਾਸ ਰਿਹਾ ਨਾ ਕਿਣਕਾ ਵੀ, ਸੱਜਣਾਂ ਦੇ ਚਾਰ ਚੁਫ਼ੇਰੇ ਤੇ।

ਵਣਜਾਂ ਨੇ ਦੁਨੀਆਂ ਖਾ ਲਈ ਏ, ਅੱਖੀਆਂ ਵਿੱਚ ਪਰਿਆ ਪਿਆਰ ਨਹੀਂ।
ਸਭ ਗਿਣਤੀ ਮਿਣਤੀ ਕਰਦੇ ਨੇ, ਇੱਕ ਦੂਜੇ ਤੇ ਇਤਬਾਰ ਨਹੀਂ।
ਇਹ ਦਿਲ ਚੰਦਰਾ ਵੀ ਕਰਦਾ ਨਹੀਂ, ਵਿਸ਼ਵਾਸ ਕਦੀ ਹੁਣ ਮੇਰੇ ਤੇ।

ਰਾਤਾਂ ਦੀ ਕਾਲੀ ਨਾਗਣ ਵੀ, ਰਹਿ ਰਹਿ ਕੇ ਮੈਨੂੰ ਡੰਗਦੀ ਏ।
ਕਿਉਂ ਜਾਗ ਰਿਹਾਂ ਇਹ ਕਹਿੰਦੀ ਏ ਤੇ ਘੂਰ ਸਿਗਰ ਦਾ ਮੰਗਦੀ ਏ।
ਹੁਣ ਜਾਗਾਂ ਕਿ ਮੈਂ ਸੌਂ ਜਾਵਾਂ, ਇਹ ਛੱਡਿਆ ਫ਼ੈਸਲਾ ਤੇਰੇ ਤੇ।

ਅਕਸਾਂ ਦੀ ਦੇਵੀ ਸਰਸਵਤੀ, ਪੈਸੇ ਦੀ ਪੱਛਮੀ ਕਹਿੰਦੇ ਨੇ।
ਮਾਂ ਸ਼ਕਤੀ ਦੁਰਗਾ ਵਰਗੀ ਨੂੰ, ਇਹ ਕੁੱਖ 'ਚ ਮਾਰਦੇ ਰਹਿੰਦੇ ਨੇ।
ਦਿਲ ਦੀਵੀਂ ਕਾਲੇ ਕਰਦੇ ਨੇ ਪਰ ਪਾਉਂਦੇ ਦੋਸ਼ ਹਨ੍ਹੇਰੇ ਤੇ।

ਹੁਣ ਤੂੰ ਹੀ ਦੀਵਾ ਧਰ ਜਾ ਨੀ, ਮੇਰੇ ਦਿਲ ਦੇ ਉਦਾਸ ਥਨੇਰੇ ਤੇ
ਸਭ ਦੁਨੀਆਂ ਫੈਰੀ ਹੋ ਗਈ ਨੀ, ਇਕ ਆਸ ਥਚੀ ਏ ਤੇਰੇ ਤੇ।



ਗ਼ਜ਼ਲ

ਗੁਰਭਜਨ ਗਿੱਲ

ਗਜ਼ ਗਜ਼ ਟੀਕ ਗ਼ਮਾਂ ਦਾ ਪਹਿਰਾ ਬੇਗ਼ਮ ਪੁਰਾ ਸ਼ਹਿਰ ਨਹੀਂ ਵੱਸਿਆ।
ਹੇ ਰਵੀਦਾਸ ਪਿਆਰੇ ਪੁਰਖ਼ੇ, ਸੱਚੋ ਸੱਚ ਮੈਂ ਤੈਨੂੰ ਦੱਸਿਆ।

ਸ਼ਬਦ ਗੁਰੂ ਸਤਿਕਾਰਨ ਦੀ ਥਾਂ ਪ੍ਰਸਾਦਾਂ ਹੋ ਗਏ ਕਾਬਜ਼,
ਤਾਂਹੀਓਂ ਸ਼ਬਦ ਮੁਕਤੀਆਂਦਾਤਾ ਸਾਡੇ ਮਨ ਮੰਦਰ ਨਹੀਂ ਵੱਸਿਆ।


ਆਪ ਕਬੀਰ ਨੂੰ ਮੈਂ ਖ਼ੁਦ ਪੁੱਛਿਆ ਉਨਲੀ ਤਾਈ ਕਿੰਜ ਸੁਨਲੇਗੀ,
ਓਸ ਕਿਹਾ ਕਿ ਤੋੜ ਜ਼ੰਜੀਰਾਂ, ਭਰਮ -ਜਾਲ ਦੀ ਕਾਨ੍ਹੀ ਮੱਸਿਆ।

ਨਾਮਦੇਵ ਦੀ ਛਪਰੀ ਅੱਜ ਵੀ, ਘਿਰੀ ਪਈ ਹੈ ਫ਼ਿਕਰਾਂ ਅੰਦਰ,
ਕਿਰਮਿਚ ਕਈਆਂ ਅੱਥਰੂ ਕਿਰਦੇ, ਦਰਦ ਸਦੀਵੀ ਮੀਂਹ ਧਰ ਵੱਸਿਆ।

ਮਰਦਾਨੇ ਦੀ ਦਰਦ ਕਹਾਣੀ ਪੁੱਛੋ ਨਾ ਧੱਸ ਰਹਿਣ ਦਿਓ ਜੀ,
ਸੁਰ ਤੇ ਰਾਗ ਰਬਾਬ ਦੋਹਾਂ ਨੂੰ ਗੁਰਬਤ ਸ਼ਹਿਰੀ ਨਾਗਣ ਡੱਸਿਆ।

ਗਿਆਨ ਦੇ ਗ਼ਾਰ ਵਿੱਚ ਰੱਸਾ ਪਾ ਕੇ ਆਪਣੇ ਵੱਲ ਨੂੰ ਖਿੱਚੀ ਜਾਂਦੇ,
ਵੇਖ ਲਵੋ ਕਿੰਜ ਧੋਹਿਆਂ ਰਲ ਕੇ ਧੌਣ ਦੁਆਲੇ ਕਿੰਨਾ ਕੱਸਿਆ।

ਸਰਬਕਾਲ ਪਰਮੇਸ਼ਰ ਪੋਥੀ, ਸ਼ਬਦ ਗੁਰੂ ਸਰਧੱਤ ਦੀ ਖ਼ਾਤਰ,
ਨਿਰਭਉ ਤੇ ਨਿਰਵੈਰ ਨੇ ਕੱਢਣਾ, ਸਿਹਾੜੀ ਮੈਂ ਦਸਦਸ ਵਿੱਚ ਧੱਸਿਆ।



ਗ਼ਜ਼ਲ

ਗੁਰਭਜਨ ਗਿੱਲ

ਵਕਤ ਮੇਰੇ ਨਾਲ ਟੱਕਰ ਕਿਸ ਤਰ੍ਹਾਂ ਦੀ ਕਰ ਗਿਆ।
